सत्यमेव जयते

# ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ
# ਦੀ ਰਿਪੋਰਟ
# 31 ਮਾਰਚ 2020 ਨੂੰ ਸਮਾਪਤ ਹੋਏ ਸਾਲ ਲਈ

लोकहितार्थ सत्यनिष्ठा

Dedicated to Truth in Public Interest

## ਪੰਜਾਬ ਸਰਕਾਰ

ਸਾਲ 2021 ਦੀ ਰਿਪੋਰਟ ਨੰ. 5

## ਰਾਜ ਦੇ ਸਾਰਵਜਨਿਕ ਖੇਤਰ ਦੇ ਅਦਾਰਿਆਂ ਦੀ
## ਜਨਰਲ ਪਰਪਜ਼ ਫਾਈਨੈਂਸ਼ਿਅਲ ਰਿਪੋਰਟ

# ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ

# ਦੀ ਰਿਪੋਰਟ

## 31 ਮਾਰਚ 2020 ਨੂੰ ਸਮਾਪਤ ਹੋਏ ਸਾਲ ਲਈ

**ਪੰਜਾਬ ਸਰਕਾਰ**

**ਸਾਲ 2021 ਦੀ ਰਿਪੋਰਟ ਨੰ. 5**

**ਰਾਜ ਦੇ ਸਾਰਵਜਨਿਕ ਖੇਤਰ ਦੇ ਅਦਾਰਿਆਂ ਦੀ**

**ਜਨਰਲ ਪਰਪਜ਼ ਫਾਈਨੈਂਸ਼ਿਅਲ ਰਿਪੋਰਟ**

# ਵਿਸ਼ਾ ਸਾਰਣੀ


| ਵੇਰਵੇ | ਦੇ ਹਵਾਲੇ ਵਿੱਚ | |
|---|---|---|
| | ਪੈਰ੍ਹਾ | ਪੰਨਾ ਨੰ. |
| ਮੁੱਖ-ਬੰਧ | | vii |
| ਕਾਰਜਕਾਰੀ ਸੰਖੇਪ | | ix - xiii |
| **ਭੂਮਿਕਾ** | | |
| ਰਿਪੋਰਟ ਦਾ ਉਦੇਸ਼ | 1 | 1 - 2 |
| ਜਵਾਬਦੇਹੀ ਢਾਂਚਾ | 2 - 3 | 2 - 3 |
| ਐਸ ਪੀ ਐਸ ਈਜ਼ ਦੁਆਰਾ ਲੇਖਿਆਂ ਨੂੰ ਪੇਸ਼ ਕਰਨਾ | 4 - 5 | 3 - 4 |
| ਪੰਜਾਬ ਸਰਕਾਰ ਦੁਆਰਾ ਰਾਜ ਦੇ ਸਾਰਵਜਨਿਕ ਖੇਤਰ ਦੇ ਅਦਾਰਿਆਂ ਵਿੱਚ ਨਿਵੇਸ਼ | 6 - 7 | 5 - 6 |
| **ਅਧਿਆਇ-I<br>ਰਾਜ ਦੇ ਸਾਰਵਜਨਿਕ ਖੇਤਰ ਦੇ ਅਦਾਰਿਆਂ ਦੀ ਵਿੱਤੀ ਕਾਰਗੁਜ਼ਾਰੀ<br>(ਊਰਜਾ ਖੇਤਰ)** | | |
| ਭੂਮਿਕਾ | 1.1 | 7 - 9 |
| ਰਾਜ ਵਿਚ ਊਰਜਾ ਦੀ ਮੰਗ, ਉਪਲੱਬਧਤਾ ਅਤੇ ਸਪਲਾਈ ਸਥਿਤੀ | 1.2 | 9 - 10 |
| ਐਸ ਪੀ ਐਸ ਈਜ਼ ਵਿੱਚ ਨਿਵੇਸ਼ | 1.3 | 10 - 13 |
| ਐਸ ਪੀ ਐਸ ਈਜ਼ ਵਿੱਚ ਨਿਵੇਸ਼ ਤੇ ਆਮਦਨ | 1.4 | 13 - 16 |
| ਊਰਜਾ ਖੇਤਰ ਐਸ ਪੀ ਐਸ ਈਜ਼ ਦੀ ਸੰਚਾਲਣ ਕੁਸ਼ਲਤਾ | 1.5 | 16 - 19 |
| ਹਾਨੀ ਉਠਾਉਣ ਵਾਲੇ ਊਰਜਾ ਖੇਤਰ ਐਸ ਪੀ ਐਸ ਈਜ਼ | 1.6 | 19 - 20 |
| ਉਦੈ ਸਕੀਮ ਨੂੰ ਲਾਗੂ ਕਰਨਾ | 1.7 | 20 - 22 |
| **ਅਧਿਆਇ-II<br>ਰਾਜ ਦੇ ਸਾਰਵਜਨਿਕ ਖੇਤਰ ਦੇ ਅਦਾਰਿਆਂ ਦੀ ਵਿੱਤੀ ਕਾਰਗੁਜ਼ਾਰੀ<br>(ਊਰਜਾ ਖੇਤਰ ਤੋਂ ਇਲਾਵਾ)** | | |
| ਭੂਮਿਕਾ | 2.1 | 23 - 26 |
| ਐਸ ਪੀ ਐਸ ਈਜ਼ ਵਿੱਚ ਨਿਵੇਸ਼ | 2.2 | 26 - 32 |
| ਐਸ ਪੀ ਐਸ ਈਜ਼ ਵਿੱਚ ਨਿਵੇਸ਼ ਤੇ ਆਮਦਨ | 2.3 | 32 - 36 |
| ਐਸ ਪੀ ਐਸ ਈਜ਼ ਦੀ ਸੰਚਾਲਣ ਕੁਸ਼ਲਤਾ | 2.4 | 36 - 39 |
| ਹਾਨੀ ਉਠਾਉਣ ਵਾਲੇ ਊਰਜਾ ਖੇਤਰ ਐਸ ਪੀ ਐਸ ਈਜ਼ | 2.5 | 40 |
| **ਅਧਿਆਇ-III<br>ਸੀ ਏ ਜੀ ਦੀ ਨਿਗਰਾਨੀ ਭੂਮਿਕਾ** | | |
| ਰਾਜ ਸਾਰਵਜਨਿਕ ਖੇਤਰ ਦੇ ਅਦਾਰਿਆਂ (ਐਸ ਪੀ ਐਸ ਈਜ਼) ਦੀ ਲੇਖਾ ਪ੍ਰੀਖਿਆ | 3.1 | 41 |
| ਸੀ ਏ ਜੀ ਦੁਆਰਾ ਐਸ ਪੀ ਐਸ ਈਜ਼ ਦੇ ਅਧਿਨਿਯਮਿਕ ਲੇਖਾ ਪਰੀਖਕਾਂ ਦੀ ਨਿਯੁਕਤੀ | 3.2 | 41 |

| | | |
|---|---|---|
| ਐਸ ਪੀ ਐਸ ਈਜ਼ ਦੁਆਰਾ ਲੇਖਿਆਂ ਨੂੰ ਪੇਸ਼ ਕਰਨਾ | 3.3 | 41 - 44 |
| ਸੀ ਏ ਜੀ ਦੀ ਨਿਗਰਾਨੀ- ਲੇਖਿਆਂ ਦੀ ਲੇਖਾ ਪ੍ਰੀਖਿਆ ਅਤੇ ਪੂਰਕ ਲੇਖਾ ਪ੍ਰੀਖਿਆ | 3.4 | 44 - 45 |
| ਸੀ ਏ ਜੀ ਦੀ ਨਿਗਰਾਨੀ ਭੂਮਿਕਾ ਦੇ ਨਤੀਜੇ | 3.5 | 45 - 47 |
| ਲੇਖਾ ਮਿਆਰਾਂ/ਇੰਡ ਏ ਐਸ ਦੇ ਉਪਬੰਧਾਂ ਦੀ ਪਾਲਣਾ ਨਾ ਕਰਨਾ | 3.6 | 47 - 48 |
| ਪ੍ਰਬੰਧਨ ਪੱਤਰ | 3.7 | 48 |
| **ਅਧਿਆਇ–IV**<br>**ਕਾਰਪੋਰੇਟ ਪ੍ਰਸ਼ਾਸਨ** | | |
| ਭੂਮਿਕਾ | 4.1 | 49 - 51 |
| ਬੋਰਡ ਆਫ ਡਾਇਰੈਕਟਜ਼ ਦੀ ਬਣਤਰ | 4.2 | 51 - 53 |
| ਸੁਤੰਤਰ ਨਿਰਦੇਸ਼ਕਾਂ ਦੀ ਨਿਯੁਕਤੀ ਅਤੇ ਕੰਮਕਾਜ | 4.3 | 53 - 58 |
| ਨਿਰਦੇਸ਼ਕਾਂ ਅਤੇ ਕੰਪਨੀ ਸਕੱਤਰ ਦੇ ਪਦਾਂ ਦੀ ਭਰਤੀ | 4.4 | 58 - 59 |
| ਲੇਖਾ ਪ੍ਰੀਖਿਆ ਕਮੇਟੀ | 4.5 | 59 - 62 |
| ਹੋਰ ਕਮੇਟੀਆਂ | 4.6 | 62 - 64 |
| ਵਿਸਲ ਬਲੋਅਰ ਮਕੈਨੀਜ਼ਮ | 4.7 | 64 |
| ਅੰਦਰੂਨੀ ਲੇਖਾ ਪ੍ਰੀਖਿਆ ਢਾਂਚਾ | 4.8 | 65 - 66 |
| ਸਿੱਟਾ | 4.9 | 66 |
| ਸਿਫਾਰਸ਼ਾਂ | 4.10 | 67 |
| **ਅਧਿਆਇ–V**<br>**ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ** | | |
| ਭੂਮਿਕਾ | 5.1 | 69 - 70 |
| ਲੇਖਾ ਪ੍ਰੀਖਿਆ ਦਾ ਉਦੇਸ਼ | 5.2 | 70 |
| ਲੇਖਾ ਪ੍ਰੀਖਿਆ ਦਾ ਦਾਇਰਾ ਅਤੇ ਕਵਰੇਜ਼ | 5.3 | 70 - 71 |
| ਲੇਖਾ ਪ੍ਰੀਖਿਆ ਦੇ ਮਾਪਦੰਡ | 5.4 | 71 |
| ਲੇਖਾ ਪ੍ਰੀਖਿਆ ਦੀ ਲੱਭਤਾਂ | 5.5 | 71 |
| ਯੋਜਨਾਬੰਦੀ | 5.6 | 71 - 74 |
| ਵਿੱਤੀ ਭਾਗ | 5.7 | 74 - 79 |
| ਪ੍ਰੋਜੈਕਟਾਂ ਨੂੰ ਲਾਗੂ ਕਰਨਾ | 5.8 | 79 - 81 |
| ਨਿਗਰਾਨੀ ਢਾਂਚਾ | 5.9 | 81 - 82 |
| ਸਿੱਟਾ | 5.10 | 83 |
| **ਅਧਿਆਇ–VI**<br>**ਰਾਜ ਸਾਰਵਜਨਿਕ ਖੇਤਰ ਦੇ ਅਦਾਰਿਆਂ (ਐਸ ਪੀ ਐਸ ਈਜ਼) ਵਿੱਚ (ਪੜਾਅ–I ਅਤੇ II ਦੇ ਅਧੀਨ) ਭਾਰਤੀ ਲੇਖਾ ਮਿਆਰਾਂ ਨੂੰ ਲਾਗੂ ਕਰਨ ਦਾ ਪ੍ਰਭਾਵ** | | |
| ਭੂਮਿਕਾ | 6.1 | 85 |
| ਇੰਡ ਏ ਐਸ ਦਾ ਲਾਗੂਕਰਨ | 6.2 | 85 - 86 |
| ਲੇਖਾ ਪ੍ਰੀਖਿਆ ਦਾ ਉਦੇਸ਼ | 6.3 | 86 |
| ਲੇਖਾ ਪ੍ਰੀਖਿਆ ਦਾ ਦਾਇਰਾ | 6.4 | 87 |

| | | |
|---|---|---|
| ਲੇਖਾ ਪ੍ਰੀਖਿਆ ਦੀ ਵਿਧੀ | 6.5 | 87 |
| ਇੰਡ ਏ ਐਸ ਨੂੰ ਅਪਣਾਉਣ ਦੀ ਸਥਿਤੀ | 6.6 | 87 - 88 |
| ਇੰਡ ਏ ਐਸ ਨੂੰ ਪਹਿਲੀ ਵਾਰ ਅਪਣਾਉਣ ਦੀ ਸਮੀਖਿਆ | 6.7 | 88 - 89 |
| ਚੁਣੇ ਪ੍ਰਮੁੱਖ ਖੇਤਰਾਂ ਤੇ ਇੰਡ ਏ ਐਸ ਦੇ ਲਾਗੂਕਰਨ ਦਾ ਪ੍ਰਭਾਵ | 6.8 | 90 - 95 |
| ਸਿੱਟਾ | 6.9 | 95 |



## ਅਨੁਲੱਗ



| ਅਨੁਲੱਗ ਨੰ. | ਵੇਰਵੇ | ਦੇ ਹਵਾਲੇ ਵਿੱਚ | |
|---|---|---|---|
| | | ਪੈਰ੍ਹਾ | ਪੰਨਾ ਨੰ. |
| 1. | ਊਰਜਾ ਖੇਤਰ ਦੀ ਐਸ ਪੀ ਐਸ ਈਜ਼ ਦੇ ਅੰਤਿਮ ਰੂਪ ਦਿੱਤੇ ਗਏ ਨਵੀਨਤਮ ਸਾਲ ਦੇ ਲੇਖਿਆਂ ਦੇ ਸੰਖੇਪ ਵਿੱਤੀ ਸਿੱਟੇ ਨੂੰ ਦਰਸਾਉਂਦਾ ਵਿਵਰਣ | 1.1 ਅਤੇ 1.4.3 | 97 |
| 2. | ਊਰਜਾ ਖੇਤਰ ਦੇ ਦੋ ਐਸ ਪੀ ਐਸ ਈਜ਼ ਵਿੱਚ ਸਥਾਪਨਾ ਤੋਂ 31 ਮਾਰਚ 2020 ਤੱਕ ਰਾਜ ਸਰਕਾਰ ਦੁਆਰਾ ਲਗਾਏ ਗਏ ਫੰਡਾਂ ਨੂੰ ਦਰਸਾਉਂਦਾ ਵਿਵਰਣ | 1.5.3 | 98 |
| 3. | 2019-20 ਦੌਰਾਨ ਸੀ ਏ ਜੀ ਲੇਖਾ ਪ੍ਰੀਖਿਆ ਦੇ ਦਾਇਰੇ ਅਧੀਨ ਊਰਜਾ ਖੇਤਰ ਤੋਂ ਇਲਾਵਾ ਐਸ ਪੀ ਐਸ ਈਜ਼, ਅਧਿਨਿਯਮਿਕ ਕਾਰਪੋਰੇਸ਼ਨਾਂ ਅਤੇ ਸਰਕਾਰ ਦੁਆਰਾ ਨਿਯੰਤਰਿਤ ਹੋਰ ਕੰਪਨੀਆਂ ਦੇ ਵੇਰਵੇ ਨੂੰ ਦਰਸਾਉਂਦਾ ਵਿਵਰਣ | 2.1 | 99 - 100 |
| 4. | ਊਰਜਾ ਖੇਤਰ ਤੋਂ ਇਲਾਵਾ ਐਸ ਪੀ ਐਸ ਈਜ਼ ਦੇ ਅੰਤਿਮ ਰੂਪ ਦਿੱਤੇ ਗਏ ਨਵੀਨਤਮ ਲੇਖਿਆਂ ਅਨੁਸਾਰ ਸੰਖੇਪ ਵਿੱਤੀ ਸਿੱਟੇ ਨੂੰ ਦਰਸਾਉਂਦਾ ਵਿਵਰਣ | 2.1, 2.3.1 ਅਤੇ 2.3.2 | 101 - 103 |
| 5. | 31 ਮਾਰਚ 2020 ਨੂੰ ਊਰਜਾ ਖੇਤਰ ਤੋਂ ਇਲਾਵਾ ਐਸ ਪੀ ਐਸ ਈਜ਼ ਨਾਲ ਸੰਬੰਧਿਤ ਇਕਵਟੀ ਅਤੇ ਬਕਾਇਆ ਕਰਜ਼ਿਆਂ ਦੀ ਸਥਿਤੀ ਨੂੰ ਦਰਸਾਉਂਦਾ ਵਿਵਰਣ | 2.2 | 104 - 107 |
| 6. | ਊਰਜਾ ਖੇਤਰ ਤੋਂ ਇਲਾਵਾ ਐਸ ਪੀ ਐਸ ਈਜ਼ ਵਿੱਚ 2010-11 ਤੋਂ 2019-20 ਦੇ ਸਮੇਂ ਦੌਰਾਨ ਰਾਜ ਸਰਕਾਰ ਵਲੋਂ ਲਗਾਏ ਗਏ ਫੰਡਾਂ ਨੂੰ ਦਰਸਾਉਂਦਾ ਵਿਵਰਣ | 2.4.3 | 108 - 110 |

| | | | |
|---|---|---|---|
| 7. | ਸਰਕਾਰੀ ਕੰਪਨੀਆਂ ਅਤੇ ਕਾਰਪੋਰੇਸ਼ਨਾਂ ਜਿੱਥੇ ਲੇਖੇ ਬਕਾਏ ਸਨ ਜਾਂ ਲਿਕਵਡੇਸ਼ਨ ਅਧੀਨ ਸਨ ਨੂੰ ਦਰਸਾਉਂਦਾ ਵਿਵਰਣ | 3.3.2 ਅਤੇ 3.3.3 | 111 - 112 |
| 8. | ਐਸ ਪੀ ਐਸ ਈਜ਼ ਦੇ ਲੇਖਿਆਂ ਦੀ ਸਥਿਤੀ ਅਤੇ ਇਸ ਉੱਤੇ ਸੀ ਏ ਜੀ ਦੀਆਂ ਟਿੱਪਣੀਆਂ ਦੀ ਸਥਿਤੀ ਨੂੰ ਦਰਸਾਉਂਦਾ ਵਿਵਰਣ | 3.5.2 ਅਤੇ 3.7 | 113 |
| 9. | ਕੰਪਨੀਆਂ ਦਾ ਵੇਰਵਾ ਜਿੱਥੇ ਅਧਿਨਿਯਮਿਕ ਲੇਖਾ ਪਰੀਖਕਾਂ ਦੁਆਰਾ ਲੇਖਾ ਮਿਆਰਾਂ ਦੀ ਪਾਲਣਾ ਨਹੀ ਹੋਣ ਦੀ ਰਿਪੋਰਟ ਕਿਤੀ ਗਈ | 3.6 | 114 |
| 10. | ਅਧਿਆਇ–IV ਵਿੱਚ ਸ਼ਾਮਲ ਕੀਤੀਆਂ ਐਸ ਪੀ ਐਸ ਈਜ਼ ਨੂੰ ਦਰਸਾਉਂਦਾ ਵਿਵਰਣ | 4.1.4 | 115 - 116 |
| 11. | ਐਸ ਪੀ ਐਸ ਈਜ਼ ਜਿੱਥੇ ਸੁਤੰਤਰ ਨਿਰਦੇਸ਼ਕ, ਲੇਖਾ ਪ੍ਰੀਖਿਆ ਕਮੇਟੀ ਅਤੇ ਨਾਮਜ਼ਦਗੀ ਅਤੇ ਮਿਹਨਤਾਨਾ ਕਮੇਟੀ ਦਾ ਮਾਪਦੰਡ ਲਾਗੂ ਹੰਦਾ ਹੈ ਨੂੰ ਦਰਸਾਉਂਦਾ ਵਿਵਰਣ | 4.2.1, 4.5.1 ਅਤੇ 4.6.1 | 117 |
| 12. | ਐਸ ਪੀ ਐਸ ਈਜ਼ ਜਿੱਥੇ ਮਹਿਲਾ ਨਿਰਦੇਸ਼ਕ ਦਾ ਮਾਪਦੰਡ ਲਾਗੂ ਹੁੰਦਾ ਹੈ ਨੂੰ ਦਰਸਾਉਂਦਾ ਵਿਵਰਣ | 4.2.2 | 118 |
| 13. | ਐਸ ਪੀ ਐਸ ਈਜ਼ ਜਿੱਥੇ ਵਿਸਲ ਬਲੋਅਰ ਮਕੈਨੀਜ਼ਮ ਦਾ ਮਾਪਦੰਡ ਲਾਗੂ ਹੁੰਦਾ ਹੈ ਨੂੰ ਦਰਸਾਉਂਦਾ ਵਿਵਰਣ | 4.7 | 119 |
| 14. | ਐਸ ਪੀ ਐਸ ਈਜ਼ ਜਿੱਥੇ ਅੰਦਰੂਨੀ ਲੇਖਾ ਪ੍ਰੀਖਿਆ ਦਾ ਮਾਪਦੰਡ ਲਾਗੂ ਹੰਦਾ ਹੈ ਨੂੰ ਦਰਸਾਉਂਦਾ ਵਿਵਰਣ | 4.8.3 | 120 |
| 15. | ਐਸ ਪੀ ਐਸ ਈਜ਼ ਜਿਨ੍ਹਾਂ ਤੇ ਇੰਡ ਏ ਐਸ ਲਾਗੂ ਹੁੰਦਾ ਹੈ ਨੂੰ ਦਰਸਾਉਂਦਾ ਵਿਵਰਣ | 6.4 | 121 - 122 |

## ਮੁੱਖ-ਬੰਧ

ਸਰਕਾਰੀ ਕੰਪਨੀਆਂ ਦੇ ਲੇਖਿਆਂ ਦੀ ਲੇਖਾ ਪੜਤਾਲ ਕੰਪਨੀਜ਼ ਐਕਟ, 2013 ਦੀ ਧਾਰਾ 143 (5) ਤੋਂ 143 (7) ਦੇ ਪ੍ਰਾਵਧਾਨਾਂ ਅਧੀਨ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ (ਸੀ ਏ ਜੀ) ਦੁਆਰਾ ਕੀਤੀ ਜਾਂਦੀ ਹੈ। ਸੀ ਏ ਜੀ ਦੁਆਰਾ ਨਿਯੁਕਤ ਅਧਿਨਿਯਮਿਕ ਲੇਖਾ ਪਰੀਖਕਾਂ (ਚਾਰਟਰਡ ਅਕਾਊਂਟੈਂਟਸ) ਅਜਿਹੀਆਂ ਕੰਪਨੀਆਂ ਦੇ ਲੇਖਿਆਂ ਦੀ ਤਸਦੀਕ ਕਰਦੇ ਹਨ ਜੋ ਸੀ ਏ ਜੀ ਦੁਆਰਾ ਪੂਰਕ ਲੇਖਾ ਪ੍ਰੀਖਿਆ ਅਧੀਨ ਆਉਂਦੀਆਂ ਹਨ। ਸੀ ਏ ਜੀ ਆਪਣੀਆਂ ਟਿੱਪਣੀਆਂ ਦਿੰਦਾ ਹੈ ਜਾਂ ਅਧਿਨਿਯਮਿਕ ਲੇਖਾ ਪਰੀਖਕਾਂ ਦੀ ਰਿਪੋਰਟ ਨੂੰ ਸੰਪੂਰਣ ਕਰਦਾ ਹੈ। ਕੰਪਨੀਜ਼ ਐਕਟ, 2013 ਸੀ ਏ ਜੀ ਨੂੰ ਅਧਿਨਿਯਮਿਕ ਲੇਖਾ ਪਰੀਖਕਾਂ ਨੂੰ ਕੰਪਨੀ ਦੇ ਲੇਖਿਆਂ ਦੀ ਲੇਖਾ ਪ੍ਰੀਖਿਆ ਦੇ ਢੰਗ ਸਬੰਧਤ ਨਿਰਦੇਸ਼ ਜਾਰੀ ਕਰਨ ਦਾ ਅਧਿਕਾਰ ਦਿੰਦਾ ਹੈ। ਇਸ ਤੋਂ ਇਲਾਵਾ, ਇਨ੍ਹਾਂ ਕੰਪਨੀਆਂ ਦੀ ਸੀ ਏ ਜੀ ਦੁਆਰਾ ਚੋਣਵੀਂ ਲੇਖਾ ਪੜਤਾਲ ਵੀ ਹੁੰਦੀ ਹੈ।

ਦੋ ਅਧਿਨਿਯਮਿਕ ਕਾਰਪੋਰੇਸ਼ਨਾਂ, ਜੋ ਕਿ ਪੈਪਸੂ ਰੋਡ ਟ੍ਰਾਂਸਪੋਰਟ ਕਾਰਪੋਰੇਸ਼ਨ ਅਤੇ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਹਨ, ਦੇ ਸਬੰਧ ਵਿੱਚ ਸੀ ਏ ਜੀ ਇਕੱਲੇ ਲੇਖਾ ਪਰੀਖਕ ਹਨ। ਕਾਨੂੰਨਾਂ ਅਧੀਨ ਨਿਯੁਕਤ ਕੀਤੇ ਅਧਿਨਿਯਮਿਕ ਲੇਖਾ ਪਰੀਖਕਾਂ ਵੱਲੋਂ ਲੇਖਾ ਪ੍ਰੀਖਿਆ ਹੋਣ ਤੋਂ ਬਾਅਦ ਸੀ ਏ ਜੀ ਨੂੰ ਪੰਜਾਬ ਵਿੱਤੀ ਕਾਰਪੋਰੇਸ਼ਨ ਅਤੇ ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ ਦੇ ਸਬੰਧ ਵਿੱਚ ਪੂਰਕ ਲੇਖਾ ਪ੍ਰੀਖਿਆ ਕਰਨ ਦਾ ਅਧਿਕਾਰ ਹੈ।

ਇਸ ਰਿਪੋਰਟ ਵਿੱਚ ਰਾਜ ਸਾਰਵਜਨਿਕ ਖੇਤਰ ਦੇ ਅਦਾਰਿਆਂ (ਐਸ ਪੀ ਐਸ ਈਜ਼) ਦੇ 2019-20 ਤੱਕ ਦੇ ਸਾਲਾਂ ਲਈ ਪ੍ਰਾਪਤ ਹੋਏ ਲੇਖਿਆਂ (ਪ੍ਰਾਪਤ ਕੀਤੀ ਹੱਦ ਤੱਕ) ਦੀ ਸਮੀਖਿਆ ਸ਼ਾਮਲ ਹੈ। ਐਸ ਪੀ ਐਸ ਈਜ਼ ਦੇ ਸੰਬੰਧ ਵਿੱਚ, ਜਿੱਥੇ ਕਿਸੇ ਵੀ ਸਾਲ ਦੇ ਲੇਖੇ 31 ਦਸੰਬਰ 2020 ਤੋਂ ਪਹਿਲਾਂ ਪ੍ਰਾਪਤ ਨਹੀਂ ਹੋਏ ਸਨ, ਪਿਛਲੇ ਲੇਖਾ ਪ੍ਰੀਖਿਆ ਕੀਤੇ ਲੇਖਿਆਂ ਵਿੱਚੋਂ ਅੰਕੜੇ ਅਪਣਾਏ ਗਏ ਹਨ।

ਇਸ ਰਿਪੋਰਟ ਵਿੱਚ 'ਸਰਕਾਰੀ ਕੰਪਨੀਆਂ/ਕਾਰਪੋਰੇਸ਼ਨਾਂ ਜਾਂ ਐਸ ਪੀ ਐਸ ਈਜ਼' ਦੇ ਹਵਾਲਿਆਂ ਨੂੰ ਰਾਜ ਦੀਆਂ ਸਰਕਾਰੀ ਕੰਪਨੀਆਂ/ਕਾਰਪੋਰੇਸ਼ਨਾਂ ਦੇ ਸਬੰਧ ਵਿੱਚ ਸਮਝਿਆ ਜਾਵੇ ਜਦੋਂ ਤੱਕ ਪ੍ਰਸੰਗ ਕੋਈ ਹੋਰ ਸੁਝਾਅ ਨਹੀਂ ਦਿੰਦਾ।

* **ਜੇਕਰ ਅਨੁਵਾਦ ਕੀਤੇ ਗਏ ਕਥਨ ਵਿੱਚ ਕੋਈ ਸੰਦੇਹ ਹੋਵੇ, ਅੰਗ੍ਰੇਜ਼ੀ ਕਥਨ ਨੂੰ ਪ੍ਰਮਾਣਿਕ ਮੰਨਿਆ ਜਾਵੇ।**

# ਕਾਰਜਕਾਰੀ ਸੰਖੇਪ

# ਕਾਰਜਕਾਰੀ ਸੰਖੇਪ

ਇਹ ਰਿਪੋਰਟ 31 ਮਾਰਚ 2020 ਨੂੰ ਸਮਾਪਤ ਹੋਏ ਸਾਲ ਲਈ ਪੰਜਾਬ ਸਰਕਾਰ ਦੀਆਂ ਸਰਕਾਰੀ ਕੰਪਨੀਆਂ ਅਤੇ ਅਧਿਨਿਯਮਕ ਕਾਰਪੋਰੇਸ਼ਨਾਂ ਦੀ ਵਿੱਤੀ ਕਾਰਗੁਜ਼ਾਰੀ ਨਾਲ ਸੰਬੰਧਤ ਹੈ:

## 1. ਰਾਜ ਦੇ ਸਾਰਵਜਨਿਕ ਖੇਤਰ ਦੇ ਅਦਾਰਿਆਂ ਦੀ ਵਿੱਤੀ ਕਾਰਗੁਜ਼ਾਰੀ (ਊਰਜਾ ਖੇਤਰ)

ਪੰਜਾਬ ਰਾਜ ਵਿੱਚ ਮਾਰਚ 2020 ਨੂੰ ਊਰਜਾ ਖੇਤਰ ਵਿੱਚ ਪੰਜ ਰਾਜ ਸਾਰਵਜਨਿਕ ਖੇਤਰ ਦੇ ਅਦਾਰੇ (ਐਸ ਪੀ ਐਸ ਈਜ਼) ਸਨ। ਇਨ੍ਹਾਂ ਵਿੱਚੋਂ ਤਿੰਨ ਐਸ ਪੀ ਐਸ ਈਜ਼ ਊਰਜਾ ਦਾ ਉਤਪਾਦਨ ਕਰਨ ਲਈ ਬਣਾਈਆਂ ਗਈਆਂ ਹਨ, ਇੱਕ ਐਸ ਪੀ ਐਸ ਈ (ਪੰਜਾਬ ਰਾਜ ਪਾਵਰ ਕੋਰਪੋਰੇਸ਼ਨ ਲਿਮਟਡ) ਉਤਪਾਦਨ ਅਤੇ ਵੰਡ ਦੋਵੇਂ ਗਤੀਵਿਧੀਆਂ ਕਰਦੀ ਹੈ ਅਤੇ ਇੱਕ ਐਸ ਪੀ ਐਸ ਈ (ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ) ਸੰਚਾਰ ਗਤੀਵਿਧੀ ਕਰਦੀ ਹੈ। ਦੋ ਐਸ ਪੀ ਐਸ ਈਜ਼ ਜਿਨ੍ਹਾਂ ਨੇ ਅਜੇ ਤੱਕ ਵਪਾਰਕ ਗਤੀਵਿਧੀਆਂ ਸ਼ੁਰੂ ਨਹੀਂ ਕੀਤੀਆ ਹਨ, ਸਮਾਪਤ ਕਰਨ ਲਈ ਵਿਚਾਰ ਅਧੀਨ ਹਨ। ਕਨੂੰਨੀ ਲੋੜ ਅਨੁਸਾਰ, ਪੰਜ ਐਸ ਪੀ ਐਸ ਈਜ਼ ਵਿੱਚੋਂ, ਚਾਰ ਐਸ ਪੀ ਐਸ ਈਜ਼ ਨੇ ਸਾਲ 2019-20 ਲਈ ਆਪਣੇ ਲੇਖੇ, 31 ਦਸੰਬਰ 2020 ਤਕ ਜਮ੍ਹਾਂ ਕਰਵਾਏ ਸਨ। ਸਿਰਫ ਇੱਕ ਕੰਪਨੀ (ਪੰਜਾਬ ਜੈਨਕੋ ਲਿਮਟਡ) ਦੇ ਇੱਕ ਸਾਲ, ਜੋ ਕਿ 2019-20 ਹੈ, ਦੇ ਲੇਖੇ ਤਿਆਰ ਕਰਨੇ ਬਕਾਇਆ ਸਨ।

*(ਪੈਰ੍ਹਾ 1.1)*

**ਪੰਜਾਬ ਸਰਕਾਰ ਦੁਆਰਾ ਨਿਵੇਸ਼**

ਪੰਜ ਐਸ ਪੀ ਐਸ ਈਜ਼ ਦੇ ਲੇਖਿਆਂ ਨੇ ਸੰਕੇਤ ਦਿੱਤਾ ਕਿ 31 ਮਾਰਚ 2020 ਤੱਕ, ਪੰਜਾਬ ਸਰਕਾਰ (ਜੀ ਓ ਪੀ) ਦਾ ਕੁੱਲ ਨਿਵੇਸ਼ ₹ 22,329.68 ਕਰੋੜ (ਅਦਾ ਕੀਤੀ ਪੂੰਜੀ: ₹ 22,315.61 ਕਰੋੜ ਅਤੇ ਲੰਬੀ ਮਿਆਦ ਦੇ ਕਰਜ਼ੇ: ₹ 14.07 ਕਰੋੜ) ਸੀ ।

*(ਪੈਰ੍ਹਾ 1.3)*

2019-20 ਦੇ ਦੌਰਾਨ, ਪੰਜ ਊਰਜਾ ਖੇਤਰ ਐਸ ਪੀ ਐਸ ਈਜ਼ ਵਿੱਚ ਇਕਵਟੀ ਦੀ ਫੇਸ ਵੈਲਯੂ ਤੇ ਕੁੱਲ ਨਿਵੇਸ਼ ਵਿੱਚ ₹ 15,628.26 ਕਰੋੜ ਦਾ ਵਾਧਾ ਦਰਜ ਹੋਇਆ ਹੈ, ਜਿਸਦਾ ਰਾਜ ਸਰਕਾਰ ਦੁਆਰਾ ਯੋਗਦਾਨ ਪਾਇਆ ਗਿਆ ਸੀ । ₹ 15,628.26 ਕਰੋੜ ਦਾ ਵਾਧਾ ਰਾਜ ਸਰਕਾਰ ਦੁਆਰਾ ਉਜਵੱਲ ਡਿਸਕਾਮ ਐਸ਼ੋਰੈਂਸ ਯੋਜਨਾ (ਉਦੈ) ਸਕੀਮ ਅਧੀਨ ਦਿੱਤੇ ਗਏ ਕਰਜ਼ੇ ਨੂੰ ਇਕਵਟੀ ਵਿੱਚ ਤਬਦੀਲ ਕਰਨ ਕਾਰਨ ਹੋਇਆ ਹੈ।

*(ਪੈਰ੍ਹਾ 1.3.1)*

ਅੰਤਿਮ ਰੂਪ ਦਿੱਤੇ ਨਵੀਨਤਮ ਲੇਖਿਆਂ ਅਨੁਸਾਰ, ਕਾਰਜਸ਼ੀਲ ਐਸ ਪੀ ਐਸ ਈਜ਼ ਨੇ ₹ 33,262.60 ਕਰੋੜ ਦਾ ਸਾਲਾਨਾ ਟਰਨਓਵਰ ਦਰਜ ਕੀਤਾ ਹੈ। ਇਹ ਟਰਨਓਵਰ ਸਾਲ 2019-20 ਲਈ ਰਾਜ ਦੇ ਕੁੱਲ ਰਾਜ ਘਰੇਲੂ ਉਤਪਾਦ (ਜੀ ਐਸ ਡੀ ਪੀ) ਦੇ 5.79 *ਪ੍ਰਤੀਸ਼ਤ* (ਵਰਤਮਾਨ ਮੁੱਲ ਅਤੇ ਅਡਵਾਂਸ ਅਨੁਮਾਨਾਂ ਤੇ ₹ 5,74,760 ਕਰੋੜ) ਦੇ ਬਰਾਬਰ ਸੀ ।

*(ਪੈਰ੍ਹਾ 1.1)*

**ਐਸ ਪੀ ਐਸ ਈਜ਼ ਦੁਆਰਾ ਕਮਾਇਆ/ਉਠਾਇਆ ਲਾਭ/ਨੁਕਸਾਨ**

ਅੰਤਿਮ ਰੂਪ ਦਿੱਤੇ ਨਵੀਨਤਮ ਲੇਖਿਆਂ ਅਨੁਸਾਰ, ਪੰਜ ਐਸ ਪੀ ਐਸ ਈਜ਼ ਵਿੱਚੋਂ ਸਿਰਫ ਇੱਕ ਐਸ ਪੀ ਐਸ ਈ (ਪੰਜਾਬ ਜੈਨਕੋ ਲਿਮਟਡ) ਨੇ ₹ 3.93 ਕਰੋੜ ਦਾ ਲਾਭ ਕਮਾਇਆ, ਦੋ ਐਸ ਪੀ ਐਸ ਈਜ਼ ਨੇ ₹ 1,191.77 ਕਰੋੜ ਦੀ ਹਾਨੀ ਉਠਾਈ ਅਤੇ ਦੋ ਐਸ ਪੀ ਐਸ ਈਜ਼ ਨੇ ਵਪਾਰਕ ਗਤੀਵਿਧੀਆਂ ਸ਼ੁਰੂ ਨਹੀਂ ਕੀਤੀਆਂ ਸੀ। 2017-18 ਵਿੱਚ ₹ 893.90 ਕਰੋੜ ਦੀ ਹਾਨੀ ਦੇ ਵਿਰੁੱਧ ਇਨ੍ਹਾਂ ਪੰਜ ਐਸ ਪੀ ਐਸ ਈਜ਼ ਦੁਆਰਾ 2019-20 ਵਿੱਚ ₹ 1,187.84 ਕਰੋੜ ਦੀ ਹਾਨੀ ਉਠਾਈ ਗਈ।

***(ਪੈਰ੍ਹਾ 1.4.1)***

2019-20 ਦੌਰਾਨ, ਸਿਰਫ ਇੱਕ ਐਸ ਪੀ ਐਸ ਈ (ਪੰਜਾਬ ਜੈਨਕੋ ਲਿਮਟਡ) ਨੇ ਲਾਭਅੰਸ਼ ਘੋਸ਼ਿਤ ਕੀਤਾ। ਲਾਭਅੰਸ਼ ਘੋਸ਼ਿਤ ਕਰਨ ਵਾਲੀ ਐਸ ਪੀ ਐਸ ਈ ਵਿੱਚ ਰਾਜ ਸਰਕਾਰ ਦਾ ਕੋਈ ਨਿਵੇਸ਼ ਨਹੀਂ ਸੀ ।

***(ਪੈਰ੍ਹਾ 1.4.2)***

ਸਾਲ 2019-20 ਦੌਰਾਨ ਹੋਈ ਹਾਨੀ ਵਿੱਚ ਭਾਰੀ ਵਾਧਾ ਹੋਇਆ ਹੈ ਜਿਸ ਲਈ ਪ੍ਰਮੁੱਖ ਤੌਰ ਤੇ ਪੀ ਐਸ ਪੀ ਸੀ ਐਲ (₹ 1,158.20 ਕਰੋੜ) ਦੀ ਸਾਲ 2019-20 ਵਿੱਚ ਹੋਰ ਆਮਦਨੀ ਵਿੱਚ ਪਿਛਲੇ ਸਾਲ ਦੇ ਮੁਕਾਬਲੇ ₹ 817.76 ਕਰੋੜ ਦੀ ਗਿਰਾਵਟ ਸੀ ਜੋ ਕਿ 2018-19 ਵਿੱਚ ਜੀ ਓ ਪੀ ਵੱਲੋਂ ਦੇਰੀ ਨਾਲ ਅਦਾ ਕੀਤੀ ਗਈ ਸਬਸਿਡੀ ਤੇ ਵਿਆਜ ਮਿਲਣ ਕਾਰਨ ਹੋਈ ਸੀ। ਅੱਗੇ, ਪਿਛਲੇ ਸਾਲ (2018-19) ਦੇ ਮੁਕਾਬਲੇ ਕੰਪਨੀ ਦੀ ਊਰਜਾ ਦੀ ਵਿਕਰੀ ਤੋਂ ਆਮਦਨ (3.74 *ਪ੍ਰਤੀਸ਼ਤ*) ਵਿੱਚ ਵਾਧੇ ਨਾਲੋਂ ਬਿਜਲੀ ਦੀ ਲਾਗਤ (5.29 *ਪ੍ਰਤੀਸ਼ਤ*) ਦੀ ਦਰ ਵਿੱਚ ਵਾਧਾ ਹੋਇਆ ਹੈ। 2019-20 ਦੇ ਦੌਰਾਨ ਪੀ ਐਸ ਪੀ ਸੀ ਐਲ ਦੀ ਨਿਰੋਲ ਮੁੱਲ ਵਿੱਚ ਵਾਧੇ ਦਾ ਕਾਰਨ ਜੀ ਓ ਪੀ ਦੁਆਰਾ ₹ 15,628.26 ਕਰੋੜ ਦੇ ਥੋੜ੍ਹੇ ਸਮੇਂ ਦੇ ਕਰਜ਼ਿਆਂ (ਉਦੈ ਅਧੀਨ) ਨੂੰ ਇਕਵਟੀ ਵਿੱਚ ਤਬਦੀਲ ਕਰਨਾ ਸੀ।

***(ਪੈਰ੍ਹਾ 1.4.1, 1.4.3 ਅਤੇ 1.6)***

## 2. ਰਾਜ ਦੇ ਸਾਰਵਜਨਿਕ ਖੇਤਰ ਦੇ ਅਦਾਰਿਆਂ ਦੀ ਵਿੱਤੀ ਕਾਰਗੁਜ਼ਾਰੀ (ਊਰਜਾ ਖੇਤਰ ਤੋਂ ਇਲਾਵਾ)

31 ਮਾਰਚ 2020 ਨੂੰ ਪੰਜਾਬ ਰਾਜ ਵਿੱਚ 44 ਰਾਜ ਸਾਰਵਜਨਿਕ ਖੇਤਰ ਦੇ ਅਦਾਰੇ (ਊਰਜਾ ਖੇਤਰ ਤੋਂ ਇਲਾਵਾ) ਸਨ। ਇਨ੍ਹਾਂ ਐਸ ਪੀ ਐਸ ਈਜ਼ ਵਿੱਚ 37 ਸਰਕਾਰੀ ਕੰਪਨੀਆਂ, ਤਿੰਨ ਸਰਕਾਰ ਦੁਆਰਾ ਨਿਯੰਤਰਿਤ ਹੋਰ ਕੰਪਨੀਆਂ (ਜੀ ਸੀ ਓ ਸੀਜ਼) ਅਤੇ ਚਾਰ ਅਧਿਨਿਯਮਿਕ ਕਾਰਪੋਰੇਸ਼ਨਾਂ ਸ਼ਾਮਲ ਸਨ। ਸਰਕਾਰੀ ਕੰਪਨੀਆਂ ਵਿੱਚ 16 ਗੈਰ ਕਾਰਜਸ਼ੀਲ ਕੰਪਨੀਆਂ ਅਤੇ ਸਰਕਾਰੀ ਕੰਪਨੀਆਂ ਦੀ ਮਲਕੀਅਤ ਵਾਲੀਆਂ 10 ਸਹਾਇਕ ਕੰਪਨੀਆਂ ਸ਼ਾਮਲ ਸਨ।

***(ਪੈਰ੍ਹਾ 2.1)***

ਕਨੂੰਨੀ ਲੋੜ ਅਨੁਸਾਰ, 24 ਕਾਰਜਸ਼ੀਲ ਸਰਕਾਰੀ ਕੰਪਨੀਆਂ ਵਿੱਚੋਂ ਅੱਠ ਕੰਪਨੀਆਂ ਨੇ ਸਾਲ 2019-20 ਲਈ ਆਪਣੇ ਲੇਖੇ ਸੀ ਏ ਜੀ ਦੁਆਰਾ ਆਡਿਟ ਲਈ 31 ਦਸੰਬਰ 2020 ਨੂੰ ਜਾਂ ਇਸ ਤੋਂ ਪਹਿਲਾਂ, ਜਮ੍ਹਾਂ ਕਰਵਾਏ ਸਨ। 31 ਦਸੰਬਰ 2020 ਨੂੰ ਚਾਰੋਂ ਅਧਿਨਿਯਮਿਕ ਕਾਰਪੋਰੇਸ਼ਨਾਂ ਤੋਂ ਸਾਲ 2019-20 ਦੇ ਲੇਖਿਆਂ ਦੀ ਉਡੀਕ ਸੀ । ਅੱਗੇ, 35 ਸਲਾਨਾ ਲੇਖੇ ਬਕਾਇਆ ਸਨ ਜੋ 20 ਐਸ ਪੀ ਐਸ ਈਜ਼ ਨਾਲ ਸਬੰਧਤ ਹਨ।

***(ਪੈਰ੍ਹਾ 2.1)***

**ਪੰਜਾਬ ਸਰਕਾਰ ਦੁਆਰਾ ਨਿਵੇਸ਼**

31 ਮਾਰਚ 2020 ਤੱਕ, 28 ਐਸ ਪੀ ਐਸ ਈਜ਼ ਵਿੱਚ ਕੁੱਲ ਨਿਵੇਸ਼ (ਇਕਵਟੀ ਅਤੇ ਲੰਬੀ ਮਿਆਦ ਦੇ ਕਰਜ਼ੇ), ₹ 19,386.72 ਕਰੋੜ ਸੀ। ਨਿਵੇਸ਼ ਵਿੱਚ ਇਕਵਟੀ ਵੱਲ 6.02 *ਪ੍ਰਤੀਸ਼ਤ* ਅਤੇ ਲੰਬੀ ਮਿਆਦ ਦੇ ਕਰਜ਼ਿਆਂ ਵੱਲ 93.98 *ਪ੍ਰਤੀਸ਼ਤ* ਸ਼ਾਮਲ ਸੀ। ਸਾਲ 2019-20 ਦੌਰਾਨ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤੀ ਕਾਰਪੋਰੇਸ਼ਨ ਦੀ ਇਕਵਟੀ ਵਿੱਚ ਰਾਜ ਸਰਕਾਰ (₹ 1.09 ਕਰੋੜ) ਅਤੇ ਕੇਂਦਰ ਸਰਕਾਰ (₹ 5.79 ਕਰੋੜ) ਦੁਆਰਾ ਨਿਵੇਸ਼ ਕਾਰਨ ₹ 6.88 ਕਰੋੜ ਦਾ ਵਾਧਾ ਹੋਇਆ ਹੈ।

*(ਪੈਰ੍ਹਾ 2.2.1)*

ਅੰਤਿਮ ਰੂਪ ਦਿੱਤੇ ਨਵੀਨਤਮ ਲੇਖਿਆਂ ਅਨੁਸਾਰ, ਐਸ ਪੀ ਐਸ ਈਜ਼ ਨੇ ₹ 40,027.52 ਕਰੋੜ ਦਾ ਸਾਲਾਨਾ ਟਰਨਓਵਰ ਦਰਜ ਕੀਤਾ। ਇਹ ਟਰਨਓਵਰ ਸਾਲ 2019-20 ਲਈ ਰਾਜ ਦੇ ਕੁੱਲ ਰਾਜ ਘਰੇਲੂ ਉਤਪਾਦ (ਜੀ ਡੀ ਪੀ) ਦੇ 6.96 *ਪ੍ਰਤੀਸ਼ਤ* (ਵਰਤਮਾਨ ਮੁੱਲ ਅਤੇ ਅਡਵਾਂਸ ਅਨੁਮਾਨਾਂ ਤੇ ₹ 5,74,760 ਕਰੋੜ) ਦੇ ਬਰਾਬਰ ਸੀ ।

*(ਪੈਰ੍ਹਾ 2.1)*

**ਐਸ ਪੀ ਐਸ ਈਜ਼ ਦੁਆਰਾ ਕਮਾਇਆ/ਉਠਾਈ ਲਾਭ/ਹਾਨੀ**

ਅੰਤਮ ਰੂਪ ਦਿੱਤੇ ਨਵੀਨਤਮ ਲੇਖਿਆਂ ਅਨੁਸਾਰ, ਸਾਲ 2018-19 ਵਿੱਚ 11 ਐਸ ਪੀ ਐਸ ਈਜ਼ ਦੇ ਮੁਕਾਬਲੇ ਸਾਲ 2019-20 ਵਿੱਚ ਨੌਂ ਐਸ ਪੀ ਐਸ ਈਜ਼ ਨੇ ਲਾਭ ਕਮਾਏ। ਕਮਾਇਆ ਹੋਇਆ ਲਾਭ 2019-20 ਵਿੱਚ ₹ 284.09 ਕਰੋੜ ਸੀ ਜਦੋਂ ਕਿ ਸਾਲ 2018-19 ਵਿੱਚ ₹ 283.85 ਕਰੋੜ ਦਾ ਲਾਭ ਹੋਇਆ ਸੀ। 2019-20 ਦੇ ਦੌਰਾਨ 13 ਐਸ ਪੀ ਐਸ ਈਜ਼ ਨੇ ਹਾਨੀ ਉਠਾਈ ।

ਕਾਰਜਸ਼ੀਲ ਐਸ ਪੀ ਐਸ ਈਜ਼ ਦੁਆਰਾ 2018-19 ਵਿੱਚ ਉਠਾਈ ₹ 687.72 ਕਰੋੜ ਦੀ ਹਾਨੀ, ਰਾਜ ਦੀਆਂ ਅਨਾਜ ਖਰੀਦ ਏਜੰਸੀਆਂ (ਐਸ ਪੀ ਏਜ਼) ਦੇ ਨੁਕਸਾਨ ਵਿੱਚ 2018-19 ਦੌਰਾਨ ₹ 697.20 ਕਰੋੜ ਤੋਂ 2019-20 ਦੌਰਾਨ ₹ 194.65 ਕਰੋੜ ਦੀ ਮਹੱਤਵਪੂਰਨ ਕਮੀ ਕਾਰਨ, 2019-20 ਵਿੱਚ ਘੱਟ ਕੇ ₹ 204.27 ਕਰੋੜ ਰਹਿ ਗਈ।

*(ਪੈਰ੍ਹਾ 2.3.1)*

2019-20 ਦੌਰਾਨ, ਅੱਠ ਐਸ ਪੀ ਐਸ ਈਜ਼, ਜਿਨ੍ਹਾਂ ਵਿੱਚ ਪੰਜਾਬ ਸਰਕਾਰ ਦੀ ਇਕਵਟੀ ਹੋਲਡਿੰਗ ਸੀ ਅਤੇ ਜਿਨ੍ਹਾਂ ਨੇ ਨਵੀਨਤਮ ਲੇਖਿਆਂ ਨੂੰ ਅੰਤਮ ਰੂਪ ਦਿੱਤਾ, ਨੇ ਲਾਭ ਕਮਾਇਆ ਪਰ ਇਹਨਾਂ ਵਿੱਚੋਂ ਸਿਰਫ ਦੋ ਨੇ ਲਾਭਅੰਸ਼ ਦਾ ਭੁਗਤਾਨ ਕੀਤਾ।

*(ਪੈਰ੍ਹਾ 2.3.2)*

## 3. ਸੀ ਏ ਜੀ ਦੀ ਨਿਗਰਾਨੀ ਭੂਮਿਕਾ

ਅਧਿਨਿਯਮਿਕ ਲੇਖਾ ਪਰੀਖਕਾਂ ਦੁਆਰਾ ਸਾਲ 2019-20 ਲਈ ਵਿੱਤੀ ਵਿਵਰਣੀਆਂ ਦੀ ਲੇਖਾ ਪ੍ਰੀਖਿਆ ਤੋਂ ਬਾਅਦ, ਸੀ ਏ ਜੀ ਨੇ ਰਾਜ ਸਰਕਾਰ ਕੰਪਨੀਆਂ ਦੀ ਵਿੱਤੀ ਵਿਵਰਣੀਆਂ ਦੀ ਪੂਰਕ ਲੇਖਾ ਪ੍ਰੀਖਿਆ ਕੀਤੀ। ਰਾਜ ਸਰਕਾਰ ਕੰਪਨੀਆਂ ਦੀ ਵਿੱਤੀ ਵਿਵਰਣੀਆਂ ਤੇ ਮਹਤੱਵਪੂਰਨ ਟਿੱਪਣੀਆਂ ਜ਼ਾਰੀ ਕਿੱਤੀਆਂ ਗਈਆਂ, ਜਿਸ ਦਾ ਲਾਭ ਉੱਤੇ ਵਿੱਤੀ ਪ੍ਰਭਾਵ ₹ 1,339.15 ਕਰੋੜ ਸੀ ।

*(ਪੈਰ੍ਹਾ 3.5.2)*

ਪੂਰਕ ਲੇਖਾ ਪ੍ਰੀਖਿਆ ਦੇ ਸਮੇਂ ਦੌਰਾਨ, ਸੀ ਏ ਜੀ ਨੇ ਵੇਖਿਆ ਕਿ ਤਿੰਨ ਕੰਪਨੀਆਂ ਨੇ ਲੇਖਾ ਮਿਆਰਾਂ/ ਇੰਡ ਏ ਐਸ ਦੀ ਪਾਲਣਾ ਨਹੀਂ ਕੀਤੀ ਸੀ, ਜੋ ਕਿ ਉਨ੍ਹਾਂ ਦੇ ਅਧਿਨਿਯਮਿਕ ਲੇਖਾ ਪਰੀਖਕਾਂ ਦੁਆਰਾ ਰਿਪੋਰਟ ਨਹੀਂ ਕੀਤਾ ਗਿਆ ਸੀ ।

*(ਪੈਰ੍ਹਾ 3.6)*

ਸਾਲ ਦੇ ਦੌਰਾਨ, ਪੂਰਕ ਲੇਖਾ ਪ੍ਰੀਖਿਆ ਦੌਰਾਨ ਵੇਖੀਆਂ ਗਈਆਂ ਵਿੱਤੀ ਰਿਪੋਰਟਾਂ ਜਾਂ ਰਿਪੋਰਟਿੰਗ ਪ੍ਰਕਿਰਿਆ ਵਿੱਚ ਬੇਨਿਯਮੀਆਂ ਅਤੇ ਕਮੀਆਂ, ਜੋ ਕਿ ਮਾਮੂਲੀ ਸਨ, ਸੋਧਮਈ ਕਾਰਵਾਈ ਕਰਨ ਲਈ ਚਾਰ ਐਸ ਪੀ ਐਸ ਈਜ਼ ਦੇ ਪ੍ਰਬੰਧਨ ਨੂੰ 'ਪ੍ਰਬੰਧਨ ਪੱਤਰ' ਦੁਆਰਾ ਦੱਸੀਆ ਗਈਆਂ ਸਨ ।

*(ਪੈਰ੍ਹਾ 3.7)*

## 4. ਕਾਰਪੋਰੇਟ ਪ੍ਰਸ਼ਾਸਨ

ਕਾਰਪੋਰੇਟ ਪ੍ਰਸ਼ਾਸਨ ਦੀ ਸਮੀਖਿਆ ਨੇ ਰਾਜ ਸਰਕਾਰ ਦੇ ਵੱਖ-ਵੱਖ ਵਿਭਾਗਾਂ ਦੇ ਪ੍ਰਸ਼ਾਸਨਿਕ ਨਿਯੰਤਰਣ ਅਧੀਨ 29 ਐਸ ਪੀ ਐਸ ਈਜ਼ ਨੂੰ ਕਵਰ ਕੀਤਾ। ਐਸ ਪੀ ਐਸ ਈਜ਼ ਦੁਆਰਾ ਕਾਰਪੋਰੇਟ ਪ੍ਰਸ਼ਾਸਨ ਸੰਬੰਧੀ ਕੰਪਨੀਜ਼ ਐਕਟ, 2013 ਦੀਆਂ ਵਿਵਸਥਾਵਾਂ ਅਤੇ ਸਿਕਉਰਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ ਦੇ ਨਿਯਮਾਂ ਦੀ ਪਾਲਣਾ ਨਹੀਂ ਕੀਤੀ ਜਾ ਰਹੀ ਸੀ। ਸਾਲ ਦੇ ਦੌਰਾਨ, ਨਿਰਧਾਰਤ ਦਿਸ਼ਾ-ਨਿਰਦੇਸ਼ਾਂ ਤੋਂ ਹੇਠ ਲਿਖੀਆਂ ਮਹੱਤਵਪੂਰਣ ਬੇਨਿਯਮੀਆਂ ਵੇਖੀਆਂ ਗਈਆਂ:

ਚੁਣੇ ਗਏ 29 ਐਸ ਪੀ ਐਸ ਈਜ਼ ਵਿੱਚੋਂ, 13 ਨੇ ਇੱਕ ਸਾਲ ਵਿੱਚ ਲੋੜੀਂਦੀ ਚਾਰ ਬੋਰਡ ਮੀਟਿੰਗਾਂ ਨਹੀਂ ਕੀਤੀਆਂ।

*(ਪੈਰ੍ਹਾ 4.3.4)*

ਚਾਰ ਐਸ ਪੀ ਐਸ ਈਜ਼ ਦੇ ਬੋਰਡ ਵਿੱਚ ਸੁਤੰਤਰ ਨਿਰਦੇਸ਼ਕ ਨਹੀਂ ਸਨ, ਇੱਕ ਐਸ ਪੀ ਐਸ ਈ ਵਿੱਚ ਸੁਤੰਤਰ ਨਿਰਦੇਸ਼ਕਾਂ ਦੀ ਲੋੜੀਂਦੀ ਗਿਣਤੀ ਵਿੱਚ ਕਮੀ ਸੀ। ਇੱਥੇ ਤੱਕ ਕਿ ਚਾਰ ਐਸ ਪੀ ਐਸ ਈਜ਼, ਜਿਥੇ ਸੁਤੰਤਰ ਨਿਰਦੇਸ਼ਕ ਨਿਯੁਕਤ ਕੀਤੇ ਗਏ ਸਨ, ਨਿਯੁਕਤੀ ਦਾ ਉਪਚਾਰਿਕ ਪੱਤਰ ਸਿਰਫ ਦੋ ਐਸ ਪੀ ਐਸ ਈਜ਼ ਨੇ ਭੇਜਿਆ ਸੀ।

*(ਪੈਰ੍ਹਾ 4.2.1 ਅਤੇ 4.3.1)*

ਪੰਜ ਐਸ ਪੀ ਐਸ ਈਜ਼ ਵਿੱਚ ਲੇਖਾ ਪ੍ਰੀਖਿਆ ਕਮੇਟੀ ਨੇ ਕੰਪਨੀ ਦੀ ਅੰਦਰੂਨੀ ਨਿਯੰਤਰਣ ਪ੍ਰਣਾਲੀਆਂ, ਅਧਿਨਿਯਮਿਕ ਲੇਖਾ ਪਰੀਖਕਾਂ ਅਤੇ ਅੰਦਰੂਨੀ ਪਰੀਖਕਾਂ ਦੀ ਕਾਰਗੁਜ਼ਾਰੀ ਅਤੇ ਅੰਦਰੂਨੀ ਲੇਖਾ ਪ੍ਰੀਖਿਆ ਕਾਰਜਾਂ ਦੀ ਵਾਜਬਤਾ ਦੀ ਸਮੀਖਿਆ ਨਹੀਂ ਕੀਤੀ।

*(ਪੈਰ੍ਹਾ 4.5.1)*

## 5. ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ

ਸੀ ਐਸ ਆਰ ਦੀਆਂ ਗਤੀਵਿਧੀਆਂ ਦੇ ਯੋਗਤਾ ਮਾਪਦੰਡ ਨੂੰ ਪੂਰਾ ਕਰਨ ਵਾਲੇ 10 ਐਸ ਪੀ ਐਸ ਈਜ਼ ਵਿੱਚੋਂ ਤਿੰਨ ਐਸ ਪੀ ਐਸ ਈਜ਼ ਨੇ ਨਾ ਤਾਂ ਸੀ ਐਸ ਆਰ ਕਮੇਟੀ ਦਾ ਗਠਨ ਕੀਤਾ ਅਤੇ ਨਾ ਹੀ ਸੀ ਐਸ ਆਰ ਨੀਤੀ ਤਿਆਰ ਕੀਤੀ ।

*(ਪੈਰ੍ਹਾ 5.6.1 ਅਤੇ 5.6.3)*

ਦੋ ਐਸ ਪੀ ਐਸ ਈਜ਼ ਦੀ ਸੀ ਐਸ ਆਰ ਕਮੇਟੀ ਵਿੱਚ ਸੁਤੰਤਰ ਨਿਰਦੇਸ਼ਕ ਨਹੀਂ ਸਨ।

*(ਪੈਰ੍ਹਾ 5.6.2)*

ਚਾਰ ਮੁਨਾਫਾ ਕਮਾਉਣ ਵਾਲੀਆ ਐਸ ਪੀ ਐਸ ਈਜ਼ ਵਿੱਚੋਂ, ਇੱਕ ਐਸ ਪੀ ਐਸ ਈ ਨੇ ਸਾਲ 2019-20 ਦੌਰਾਨ ਸੀ ਐਸ ਆਰ ਦੀਆਂ ਗਤੀਵਿਧੀਆਂ ਲਈ ਲੋੜੀਂਦੇ ਫੰਡਾਂ ਦੀ ਵੰਡ ਨਹੀਂ ਕੀਤੀ।

*(ਪੈਰ੍ਹਾ 5.7.1)*

ਦੋ ਐਸ ਪੀ ਐਸ ਈਜ਼ ਨੇ ਸੀ ਐਸ ਆਰ ਦੀਆਂ ਗਤੀਵਿਧੀਆਂ ਲਈ ਫੰਡਾਂ ਦੀ ਵਰਤੋਂ ਕਰਨ ਦੀ ਬਜਾਏ ਫੰਡਾਂ ਨੂੰ ਪੰਜਾਬ ਸੀ ਐਸ ਆਰ ਅਥਾਰਟੀ ਕੋਲ ਜਮ੍ਹਾਂ ਕਰਾ ਦਿੱਤਾ ਜਿਥੇ ਆਖਰਕਾਰ ਫੰਡਾਂ ਦੀ ਵਰਤੋਂ ਨਹੀਂ ਕੀਤੀ ਗਈ ।

*(ਪੈਰ੍ਹਾ 5.7.2)*

ਕਿਸੇ ਵੀ ਐਸ ਪੀ ਐਸ ਈ ਨੇ ਭਾਰਤ ਸਰਕਾਰ ਦੁਆਰਾ ਸ਼ੁਰੂ ਕੀਤੀਆਂ ਯੋਜਨਾਵਾਂ/ਪ੍ਰੋਜੈਕਟਾਂ ਉੱਤੇ ਕੋਈ ਰਾਸ਼ੀ ਖਰਚ ਨਹੀਂ ਕੀਤੀ ਸੀ।

*(ਪੈਰ੍ਹਾ 5.8.6)*

ਕਿਸੇ ਵੀ ਐਸ ਪੀ ਐਸ ਈ ਨੇ ਸੀ ਐਸ ਆਰ ਪ੍ਰੋਜੈਕਟਾਂ/ਪ੍ਰੋਗਰਾਮਾਂ/ਗਤੀਵਿਧੀਆਂ ਦੀ ਨਿਗਰਾਨੀ, ਰਿਪੋਰਟਿੰਗ ਅਤੇ ਮੁਲਾਂਕਣ ਲਈ ਕੋਈ ਸੰਸਥਾਗਤ ਵਿਧੀ ਨਹੀਂ ਬਣਾਈ ਸੀ ਅਤੇ ਪ੍ਰਭਾਵ ਦਾ ਮੁਲਾਂਕਣ ਨਹੀਂ ਕੀਤਾ ਗਿਆ ਸੀ।

*(ਪੈਰ੍ਹਾ 5.9)*

## 6. ਭਾਰਤੀ ਲੇਖਾ ਮਿਆਰਾਂ ਨੂੰ ਲਾਗੂ ਕਰਨ ਦਾ ਪ੍ਰਭਾਵ

ਇੰਡ ਏ ਐਸ ਨੂੰ ਅਪਣਾਉਣ ਦੇ ਨਤੀਜੇ ਵੱਜੋਂ ਵਿੱਤੀ ਰਿਪੋਰਟਿੰਗ ਫਰੇਮਵਰਕ ਵਿੱਚ ਤਬਦੀਲੀ ਅਤੇ ਇਤਿਹਾਸਕ ਲਾਗਤ ਤੇ ਮੁਲਾਂਕਣ ਦੇ ਮੁਕਾਬਲੇ ਉਚਿਤ ਮੁਲਾਂਕਣ ਦੀ ਵਰਤੋਂ ਹੋਈ ਹੈ।

ਪੰਦਰ੍ਹਾਂ ਐਸ ਪੀ ਐਸ ਈਜ਼, ਜਿਨ੍ਹਾਂ ਨੂੰ ਇੰਡ ਏ ਐਸ ਨੂੰ ਅਪਣਾਉਣ ਦੀ ਲੋੜ ਸੀ, ਵਿੱਚੋਂ ਸਿਰਫ ਅੱਠ ਐਸ ਪੀ ਐਸ ਈਜ਼ ਨੇ ਇੰਡ ਏ ਐਸ ਨੂੰ ਅਪਣਾਇਆ ਹੈ।

*(ਪੈਰ੍ਹਾ 6.6)*

ਇੰਡ ਏ ਐਸ ਨੂੰ ਅਪਣਾਉਣ ਤੋਂ ਬਾਅਦ, ਚਾਰ ਐਸ ਪੀ ਐਸ ਈਜ਼ ਦੇ ਮਾਮਲੇ ਵਿੱਚ ਟੈਕਸ ਤੋਂ ਬਾਅਦ ਦਾ ਲਾਭ ਪ੍ਰਭਾਵਿਤ ਹੋਇਆ ਸੀ, ਤਿੰਨ ਐਸ ਪੀ ਐਸ ਈਜ਼ ਵਿੱਚ ਰੈਵੀਨਿਊ ਪ੍ਰਭਾਵਿਤ ਹੋਇਆ ਸੀ ਅਤੇ ਪੰਜ ਐਸ ਪੀ ਐਸ ਈਜ਼ ਵਿੱਚ ਕੁੱਲ ਸੰਪਤੀਆਂ ਪ੍ਰਭਾਵਿਤ ਹੋਇਆਂ ਸਨ।

*(ਪੈਰ੍ਹਾ 6.8.1, 6.8.3 ਅਤੇ 6.8.6)*

ਇੰਡ ਏ ਐਸ ਨੂੰ ਅਪਣਾਉਣ ਕਾਰਨ ਚਾਰ ਐਸ ਪੀ ਐਸ ਈਜ਼ ਦਾ ਨਿਰੋਲ ਮੁੱਲ ਪ੍ਰਭਾਵਤ ਹੋਇਆ ਸੀ ।

*(ਪੈਰ੍ਹਾ 6.8.8)*

# ਭੂਮਿਕਾ

## ਭੂਮਿਕਾ

*ਰਿਪੋਰਟ ਦਾ ਉਦੇਸ਼*

**1.** ਇਹ ਰਿਪੋਰਟ ਕੰਪਨੀਜ਼ ਐਕਟ, 2013 ਅਤੇ ਸੰਸਦ/ਵਿਧਾਨ ਪਾਲਿਕਾ ਦੁਆਰਾ ਬਣਾਏ ਗਏ ਕਾਨੂੰਨਾਂ ਅਧੀਨ ਸਥਾਪਤ ਰਾਜ ਸਾਰਵਜਨਿਕ ਖੇਤਰ ਅਦਾਰਿਆਂ (ਐਸ ਪੀ ਐਸ ਈਜ਼) (ਰਾਜ ਸਰਕਾਰ ਦੀਆਂ ਕੰਪਨੀਆਂ, ਅਧਿਨਿਯਮਿਕ ਕਾਰਪੋਰੇਸ਼ਨਾਂ ਅਤੇ ਸਰਕਾਰ ਦੁਆਰਾ ਨਿਯੰਤਰਿਤ ਹੋਰ ਕੰਪਨੀਆਂ) ਦੀ ਵਿੱਤੀ ਕਾਰਗੁਜ਼ਾਰੀ ਨੂੰ ਪੇਸ਼ ਕਰਦੀ ਹੈ। ਐਸ ਪੀ ਐਸ ਈਜ਼ (ਊਰਜਾ ਖੇਤਰ) ਦੀ ਵਿੱਤੀ ਕਾਰਗੁਜ਼ਾਰੀ ਦੀ ਚਰਚਾ ਅਧਿਆਇ-I ਅਤੇ ਐਸ ਪੀ ਐਸ ਈਜ਼ (ਊਰਜਾ ਖੇਤਰ ਤੋਂ ਇਲਾਵਾ) ਦੀ ਵਿੱਤੀ ਕਾਰਗੁਜ਼ਾਰੀ ਦੀ ਚਰਚਾ ਅਧਿਆਇ-II ਵਿੱਚ ਕੀਤੀ ਗਈ ਹੈ।

ਸੀ ਏ ਜੀ ਦੀ ਨਿਗਰਾਨੀ ਭੂਮਿਕਾ ਤੇ ਅਧਿਆਇ-III ਰਾਜ ਸਰਕਾਰ ਦੀਆਂ ਕੰਪਨੀਆਂ ਤੇ ਅਧਿਨਿਯਮਿਕ ਲੇਖਾ ਪਰੀਖਕਾਂ ਦੀ ਰਿਪੋਰਟ ਦੇ ਪੂਰਕ ਵਜੋਂ ਜਾਰੀ, ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀਆਂ ਮਹਤੱਵਪੂਰਣ ਟਿਪੱਣੀਆਂ ਨੂੰ ਉਜਾਗਰ ਕਰਦਾ ਹੈ। ਅਧਿਆਇ-IV ਕੰਪਨੀਜ਼ ਐਕਟ, 2013 ਅਧੀਨ ਕਾਰਪੋਰੇਟ ਪ੍ਰਸ਼ਾਸਨ ਵਿਵਸਥਾਵਾਂ ਅਤੇ ਸਿਕਉਰਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ ਦੇ ਨਿਯਮਾਂ ਦੀ ਰਾਜ ਸਰਕਾਰ ਦੇ ਵੱਖ-ਵੱਖ ਵਿਭਾਗਾਂ ਦੇ ਪ੍ਰਸ਼ਾਸਨਿਕ ਨਿਯੰਤਰਣ ਅਧੀਨ ਪਾਲਣਾ ਦੀ ਸਮੀਖਿਆ ਕਰਦਾ ਹੈ। ਅਧਿਆਇ-V ਇਹ ਪਤਾ ਲਗਾਉਂਦਾ ਹੈ ਕਿ ਕੀ ਕੰਪਨੀਜ਼ ਐਕਟ, 2013 ਅਤੇ ਕੰਪਨੀਜ਼ (ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ ਨੀਤੀ) ਨਿਯਮਾਂ, 2014 ਦੀਆਂ ਵਿਵਸਥਾਵਾਂ ਦੀ ਐਸ ਪੀ ਐਸ ਈਜ਼ ਦੁਆਰਾ ਪਾਲਣਾ ਕੀਤੀ ਗਈ ਸੀ ਜਦੋਂ ਕਿ ਅਧਿਆਇ-VI ਪੜਾਅ-I ਅਤੇ II ਵਿੱਚ ਇੰਡ ਏ ਐਸ ਦੇ ਲਾਗੂਕਰਣ ਦਾ ਅਧਿਐਨ ਕਰਦਾ ਹੈ ਤਾਂ ਜੋ ਇਹ ਮੁਲਾਂਕਣ ਕੀਤਾ ਜਾ ਸਕੇ ਕਿ ਐਸ ਪੀ ਐਸ ਈਜ਼ ਦੁਆਰਾ ਇੰਡ ਏ ਐਸ ਅਪਣਾਉਣ ਦੇ ਸਮੇਂ ਇੰਡ ਏ ਐਸ ਦੀਆਂ ਵੱਖ-ਵੱਖ ਵਿਵਸਥਾਵਾਂ ਦੀ ਪਾਲਣਾ ਕਿਸ ਹੱਦ ਤੱਕ ਕੀਤੀ ਗਈ ਸੀ ਅਤੇ ਐਸ ਪੀ ਐਸ ਈਜ਼ ਦੇ ਵਿੱਤੀ ਵਿਵਰਣਾਂ ਵਿੱਚ ਇੰਡ ਏ ਐਸ ਨੂੰ ਲਾਗੂ ਕਰਨ ਦੇ ਕੀ ਪ੍ਰਭਾਵ ਸਨ।

ਕੰਪਨੀਜ਼ ਐਕਟ, 2013 (ਐਕਟ, 2013) ਦੀ ਧਾਰਾ 2(45) ਦੇ ਅਨੁਸਾਰ, ਇੱਕ ਸਰਕਾਰੀ ਕੰਪਨੀ ਦਾ ਮਤਲਬ ਹੈ ਕਿ ਕੋਈ ਕੰਪਨੀ ਜਿਸ ਵਿੱਚ ਘੱਟੋ-ਘੱਟ 51 *ਪ੍ਰਤੀਸ਼ਤ* ਅਦਾ ਕੀਤੀ ਪੂੰਜੀ ਕੇਂਦਰ ਸਰਕਾਰ ਜਾਂ ਕਿਸੇ ਰਾਜ ਸਰਕਾਰ ਜਾਂ ਆਂਸ਼ਿਕ ਰੂਪ ਵਿੱਚ ਸਰਕਾਰਾਂ ਜਾਂ ਕੇਂਦਰ ਸਰਕਾਰ ਅਤੇ ਆਂਸ਼ਿਕ ਰੂਪ ਵਿੱਚ ਇੱਕ ਜਾਂ ਵੱਧ ਰਾਜ ਸਰਕਾਰਾਂ ਦੀ ਹੋਵੇ ਅਤੇ ਇੱਕ ਕੰਪਨੀ ਜਿਹੜੀ ਅਜਿਹੀ ਸਰਕਾਰੀ ਕੰਪਨੀ ਦੀ ਸਹਾਇੱਕ ਕੰਪਨੀ ਹੋਵੇ। ਇਸ ਤੋਂ ਇਲਾਵਾ, ਕੋਈ ਹੋਰ ਕੰਪਨੀ[1] ਜਿਸਦਾ ਨਿਯੰਤਰਨ ਜਾਂ ਮਲਕੀਅਤ ਸਿੱਧੇ ਜਾਂ ਅਸਿੱਧੇ ਤੌਰ ਤੇ, ਕੇਂਦਰ ਸਰਕਾਰ ਦੁਆਰਾ ਜਾਂ ਕਿਸੇ ਰਾਜ ਸਰਕਾਰ ਜਾਂ ਸਰਕਾਰਾਂ ਦੁਆਰਾ ਜਾਂ ਆਂਸ਼ਿਕ ਰੂਪ ਵਿੱਚ ਕੇਂਦਰ ਸਰਕਾਰ ਅਤੇ ਆਂਸ਼ਿਕ ਰੂਪ ਵਿੱਚ ਇੱਕ ਜਾਂ ਵੱਧ ਰਾਜ ਸਰਕਾਰਾਂ ਦੁਆਰਾ ਹੁੰਦੀ ਹੈ, ਨੂੰ ਇਸ ਰਿਪੋਰਟ ਵਿੱਚ ਸਰਕਾਰ ਦੁਆਰਾ ਨਿਯੰਤਰਿਤ ਹੋਰ ਕੰਪਨੀਆਂ (ਜੀ ਸੀ ਓ ਸੀਜ਼) ਵਜੋਂ ਦਰਸਾਇਆ ਗਿਆ ਹੈ।

---

[1] ਕੰਪਨੀਜ਼ (ਮੁਸ਼ਕਲਾਂ ਨੂੰ ਹਟਾਉਣਾ) ਸੱਤਵਾਂ ਆਦੇਸ਼, 2014 ਜੋ ਕਿ ਕਾਰਪੋਰੇਟ ਮਾਮਲਿਆਂ ਦੇ ਮੰਤਰਾਲੇ ਦੁਆਰਾ ਮਿੱਤੀ 4 ਸਤੰਬਰ 2014 ਨੂੰ ਗਜ਼ਟ ਨੋਟੀਫਿਕੇਸ਼ਨ ਦੁਆਰਾ ਜਾਰੀ ਕੀਤਾ ਗਿਆ ਸੀ।

31 ਮਾਰਚ 2020 ਨੂੰ, ਪੰਜਾਬ ਵਿੱਚ 49 ਰਾਜ ਸਾਰਵਜਨਿਕ ਖੇਤਰ ਅਦਾਰੇ (ਐਸ ਪੀ ਐਸ ਈਜ਼) ਸਨ, ਜਿਨ੍ਹਾਂ ਵਿੱਚ ਚਾਰ[2] ਅਧਿਨਿਯਮਿਕ ਕਾਰਪੋਰੇਸ਼ਨਾਂ, 42 ਸਰਕਾਰੀ ਕੰਪਨੀਆਂ (16 ਗੈਰ ਕਾਰਜਸ਼ੀਲ[3] ਸਰਕਾਰੀ ਕੰਪਨੀਆਂ ਸ਼ਾਮਲ ਸਨ) ਅਤੇ ਤਿੰਨ ਜੀ ਸੀ ਓ ਸੀਜ਼ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਲੇਖਾ ਪ੍ਰੀਖਿਆ ਖੇਤਰ ਅਧੀਨ ਸਨ। ਇਨ੍ਹਾਂ ਵਿੱਚੋਂ, ਇੱਕ[4] ਕੰਪਨੀ ਸਟਾਕ ਐਕਸਚੇਂਜ ਤੇ ਸੂਚੀਬੱਧ ਸੀ ।

## ਜਵਾਬਦੇਹੀ ਢਾਂਚਾ

### ਲੇਖਾ ਪ੍ਰੀਖਿਆ ਦਾ ਆਦੇਸ਼

**2.** ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ (ਸੀ ਏ ਜੀ) ਐਕਟ, 2013 ਦੀ ਧਾਰਾ 139(5) ਅਤੇ (7) ਦੇ ਅਧੀਨ ਸਰਕਾਰੀ ਕੰਪਨੀਆਂ ਅਤੇ ਸਰਕਾਰ ਦੁਆਰਾ ਨਿਯੰਤਰਿਤ ਹੋਰ ਕੰਪਨੀਆਂ ਦੇ ਅਧਿਨਿਯਮਿਕ ਲੇਖਾ ਪਰੀਖਕਾਂ ਦੀ ਨਿਯੁਕਤੀ ਕਰਦਾ ਹੈ । ਐਕਟ, 2013 ਦੀ ਧਾਰਾ 139 (5) ਵਿੱਚ ਇਹ ਦੱਸਿਆ ਗਿਆ ਹੈ ਕਿ ਕਿਸੇ ਸਰਕਾਰੀ ਕੰਪਨੀ ਜਾਂ ਸਰਕਾਰ ਦੁਆਰਾ ਨਿਯੰਤਰਿਤ ਹੋਰ ਕੰਪਨੀ ਦੇ ਮਾਮਲੇ ਵਿੱਚ ਵਿੱਤੀ ਸਾਲ ਦੀ ਸ਼ੁਰੂਆਤ ਤੋਂ ਇੱਕ ਸੌ ਅੱਸੀ ਦਿਨਾਂ ਦੇ ਅੰਦਰ-ਅੰਦਰ ਅਧਿਨਿਯਮਿਕ ਲੇਖਾ ਪਰੀਖਕ ਦੀ ਨਿਯੁਕਤੀ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੁਆਰਾ ਕਰਨੀ ਹੁੰਦੀ ਹੈ। ਐਕਟ, 2013 ਦੀ ਧਾਰਾ 139 (7) ਵਿੱਚ ਇਹ ਦੱਸਿਆ ਗਿਆ ਹੈ ਕਿ ਸਰਕਾਰੀ ਕੰਪਨੀ ਜਾਂ ਸਰਕਾਰ ਦੁਆਰਾ ਨਿਯੰਤਰਿਤ ਹੋਰ ਕੰਪਨੀ ਦੇ ਮਾਮਲੇ ਵਿੱਚ, ਪਹਿਲਾ ਲੇਖਾ ਪਰੀਖਕ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਵੱਲੋਂ ਕੰਪਨੀ ਦੀ ਰਜਿਸਟ੍ਰੇਸ਼ਨ ਦੀ ਮਿਤੀ ਦੇ ਸੱਠ ਦਿਨਾਂ ਦੇ ਅੰਦਰ-ਅੰਦਰ ਨਿਯੁਕਤ ਕਰਨਾ ਹੁੰਦਾ ਹੈ ਅਤੇ ਜੇ ਉਕਤ ਅਵਧੀ ਦੇ ਅੰਦਰ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਅਜਿਹੇ ਲੇਖਾ ਪਰੀਖਕ ਦੀ ਨਿਯੁਕਤੀ ਨਹੀਂ ਕਰਦਾ ਤਾਂ ਕੰਪਨੀ ਦੇ ਬੋਰਡ ਆਫ ਡਾਇਰੈਕਟਰਜ਼ ਜਾਂ ਕੰਪਨੀ ਦੇ ਮੈਂਬਰਾਂ ਨੇ ਅਜਿਹੇ ਲੇਖਾ ਪਰੀਖਕ ਦੀ ਨਿਯੁਕਤੀ ਕਰਨੀ ਹੁੰਦੀ ਹੈ।

ਅੱਗੇ, ਐਕਟ, 2013 ਦੀ ਧਾਰਾ 143 ਦੀ ਉਪ ਧਾਰਾ (7) ਦੇ ਅਨੁਸਾਰ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਧਾਰਾ 139 ਦੀ ਉਪ ਧਾਰਾ (5) ਜਾਂ ਉਪ ਧਾਰਾ (7) ਦੇ ਅਧੀਨ ਆਉਂਦੀ ਕਿਸੇ ਵੀ ਕੰਪਨੀ ਦੇ ਮਾਮਲੇ ਵਿੱਚ, ਜੇ ਜਰੂਰੀ ਸਮਝੇ ਤਾਂ ਅਜਿਹੀ ਕੰਪਨੀ ਦੇ ਲੇਖਿਆਂ ਦੀ ਚੋਣਵੀਂ ਜਾਂਚ ਇੱਕ ਹੁੱਕਮ ਦੁਆਰਾ ਕਰਵਾ ਸਕਦਾ ਹੈ ਅਤੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੇ (ਡਿਊਟੀਆਂ, ਸ਼ਕਤੀਆਂ ਅਤੇ ਸੇਵਾਵਾਂ ਦੀਆਂ ਸ਼ਰਤਾ) ਐਕਟ, 1971 ਦੀ ਧਾਰਾ 19 ਏ ਦੇ ਉਪਬੰਧ ਉਸ ਚੋਣਵੀਂ ਜਾਂਚ ਦੀ ਰਿਪੋਰਟ ਉੱਤੇ ਲਾਗੂ ਹੋਣਗੇ। ਇਸ ਤਰ੍ਹਾਂ, ਸਰਕਾਰੀ ਕੰਪਨੀ ਜਾਂ ਜੀ ਸੀ ਓ ਸੀ ਦੀ ਲੇਖਾ ਪ੍ਰੀਖਿਆ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੁਆਰਾ ਹੁੰਦੀ ਹੈ।

### *ਅਧਿਨਿਯਮਿਕ ਲੇਖਾ ਪੜਤਾਲ*

**3.** ਸਰਕਾਰੀ ਕੰਪਨੀਆਂ (ਜੋ ਕਿ ਐਕਟ, 2013 ਦੀ ਧਾਰਾ 2(45) ਵਿੱਚ ਪਰਿਭਾਸ਼ਿਤ ਹਨ) ਦੇ ਵਿੱਤੀ ਵਿਵਰਣਾਂ ਦੀ ਲੇਖਾ ਪੜਤਾਲ ਅਧਿਨਿਯਮਿਕ ਲੇਖਾ ਪਰੀਖਕਾਂ ਦੁਆਰਾ ਕੀਤੀ ਜਾਂਦੀ ਹੈ,

---

[2] ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ, ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ, ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ ਅਤੇ ਪੰਜਾਬ ਵਿੱਤੀ ਕਾਰਪੋਰੇਸ਼ਨ।

[3] ਗੈਰ ਕਾਰਜਸ਼ੀਲ ਐਸ ਪੀ ਐਸ ਇਜ਼ ਉਹ ਹਨ ਜਿਨ੍ਹਾਂ ਨੇ ਆਪਣੇ ਕਾਰਜ ਬੰਦ ਕਰ ਦਿੱਤੇ ਹਨ।

[4] ਪੰਜਾਬ ਕਮਿਊਨੀਕੇਸ਼ਨਸ ਲਿਮਟਡ।

ਜਿਨ੍ਹਾਂ ਨੂੰ ਐਕਟ, 2013 ਦੀ ਧਾਰਾ 139(5) ਜਾਂ (7) ਦੇ ਉਪਬੰਧਾਂ ਅਨੁਸਾਰ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੁਆਰਾ ਨਿਯੁਕਤ ਕੀਤਾ ਜਾਂਦਾ ਹੈ। ਅਧਿਨਿਯਮਿਕ ਲੇਖਾ ਪਰੀਖਕ ਐਕਟ, 2013 ਦੀ ਧਾਰਾ 143(5) ਦੇ ਅਧੀਨ ਆਡਿਟ ਰਿਪੋਰਟ ਦੀ ਇੱਕ ਕਾਪੀ ਸਮੇਤ, ਹੋਰ ਚੀਜ਼ਾਂ ਦੇ ਨਾਲ, ਕੰਪਨੀ ਦੇ ਵਿੱਤੀ ਵਿਵਰਣ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਨੂੰ ਪੇਸ਼ ਕਰਦੇ ਹਨ। ਇਨ੍ਹਾਂ ਵਿੱਤੀ ਵਿਵਰਣਾਂ ਦੀ, ਐਕਟ, 2013 ਦੀ ਧਾਰਾ 143 (6) ਦੇ ਉਪਬੰਧਾ ਦੇ ਅਧੀਨ ਆਡਿਟ ਰਿਪੋਰਟ ਪ੍ਰਾਪਤ ਹੋਣ ਦੀ ਮਿਤੀ ਦੇ ਸੱਠ ਦਿਨਾਂ ਦੇ ਅੰਦਰ-ਅੰਦਰ ਪੂਰਕ ਲੇਖਾ ਪੜਤਾਲ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੁਆਰਾ ਵੀ ਕੀਤੀ ਜਾਂਦੀ ਹੈ। ਕੰਪਨੀ, ਜਿਸ ਦਾ ਵਿੱਤੀ ਸਾਲ 31 ਮਾਰਚ 2014 ਤੋਂ ਜਾਂ ਉਸ ਤੋਂ ਪਹਿਲਾ ਸ਼ੁਰੂ ਹੁੰਦਾ ਹੈ, ਉਸ ਦੇ ਵਿੱਤੀ ਵਿਵਰਣਾਂ ਦੀ ਲੇਖਾ ਪੜਤਾਲ ਕੰਪਨੀਜ਼ ਐਕਟ, 1956 ਦੇ ਨਿਯਮਾਂ ਦੇ ਅਧੀਨ ਜਾਰੀ ਰਹੇਗੀ।

ਅਧਿਨਿਯਮਿਕ ਕਾਰਪੋਰੇਸ਼ਨਾਂ ਦੀ ਲੇਖਾ ਪੜਤਾਲ ਉਹਨਾਂ ਦੇ ਆਪਣੇ ਵਿਧਾਨਾਂ ਅਨੁਸਾਰ ਨਿਰਧਾਰਿਤ ਕੀਤੀ ਜਾਂਦੀ ਹੈ। ਚਾਰ ਅਧਿਨਿਯਮਿਕ ਕਾਰਪੋਰੇਸ਼ਨਾਂ ਵਿੱਚੋਂ, ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਅਤੇ ਪੈਪਸੂ ਰੋਡ ਟ੍ਰਾਂਸਪੋਰਟ ਕਾਰਪੋਰੇਸ਼ਨ ਦੇ ਇਕੱਲੇ ਲੇਖਾ ਪਰੀਖਕ ਹਨ। ਪੰਜਾਬ ਰਾਜ ਵੇਅਰਹਾਉਸਿੰਗ ਕਾਰਪੋਰੇਸ਼ਨ ਅਤੇ ਪੰਜਾਬ ਵਿੱਤੀ ਨਿਗਮ ਦੇ ਸੰਬੰਧ ਵਿੱਚ ਲੇਖਾ ਪੜਤਾਲ ਚਾਰਟਡ ਅਕਾਊਟੈਂਟਸ ਦੁਆਰਾ ਕੀਤੀ ਜਾਂਦੀ ਹੈ ਅਤੇ ਪੂਰਕ ਲੇਖਾ ਪੜਤਾਲ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੁਆਰਾ ਕੀਤੀ ਜਾਂਦੀ ਹੈ।

## ਐਸ ਪੀ ਐਸ ਈਜ਼ ਦੁਆਰਾ ਲੇਖਿਆ ਨੂੰ ਪੇਸ਼ ਕਰਨਾ

### *ਐਸ ਪੀ ਐਸ ਈਜ਼ ਦੁਆਰਾ ਲੇਖਿਆਂ ਨੂੰ ਸਮੇਂ ਸਿਰ ਅੰਤਮ ਰੂਪ ਦੇਣ ਅਤੇ ਪੇਸ਼ ਕਰਨ ਦੀ ਜ਼ਰੂਰਤ*

4. ਐਕਟ, 2013 ਦੀ ਧਾਰਾ 394 ਅਤੇ 395 ਦੇ ਅਨੁਸਾਰ, ਕਿਸੇ ਸਰਕਾਰੀ ਕੰਪਨੀ ਦੀ ਕਾਰਗੁਜਾਰੀ ਅਤੇ ਮਾਮਲਿਆਂ ਸੰਬੰਧੀ ਸਲਾਨਾ ਰਿਪੋਰਟ, ਉਸਦੀ ਸਲਾਨਾ ਜਨਰਲ ਮੀਟਿੰਗ (ਏ ਜੀ ਐਮ) ਦੇ ਤਿੰਨ ਮਹੀਨਿਆਂ ਦੇ ਅੰਦਰ ਤਿਆਰ ਕਰਨੀ ਹੁੰਦੀ ਹੈ ਅਤੇ ਇਸ ਤਿਆਰੀ ਤੋਂ ਬਾਅਦ ਜਿੰਨੀ ਜਲਦੀ ਹੋ ਸਕੇ ਰਾਜ ਵਿਧਾਨ ਸਭਾ ਦੇ ਸਦਨ ਜਾਂ ਦੋਵੇਂ ਸਦਨਾਂ ਵਿੱਚ ਲੇਖਾ ਪੜਤਾਲ ਰਿਪੋਰਟ ਦੀ ਇੱਕ ਕਾਪੀ ਅਤੇ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਵਲੋਂ ਲੇਖਾ ਪੜਤਾਲ ਰਿਪੋਰਟ ਉਤੇ ਜਾਂ ਪੂਰਕ ਵੱਜੋਂ ਕੀਤੀਆਂ ਗਈਆਂ ਟਿੱਪਣੀਆਂ ਦੇ ਨਾਲ ਰਖਣੀਆਂ ਹੁੰਦੀਆਂ ਹਨ। ਲਗਭਗ ਇਹੋ ਜਿਹੇ ਪ੍ਰਾਵਧਾਨ ਅਧਿਨਿਯਮਿਕ ਕਾਰਪੋਰੇਸ਼ਨਾਂ ਨੂੰ ਨਿਯਮਿਤ ਕਰਨ ਲਈ ਸੰਬੰਧਿਤ ਐਕਟ ਵਿੱਚ ਮੌਜੂਦ ਹਨ। ਇਹ ਕਾਰਜਵਿਧੀ ਰਾਜ ਦੇ ਕਨਸੋਲੀਡੇਟਿਡ ਫੰਡ ਵਿੱਚੋਂ ਕੰਪਨੀਆਂ ਵਿੱਚ ਨਿਵੇਸ਼ ਕੀਤੇ ਜਨਤਕ ਫੰਡਾਂ ਦੀ ਵਰਤੋਂ ਉੱਤੇ ਵਿਧਾਨ ਸਭਾ ਦਾ ਲੋੜੀਂਦਾ ਨਿਯੰਤਰਣ ਪ੍ਰਦਾਨ ਕਰਦੀ ਹੈ ।

ਐਕਟ, 2013 ਦੀ ਧਾਰਾ 96 ਦੇ ਅਨੁਸਾਰ, ਹਰ ਕੰਪਨੀ ਨੂੰ ਕੈਲੇਂਡਰ ਸਾਲ ਵਿੱਚ ਇੱਕ ਵਾਰੀ ਸ਼ੇਅਰਧਾਰਕਾਂ ਦੀ ਏ ਜੀ ਐਮ ਕਰਵਾਉਣੀ ਲੋੜੀਂਦੀ ਹੈ। ਇਹ ਵੀ ਕਿਹਾ ਗਿਆ ਹੈ ਕਿ ਇੱਕ ਏ ਜੀ ਐਮ ਅਤੇ ਅਗਲੀ ਦੀ ਤਰੀਕ ਵਿੱਚ 15 ਮਹੀਨੇ ਤੋਂ ਵੱਧ ਦਾ ਸਮਾਂ ਨਹੀਂ ਹੋਣਾ ਚਾਹੀਦਾ ਹੈ । ਇਸ ਤੋਂ ਅੱਗੇ, ਐਕਟ, 2013 ਦੀ ਧਾਰਾ 129 ਵਿੱਚ ਕਿਹਾ ਗਿਆ ਹੈ ਕਿ ਵਿੱਤੀ ਸਾਲ ਦਾ ਲੇਖਾ ਪੜਤਾਲ ਕੀਤਾ ਵਿੱਤੀ ਵਿਵਰਣ ਉਨ੍ਹਾਂ ਦੇ ਵਿਚਾਰਣ ਲਈ ਉਕਤ ਏ ਜੀ ਐਮ ਵਿੱਚ ਰੱਖਿਆ ਜਾਣਾ ਚਾਹੀਦਾ ਹੈ। ਐਕਟ, 2013 ਦੀ ਧਾਰਾ 129 (7) ਦੇ ਤਹਿਤ ਕੰਪਨੀ ਦੇ

ਡਾਇਰੈਕਟਰਾਂ ਸਮੇਤ ਉਹ ਵਿਅਕਤੀ, ਜੋ ਐਕਟ, 2013 ਦੀ ਧਾਰਾ 129 ਦੇ ਉਪਬੰਧਾ ਦੀ ਪਾਲਣਾ ਨਾ ਕਰਣ ਲਈ ਜਿੰਮੇਵਾਰ ਹੋਣਗੇ, ਉਨ੍ਹਾਂ ਨੂੰ ਜੁਰਮਾਨਾ ਲਗਾਉਣ ਅਤੇ ਕੈਦ ਦੀ ਵਿਵਸਥਾ ਕੀਤੀ ਗਈ ਹੈ।

31 ਦਸੰਬਰ 2020[5] ਨੂੰ ਅੰਤਿਮ ਰੂਪ ਦਿੱਤੇ ਨਵੀਨਤਮ ਲੇਖਿਆਂ ਦੇ ਆਧਾਰ ਤੇ ਐਸ ਪੀ ਐਸ ਈਜ਼ ਦੀ ਵਿੱਤੀ ਕਾਰਗੁਜ਼ਾਰੀ ਇਸ ਰਿਪੋਰਟ ਵਿੱਚ ਸ਼ਾਮਲ ਹੈ। ਐਸ ਪੀ ਐਸ ਈਜ਼ ਦੀ ਕਿਸਮ ਅਤੇ ਲੇਖਿਆਂ ਦੀ ਸਥਿਤੀ ਹੇਠਾਂ ਦਿੱਤੀ **ਸਾਰਣੀ 1** ਵਿੱਚ ਦਰਸਾਈ ਗਈ ਹੈ:

**ਸਾਰਣੀ 1 : ਅੰਤਿਮ ਰੂਪ ਦਿੱਤੇ ਲੇਖਿਆਂ ਦੀ ਸਥਿਤੀ**

| ਐਸ ਪੀ ਐਸ ਈਜ਼ ਦੀ ਕਿਸਮ | ਕੁੱਲ ਗਿਣਤੀ | ਇਸ ਰਿਪੋਰਟ ਵਿੱਚ ਸ਼ਾਮਲ ਐਸ ਪੀ ਐਸ ਈਜ਼ ਦੀ ਗਿਣਤੀ | | | | | ਇਸ ਰਿਪੋਰਟ ਵਿੱਚ ਨਾ ਸ਼ਾਮਲ ਐਸ ਪੀ ਐਸ ਈਜ਼ ਦੀ ਗਿਣਤੀ |
|---|---|---|---|---|---|---|---|
| | | ਸਾਲ 2019-20 ਲਈ ਲੇਖੇ | ਸਾਲ 2018-19 ਲਈ ਲੇਖੇ | ਸਾਲ 2017-18 ਲਈ ਲੇਖੇ | 2017-18 ਤੋਂ ਪਹਿਲੇ ਸਮੇਂ ਦੇ ਲੇਖੇ | ਕੁੱਲ | |
| ਊਰਜਾ ਖੇਤਰ | 5 | 4 | 1 | 0 | 0 | 5 | 0 |
| ਊਰਜਾ ਖੇਤਰ ਤੋਂ ਇਲਾਵਾ | 44 | 8 | 9 | 9 | 2 | 28 | 16 |
| **ਜੋੜ** | 49 | 12 | 10 | 9 | 2 | 33 | 16 |

*ਸਰੋਤ: ਐਸ ਪੀ ਐਸ ਈਜ਼ ਦੇ ਅੰਤਿਮ ਰੂਪ ਦਿੱਤੇ ਨਵੀਤਮ ਲੇਖੇ ।*

ਇਸ ਰਿਪੋਰਟ ਵਿੱਚ ਗੈਰ ਕਾਰਜਸ਼ੀਲ/ਲਿਕਵੀਡੇਸ਼ਨ ਅਧੀਨ 16 ਐਸ ਪੀ ਐਸ ਈਜ਼ ਸ਼ਾਮਲ ਨਹੀਂ ਹਨ।

*ਸਰਕਾਰ ਅਤੇ ਵਿਧਾਨ ਸਭਾ ਦੀ ਭੂਮਿਕਾ*

5. ਰਾਜ ਸਰਕਾਰ ਆਪਣੇ ਪ੍ਰਸ਼ਾਸਕੀ ਵਿਭਾਗਾਂ ਦੁਆਰਾ ਇਹਨਾਂ ਐਸ ਪੀ ਐਸ ਈਜ਼ ਦੇ ਮਾਮਲਿਆਂ ਉੱਪਰ ਨਿਯੰਤਰਣ ਕਰਦੀ ਹੈ। ਮੁੱਖ ਕਾਰਜਕਾਰੀ ਅਤੇ ਬੋਰਡ ਦੇ ਨਿਰਦੇਸ਼ਕ ਰਾਜ ਸਰਕਾਰ ਵੱਲੋਂ ਨਿਯੁਕਤ ਕੀਤੇ ਜਾਂਦੇ ਹਨ।

ਰਾਜ ਵਿਧਾਨ ਸਭਾ ਐਸ ਪੀ ਐਸ ਈਜ਼ ਵਿੱਚ ਸਰਕਾਰੀ ਨਿਵੇਸ਼ ਦੀ ਵਰਤੋਂ ਅਤੇ ਲੇਖਿਆਂ ਦੀ ਨਿਗਰਾਨੀ ਵੀ ਰੱਖਦੀ ਹੈ। ਇਸ ਦੇ ਲਈ, ਰਾਜ ਸਰਕਾਰ ਦੀਆਂ ਕੰਪਨੀਆਂ ਦੀ ਸਲਾਨਾ ਰਿਪੋਰਟ ਦੇ ਨਾਲ ਅਧਿਨਿਯਮਿਕ ਲੇਖਾ ਪਰੀਖਕਾਂ ਦੀ ਰਿਪੋਰਟ ਅਤੇ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀਆਂ ਟਿੱਪਣੀਆਂ ਅਤੇ ਅਧਿਨਿਯਮਕ ਨਿਗਮਾਂ ਦੀਆਂ ਸੈਪਰੇਟ ਆਡਿਟ ਰਿਪੋਰਟਾਂ ਐਕਟ, 2013, ਦੀ ਧਾਰਾ 394 ਦੇ ਅਧੀਨ ਜਾਂ ਜਿਵੇਂ ਸਬੰਧਿਤ ਐਕਟਾਂ ਵਿੱਚ ਨਿਰਧਾਰਤ ਕੀਤਾ ਗਿਆ ਹੈ, ਨੂੰ ਰਾਜ ਵਿਧਾਨ ਸਭਾ ਵਿੱਚ ਰੱਖਿਆ ਜਾਂਦਾ ਹੈ। ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀਆਂ ਆਡਿਟ ਰਿਪੋਰਟਾਂ ਨੂੰ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੇ (ਡਿਊਟੀਆਂ, ਸ਼ਕਤੀਆਂ ਅਤੇ ਸੇਵਾਵਾਂ ਦੀਆਂ ਸ਼ਰਤਾਂ) ਐਕਟ, 1971 ਦੀ ਧਾਰਾ 19 ਏ ਦੇ ਅਧੀਨ ਸਰਕਾਰ ਨੂੰ ਪੇਸ਼ ਕੀਤਾ ਜਾਂਦਾ ਹੈ।

---

5 ਵਿੱਤੀ ਸਾਲ 2019-20 ਲਈ, ਸਲਾਨਾ ਜਨਰਲ ਮੀਟਿੰਗ ਦੇ ਆਯੋਜਨ ਦੀ ਨਿਰਧਾਰਤ ਮਿਤੀ, ਕੰਪਨੀਆਂ ਦੇ ਰਜਿਸਟਰਾਰ ਦੇ 8 ਸਤੰਬਰ 2020 ਦੇ ਆਰਡਰ ਅਨੁਸਾਰ 31 ਦਸੰਬਰ 2020 ਤੱਕ ਵਧਾ ਦਿੱਤੀ ਗਈ ਹੈ।

## ਪੰਜਾਬ ਸਰਕਾਰ ਦੁਆਰਾ ਰਾਜ ਦੇ ਸਾਰਵਜਨਿਕ ਖੇਤਰ ਦੇ ਅਦਾਰਿਆਂ ਵਿੱਚ ਨਿਵੇਸ਼

6. ਪੰਜਾਬ ਸਰਕਾਰ (ਜੀ ਓ ਪੀ) ਦਾ ਰਾਜ ਸਾਰਵਜਨਿਕ ਖੇਤਰ ਅਦਾਰਿਆਂ (ਐਸ ਪੀ ਐਸ ਈਜ਼) ਵਿੱਚ ਵੱਡਾ ਵਿੱਤੀ ਹਿੱਸਾ ਹੈ । ਇਹ ਮੁੱਖ ਤੌਰ ਤੇ ਤਿੰਨ ਤਰ੍ਹਾਂ ਦਾ ਹੈ :

- **ਸ਼ੇਅਰ ਪੂੰਜੀ ਅਤੇ ਕਰਜ਼ੇ** – ਸ਼ੇਅਰ ਪੂੰਜੀ ਯੋਗਦਾਨ ਤੋਂ ਇਲਾਵਾ, ਜੀ ਓ ਪੀ ਇਨ੍ਹਾਂ ਐਸ ਪੀ ਐਸ ਈਜ਼ ਨੂੰ ਸਮੇਂ-ਸਮੇਂ ਤੇ ਕਰਜ਼ਿਆ ਰਾਹੀਂ ਵਿੱਤੀ ਸਹਾਇਤਾ ਵੀ ਪ੍ਰਦਾਨ ਕਰਦੀ ਹੈ।

- **ਵਿਸ਼ੇਸ਼ ਵਿੱਤੀ ਸਹਾਇਤਾ** – ਜੀ ਓ ਪੀ ਅਨੁਦਾਨਾਂ ਅਤੇ ਉਪਦਾਨਾਂ ਦੇ ਰਾਹੀ ਐਸ ਪੀ ਐਸ ਈਜ਼ ਨੂੰ ਜਦੋਂ ਲੋੜ ਹੋਵੇ ਬਜਟਰੀ ਸਹਾਇਤਾ ਪ੍ਰਦਾਨ ਕਰਦੀ ਹੈ।

- **ਗਰੰਟੀਆਂ**– ਜੀ ਓ ਪੀ ਵਿੱਤੀ ਸੰਸਥਾਵਾਂ ਤੋਂ ਐਸ ਪੀ ਐਸ ਈਜ਼ ਦੁਆਰਾ ਲਏ ਗਏ ਕਰਜ਼ਿਆਂ ਦੀ ਵਿਆਜ ਸਮੇਤ ਵਾਪਸੀ ਦੀ ਗਰੰਟੀ ਵੀ ਦਿੰਦੀ ਹੈ।

7. ਕਾਰਜਸ਼ੀਲ ਐਸ ਪੀ ਐਸ ਈਜ਼ ਵਿੱਚ 31 ਮਾਰਚ 2020 ਨੂੰ ਕੁੱਲ ਖੇਤਰ ਵਾਰ ਨਿਵੇਸ਼ {ਜੀ ਓ ਪੀ, ਭਾਰਤ ਸਰਕਾਰ (ਜੀ ਓ ਆਈ) ਅਤੇ ਹੋਰ} ਦਾ ਸਾਰ **ਸਾਰਣੀ** 2 ਵਿੱਚ ਦਿੱਤਾ ਗਿਆ ਹੈ:

**ਸਾਰਣੀ 2 : ਐਸ ਪੀ ਐਸ ਈਜ਼ ਵਿੱਚ ਖੇਤਰ ਵਾਰ ਨਿਵੇਸ਼**

(₹ ਕਰੋੜਾਂ ਵਿੱਚ)

| ਐਸ ਪੀ ਐਸ ਈਜ਼ ਦੀ ਕਿਸਮ | ਕਾਰਜਸ਼ੀਲ ਐਸ ਪੀ ਅਸ ਈਜ਼ ਦੀ ਗਿਣਤੀ | ਇਕਵਟੀ | | | | ਲੰਬੀ ਮਿਆਦ ਦੇ ਕਰਜ਼ੇ | | | | ਕੁੱਲ ਨਿਵੇਸ਼ | | | |
|---|---|---|---|---|---|---|---|---|---|---|---|---|---|
| | | ਜੀ ਓ ਪੀ | ਜੀ ਓ ਆਈ | ਹੋਰ | ਕੁੱਲ | ਜੀ ਓ ਪੀ | ਜੀ ਓ ਆਈ | ਹੋਰ | ਕੁੱਲ | ਜੀ ਓ ਪੀ | ਜੀ ਓ ਆਈ | ਹੋਰ | ਕੁੱਲ |
| ਊਰਜਾ ਖੇਤਰ | 05 | 22,315.61 | 0.00 | 23.00 | **22,338.61** | 14.07 | 0.00 | 16,458.90 | **16,472.97** | 22,329.68 | 0.00 | 16,481.90 | **38,811.58** |
| ਊਰਜਾ ਖੇਤਰ ਤੋਂ ਇਲਾਵਾ | 28 | 1,043.26 | 96.94 | 26.34 | **1,166.54** | 16,015.88 | 0.00 | 2,204.30 | **18,220.18** | 17,059.14 | 96.94 | 2,230.64 | **19,386.72** |
| **ਜੋੜ** | **33** | **23,358.87** | **96.94** | **49.34** | **23,505.15** | **16,029.95** | **0.00** | **18,663.20** | **34,693.15** | **39,388.82** | **96.94** | **18,712.54** | **58,198.30** |

*ਸਰੋਤ: ਐਸ ਪੀ ਐਸ ਈਜ਼ ਤੋਂ ਪ੍ਰਾਪਤ ਕੀਤੀ ਸੂਚਨਾ ਦੇ ਆਧਾਰ ਤੇ ਤਿਆਰ ਕੀਤੀ।*

31 ਮਾਰਚ 2020 ਨੂੰ, 33 ਐਸ ਪੀ ਐਸ ਈਜ਼ ਵਿੱਚ ਕੁੱਲ ਨਿਵੇਸ਼ (ਇਕਵਟੀ ਅਤੇ ਲੰਬੀ ਮਿਆਦ ਦੇ ਕਰਜ਼ੇ) ₹ 58,198.30 ਕਰੋੜ ਸੀ। ਨਿਵੇਸ਼ ਵਿੱਚ, ਇਕਵਟੀ 40.39 *ਪ੍ਰਤੀਸ਼ਤ* ਅਤੇ ਲੰਬੀ ਮਿਆਦ ਦੇ ਕਰਜ਼ੇ 59.61 *ਪ੍ਰਤੀਸ਼ਤ* ਸ਼ਾਮਲ ਸਨ। ਰਾਜ ਸਰਕਾਰ ਦੁਆਰਾ ਇਕਵਟੀ ਨਿਵੇਸ਼ ਕੁੱਲ ਇਕਵਟੀ ਨਿਵੇਸ਼ ਦਾ 99.38 *ਪ੍ਰਤੀਸ਼ਤ* ਬਣਦਾ ਸੀ ਜਦੋਂ ਕਿ 0.62 *ਪ੍ਰਤੀਸ਼ਤ* ਕੇਂਦਰ ਸਰਕਾਰ ਅਤੇ ਹੋਰਾਂ ਦੁਆਰਾ ਯੋਗਦਾਨ ਪਾਇਆ ਗਿਆ ਸੀ। ਇਸੇ ਤਰ੍ਹਾਂ, ਰਾਜ ਸਰਕਾਰ ਤੋਂ ਪ੍ਰਾਪਤ ਕੀਤੇ ਲੰਬੀ ਮਿਆਦ ਦੇ ਕਰਜ਼ੇ ਕੁੱਲ ਲੰਬੀ ਮਿਆਦ ਦੇ ਕਰਜ਼ਿਆਂ ਦਾ 46.20 *ਪ੍ਰਤੀਸ਼ਤ* ਬਣਦੇ ਸੀ ਜਦੋਂ ਕਿ 53.80 *ਪ੍ਰਤੀਸ਼ਤ* ਕਰਜ਼ੇ ਹੋਰ ਵਿੱਤੀ ਸੰਸਥਾਵਾ ਤੋਂ ਪ੍ਰਾਪਤ ਕੀਤੇ ਗਏ ਸਨ।

31 ਮਾਰਚ 2020 ਨੂੰ ਸਮਾਪਤ ਹੋਏ ਤਿੰਨ ਸਾਲਾਂ ਦੌਰਾਨ ਐਸ ਪੀ ਐਸ ਈਜ਼ ਵਿੱਚ ਨਿਵੇਸ਼ (ਇਕਵਟੀ ਅਤੇ ਲੰਬੀ ਮਿਆਦ ਦੇ ਕਰਜ਼ੇ) ਦੇ ਵੇਰਵਿਆਂ ਨੂੰ **ਚਾਰਟ** 1 ਵਿੱਚ ਦਰਸਾਇਆ ਗਿਆ ਹੈ:

**ਚਾਰਟ 1 : ਐਸ ਪੀ ਐਸ ਈਜ਼ ਵਿੱਚ ਖੇਤਰ ਵਾਰ ਨਿਵੇਸ਼**




ਇਹ ਵੇਖਿਆ ਜਾ ਸਕਦਾ ਹੈ ਕਿ ਰਾਜ ਸਰਕਾਰ ਦਾ ਰਾਜ ਊਰਜਾ ਖੇਤਰ ਦੇ ਅਦਾਰਿਆਂ ਵਿੱਚ ਨਿਵੇਸ਼ ₹ 37,127.45 ਕਰੋੜ ਤੋਂ ਵੱਧ ਕੇ ₹ 38,811.58 ਕਰੋੜ ਅਤੇ ਰਾਜ (ਊਰਜਾ ਖੇਤਰ ਤੋਂ ਇਲਾਵਾ) ਦੇ ਅਦਾਰਿਆਂ ਦੇ ਮਾਮਲੇ ਵਿੱਚ ₹ 27,780.31 ਕਰੋੜ ਤੋਂ ਘੱਟ ਕੇ ₹ 19,386.72 ਕਰੋੜ ਹੋ ਗਿਆ।

# ਅਧਿਆਇ – I

# ਰਾਜ ਦੇ ਸਾਰਵਜਨਿਕ ਖੇਤਰ ਦੇ ਅਦਾਰਿਆਂ ਦੀ ਵਿੱਤੀ ਕਾਰਗੁਜ਼ਾਰੀ (ਊਰਜਾ ਖੇਤਰ)

## ਅਧਿਆਇ – I

## ਰਾਜ ਦੇ ਸਾਰਵਜਨਿਕ ਖੇਤਰ ਦੇ ਅਦਾਰਿਆਂ ਦੀ ਵਿੱਤੀ ਕਾਰਗੁਜ਼ਾਰੀ (ਊਰਜਾ ਖੇਤਰ )

### 1.1 ਭੂਮਿਕਾ

ਰਾਜ ਵਿੱਚ 31 ਮਾਰਚ 2020 ਨੂੰ ਊਰਜਾ ਖੇਤਰ ਵਿੱਚ ਪੰਜ[1] ਰਾਜ ਸਾਰਵਜਨਿਕ ਖੇਤਰ ਦੇ ਅਦਾਰੇ (ਐਸ ਪੀ ਐਸ ਈਜ਼) ਸਨ। ਸਾਰੇ ਪੰਜ ਐਸ ਪੀ ਐਸ ਈਜ਼ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ (ਸੀ ਏ ਜੀ) ਦੇ ਲੇਖਾ ਪ੍ਰੀਖਿਆ ਅਧਿਕਾਰ ਖੇਤਰ ਵਿੱਚ ਸਨ। ਇਨ੍ਹਾਂ ਵਿੱਚ ਦੋ[2] ਊਰਜਾ ਖੇਤਰ ਐਸ ਪੀ ਐਸ ਈਜ਼ ਨੇ ਅਜੇ ਤੱਕ ਵਪਾਰਕ ਗਤੀਵਿਧੀਆਂ ਸ਼ੁਰੂ ਨਹੀਂ ਕੀਤੀਆ ਹਨ ਅਤੇ ਹੋਲਡਿੰਗ ਕੰਪਨੀ (ਪੰਜਾਬ ਰਾਜ ਪਾਵਰ ਕੋਰਪੋਰੇਸ਼ਨ ਲਿਮਟਡ) ਦੁਆਰਾ ਸਮਾਪਤ ਕਰਨ ਲਈ ਵਿਚਾਰ ਅਧੀਨ ਹਨ। ਪੰਜ ਊਰਜਾ ਖੇਤਰ ਐਸ ਪੀ ਐਸ ਈਜ਼ ਵਿੱਚੋਂ, ਤਿੰਨ[3] ਊਰਜਾ ਦਾ ਉਤਪਾਦਨ ਕਰਨ ਲਈ ਬਣਾਈਆਂ ਗਈਆਂ ਹਨ, ਇੱਕ ਐਸ ਪੀ ਐਸ ਈ (ਪੰਜਾਬ ਰਾਜ ਪਾਵਰ ਕੋਰਪੋਰੇਸ਼ਨ ਲਿਮਟਡ) ਉਤਪਾਦਨ ਅਤੇ ਵੰਡ ਦੋਵੇਂ ਗਤੀਵਿਧੀਆਂ ਕਰਦੀ ਹੈ ਅਤੇ ਇਕ ਐਸ ਪੀ ਐਸ ਈ, ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ ਸੰਚਾਰ ਗਤੀਵਿਧੀ ਕਰਦੀ ਹੈ। ਪੰਜਾਬ ਸਰਕਾਰ (ਜੀ ਓ ਪੀ) ਨੇ ਪੰਜ ਊਰਜਾ ਖੇਤਰ ਐਸ ਪੀ ਐਸ ਈਜ਼ ਵਿੱਚੋਂ ਸਿਰਫ ਦੋ[4] ਵਿੱਚ ਨਿਵੇਸ਼ ਕੀਤਾ ਹੈ ਜਦੋਂਕਿ ਹੋਰ ਤਿੰਨ੍ਹਾਂ ਵਿੱਚ ਨਿਵੇਸ਼ ਉਨ੍ਹਾਂ ਦੀਆਂ ਹੋਲਡਿੰਗ ਐਸ ਪੀ ਐਸ ਈ/ ਸਰਕਾਰੀ ਸੰਗਠਨ ਵਲੋਂ ਕੀਤਾ ਗਿਆ ਹੈ।

ਇਸ ਅਧਿਆਇ ਵਿਚ ***ਅਨੁਲੱਗ 1*** ਦੇ ਅਨੁਸਾਰ 31 ਦਸੰਬਰ 2020 ਨੂੰ ਅੰਤਿਮ ਰੂਪ ਦਿੱਤੇ ਨਵੀਨਤਮ ਲੇਖਿਆਂ ਦੇ ਅਧਾਰ ਤੇ ਪੰਜ ਊਰਜਾ ਖੇਤਰ ਐਸ ਪੀ ਐਸ ਈਜ਼ ਦੀ ਵਿੱਤੀ ਕਾਰਗੁਜ਼ਾਰੀ ਸ਼ਾਮਲ ਕੀਤੀ ਗਈ ਹੈ।

| ਊਰਜਾ ਖੇਤਰ ਐਸ ਪੀ ਐਸ ਈਜ਼ ਦੀ ਵਿੱਤੀ ਕਾਰਗੁਜ਼ਾਰੀ ਦਾ ਸਾਰ | |
|---|---|
| ਊਰਜਾ ਖੇਤਰ ਦੇ ਐਸ ਪੀ ਐਸ ਈਜ਼ ਦੀ ਗਿਣਤੀ | 05 |
| ਐਸ ਪੀ ਐਸ ਈਜ਼ ਸ਼ਾਮਲ | 05 |
| ਅਦਾ ਕੀਤੀ ਪੂੰਜੀ | ₹ 22,338.61 ਕਰੋੜ |
| ਪੰਜਾਬ ਸਰਕਾਰ ਦਾ ਇਕਵਟੀ ਨਿਵੇਸ਼ 31 ਮਾਰਚ 2020 ਨੂੰ | ₹ 22,315.61 ਕਰੋੜ |
| ਲੰਬੀ ਮਿਆਦ ਦੇ ਕਰਜ਼ੇ | ₹ 16,472.97 ਕਰੋੜ |
| ਨਿਰੋਲ ਲਾਭ | ₹ 3.93 ਕਰੋੜ (ਇਕ[5] ਐਸ ਪੀ ਐਸ ਈ) |
| ਨਿਰੋਲ ਹਾਨੀ | (–) ₹ 1,191.77 ਕਰੋੜ (ਦੋ[6] ਐਸ ਪੀ ਐਸ ਈਜ਼) |

---

1 ਗਿੱਦੜਬਾਰਾ ਪਾਵਰ ਲਿਮਟਡ (ਜੀ ਪੀ ਐਲ), ਪੰਜਾਬ ਜੈਨਕੋ ਲਿਮਟਡ (ਪੀ ਜੀ ਐਲ), ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਡ (ਪੀ ਐਸ ਪੀ ਸੀ ਐਲ), ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ (ਪੀ ਐਸ ਟੀ ਸੀ ਐਲ) ਅਤੇ ਪੰਜਾਬ ਥਰਮਲ ਜਨਰੇਸ਼ਨ ਲਿਮਟਡ (ਪੀ ਟੀ ਜੀ ਐਲ) ।

2 ਜੀ ਪੀ ਐਲ ਅਤੇ ਪੀ ਟੀ ਜੀ ਐਲ। ਹੋਲਡਿੰਗ ਕੰਪਨੀ ਪੀ ਐਸ ਪੀ ਸੀ ਐਲ ਨੇ ਕ੍ਰਮਵਾਰ ਜੁਲਾਈ 2018 ਅਤੇ ਅਪ੍ਰੈਲ 2017 ਵਿੱਚ ਐਸ ਪੀ ਐਸ ਈਜ਼ ਨੂੰ ਸਮਾਪਤ ਕਰਨ ਦਾ ਫੈਸਲਾ ਕੀਤਾ ।

3 ਜੀ ਪੀ ਐਲ (ਪੀ ਐਸ ਪੀ ਸੀ ਐਲ ਦੀ ਪੂਰੀ ਮਲਕੀਅਤ ਵਾਲੀ ਸਹਾਇਕ ਕੰਪਨੀ), ਪੀ ਜੀ ਐਲ (ਪੂਰੀ ਹਿੱਸੇਦਾਰੀ ਪੰਜਾਬ ਊਰਜਾ ਵਿਕਾਸ ਏਜੰਸੀ ਦੇ ਕੋਲ) ਅਤੇ ਪੀ ਟੀ ਜੀ ਐਲ (ਪੀ ਐਸ ਪੀ ਸੀ ਐਲ ਦੀ ਪੂਰਨ ਮਲਕੀਅਤ ਵਾਲੀ ਸਹਾਇਕ ਕੰਪਨੀ)।

4 ਪੀ ਐਸ ਪੀ ਸੀ ਐਲ ਅਤੇ ਪੀ ਐਸ ਟੀ ਸੀ ਐਲ।

5 ਪੀ ਜੀ ਐਲ।

6 ਪੀ ਐਸ ਪੀ ਸੀ ਐਲ ਅਤੇ ਪੀ ਐਸ ਟੀ ਸੀ ਐਲ।

| | |
|---|---|
| ਜ਼ੀਰੋ ਲਾਭ/ ਹਾਨੀ | ਦੋ[7] ਐਸ ਪੀ ਐਸ ਈਜ਼ |
| ਲਾਭਅੰਸ਼ ਘੋਸ਼ਿਤ ਕੀਤਾ | ₹ 1.83 ਕਰੋੜ |
| ਕੁੱਲ ਸੰਪਤੀ | ₹ 64,318.94 ਕਰੋੜ |
| ਟਰਨਓਵਰ | ₹ 33,262.60 ਕਰੋੜ |
| ਨਿਰੋਲ ਮੁੱਲ[8] | ₹ 14,675.57 ਕਰੋੜ |

*ਸਰੋਤ: ਊਰਜਾ ਖੇਤਰ ਐਸ ਪੀ ਐਸ ਈਜ਼ ਦੇ ਅੰਤਿਮ ਰੂਪ ਦਿੱਤੇ ਨਵੀਨਤਮ ਲੇਖੇ ਅਤੇ ਐਸ ਪੀ ਐਸ ਈਜ਼ ਤੋਂ ਪ੍ਰਾਪਤ ਜਾਣਕਾਰੀ ।*

ਊਰਜਾ ਖੇਤਰ ਐਸ ਪੀ ਐਸ ਈਜ਼ ਦੀ ਟਰਨਓਵਰ ਅਤੇ ਕੁੱਲ ਰਾਜ ਘਰੇਲੂ ਉਤਪਾਦ (ਜੀ ਐਸ ਡੀ ਪੀ) ਦਾ ਅਨੁਪਾਤ ਰਾਜ ਦੀ ਅਰਥਵਿਵਸਥਾ ਵਿੱਚ ਇਹਨਾਂ ਐਸ ਪੀ ਐਸ ਈਜ਼ ਦੀਆਂ ਗਤੀਵਿਧੀਆਂ ਦੇ ਯੋਗਦਾਨ ਨੂੰ ਦਰਸਾਉਂਦਾ ਹੈ। ਹੇਠਾਂ ਦਿੱਤੀ **ਸਾਰਣੀ 1.1** ਮਾਰਚ 2020 ਨੂੰ ਖਤਮ ਹੋਏ ਪਿਛਲੇ ਪੰਜ ਸਾਲਾਂ ਲਈ ਊਰਜਾ ਖੇਤਰ ਐਸ ਪੀ ਐਸ ਈਜ਼ ਦੀ ਟਰਨਓਵਰ ਅਤੇ ਪੰਜਾਬ ਦੇ ਜੀ ਐਸ ਡੀ ਪੀ ਦੇ ਵੇਰਵੇ ਪ੍ਰਦਾਨ ਕਰਦੀ ਹੈ।

**ਸਾਰਣੀ 1.1: ਊਰਜਾ ਖੇਤਰ ਐਸ ਪੀ ਐਸ ਈਜ਼ ਦੀ ਟਰਨਓਵਰ ਵਿਰੁੱਧ ਪੰਜਾਬ ਦੇ ਜੀ ਐਸ ਡੀ ਪੀ ਦੇ ਵੇਰਵੇ**

(₹ ਕਰੋੜਾਂ ਵਿੱਚ)

| ਵੇਰਵੇ | 2015-16 | 2016-17 | 2017-18 | 2018-19 | 2019-20 |
|---|---|---|---|---|---|
| ਟਰਨਓਵਰ | 23,589.08 | 24,763.66 | 29,880.88 | 32,040.21 | 33,262.60 |
| ਪੰਜਾਬ ਦੀ ਜੀ ਐਸ ਡੀ ਪੀ (ਵਰਤਮਾਨ ਮੁੱਲ ਅਤੇ ਅਡਵਾਂਸ ਅਨੁਮਾਨ ਤੇ) | 3,90,087.00 | 4,26,988.00 | 4,70,834.00 | 5,26,376.00 | 5,74,760.00 |
| ਪੰਜਾਬ ਦੀ ਜੀ ਐਸ ਡੀ ਪੀ ਨਾਲ ਟਰਨਓਵਰ ਦੀ ਪ੍ਰਤੀਸ਼ਤਤਾ | 6.05 | 5.80 | 6.35 | 6.09 | 5.79 |

*ਸਰੋਤ: ਟਰਨਓਵਰ ਅੰਕੜੇ ਸੰਬੰਧਿਤ ਸਾਲਾਂ ਦੇ ਅੰਤਿਮ ਰੂਪ ਦਿੱਤੇ ਨਵੀਨਤਮ ਲੇਖਿਆਂ ਅਨੁਸਾਰ ਹਨ ਅਤੇ ਜੀ ਐਸ ਡੀ ਪੀ ਅੰਕੜੇ ਪੰਜਾਬ ਸਰਕਾਰ ਦੇ ਆਰਥਿਕ ਅਤੇ ਅੰਕੜਾ ਸੰਗਠਨ ਅਨੁਸਾਰ ਹਨ ।*

ਸਾਲ 2015-16 ਤੋਂ 2019-20 ਦੌਰਾਨ, ਊਰਜਾ ਖੇਤਰ ਐਸ ਪੀ ਐਸ ਈਜ਼ ਦੀ ਟਰਨਓਵਰ ਵਿੱਚ ਨਿਰੰਤਰ ਵਾਧਾ ਦਰਜ ਕੀਤਾ ਗਿਆ ਹੈ ਅਤੇ ਇਹ ਸਾਲ 2015-20 ਦੀ ਅਵਧੀ ਦੌਰਾਨ 3.82 *ਪ੍ਰਤੀਸ਼ਤ* ਤੋਂ 20.66 *ਪ੍ਰਤੀਸ਼ਤ* ਦੇ ਵਿਚਕਾਰ ਰਿਹਾ, ਜਦੋਂਕਿ ਇਸੇ ਅੱਵਧੀ ਦੌਰਾਨ ਪੰਜਾਬ ਦੇ ਜੀ ਐਸ ਡੀ ਪੀ ਵਿੱਚ ਵਾਧਾ 9.19 *ਪ੍ਰਤੀਸ਼ਤ* ਤੋਂ 11.80 *ਪ੍ਰਤੀਸ਼ਤ* ਦੇ ਵਿਚਕਾਰ ਰਿਹਾ। ਮਿਸ਼ਰਿਤ ਸਲਾਨਾ ਵਾਧਾ ਵੱਖ-ਵੱਖ ਸਮੇਂ ਦੌਰਾਨ ਵਿਕਾਸ ਦਰ ਨੂੰ ਮਾਪਣ ਦਾ ਇੱਕ ਲਾਭਦਾਇਕ ਤਰੀਕਾ ਹੈ। ਪਿਛਲੇ ਪੰਜ ਸਾਲਾਂ ਦੋਰਾਨ ਜੀ ਐਸ ਡੀ ਪੀ ਵਿੱਚ 10.11 *ਪ੍ਰਤੀਸ਼ਤ* ਦੇ ਮਿਸ਼ਰਿਤ ਸਲਾਨਾ ਵਾਧੇ ਦੇ ਵਿਰੁੱਧ, ਊਰਜਾ ਖੇਤਰ ਐਸ ਪੀ ਐਸ ਈਜ਼ ਦੀ ਟਰਨਓਵਰ ਵਿੱਚ ਘੱਟ ਮਿਸ਼ਰਿਤ ਸਲਾਨਾ ਵਿਕਾਸ ਦਰ 8.35 *ਪ੍ਰਤੀਸ਼ਤ* ਦਰਜ ਕੀਤੀ ਗਈ। ਇਸ ਲਈ, ਜੀ ਐਸ ਡੀ ਪੀ ਵਿੱਚ ਊਰਜਾ ਖੇਤਰ ਐਸ ਪੀ ਐਸ ਈਜ਼ ਦੀ ਟਰਨਓਵਰ ਦਾ ਹਿੱਸਾ 2015-16 ਵਿੱਚ 6.05 *ਪ੍ਰਤੀਸ਼ਤ* ਤੋਂ ਘੱਟ ਕੇ 2019-20 ਵਿੱਚ 5.79 *ਪ੍ਰਤੀਸ਼ਤ* ਹੋ ਗਿਆ।

ਕਨੂੰਨੀ ਲੋੜ ਅਨੁਸਾਰ, ਪੰਜ ਊਰਜਾ ਖੇਤਰ ਐਸ ਪੀ ਐਸ ਈਜ਼ ਵਿੱਚੋਂ, ਚਾਰ ਐਸ ਪੀ ਐਸ ਈਜ਼ ਨੇ ਸਾਲ 2019-20 ਲਈ ਆਪਣੇ ਲੇਖੇ ਸੀ ਏ ਜੀ ਦੁਆਰਾ ਆਡਿਟ ਲਈ 31 ਦਸੰਬਰ

---

7 ਜੀ ਪੀ ਐਲ ਅਤੇ ਪੀ ਟੀ ਜੀ ਐਲ - ਵਪਾਰਕ ਗਤੀਵਿਧੀਆਂ ਸ਼ੁਰੂ ਨਹੀਂ ਹੋਈਆਂ।

8 ਨਿਰੋਲ ਮੁੱਲ = ਅਦਾ ਕੀਤੀ ਪੂੰਜੀ + ਫਰੀ ਰਿਜ਼ਰਵੇ ਅਤੇ ਸਰਪਲੱਸ - ਸੰਚਿਤ ਘਾਟੇ - ਮੁਲਤਵੀ ਰੈਵਿਨਿਯੂ ਖਰਚਾ ।

2020[9] ਨੂੰ ਜਾਂ ਇਸ ਤੋਂ ਪਹਿਲਾਂ, ਜਮ੍ਹਾਂ ਕਰਵਾਏ ਸਨ। 31 ਮਾਰਚ 2020 ਨੂੰ ਖਤਮ ਹੁੰਦੇ ਪਿਛਲੇ ਤਿੰਨ ਸਾਲਾਂ ਲਈ, ਊਰਜਾ ਖੇਤਰ ਐਸ ਪੀ ਐਸ ਈਜ਼ ਵੱਲੋਂ ਲੇਖੇ ਪੇਸ਼ ਕਰਨ ਵਿੱਚ ਬਕਾਇਆ ਦੇ ਵੇਰਵੇ ਹੇਠਾਂ ਦਿੱਤੇ ਗਏ ਹਨ:

**ਸਾਰਣੀ 1.2: ਊਰਜਾ ਖੇਤਰ ਐਸ ਪੀ ਐਸ ਈਜ਼ ਵਲੋਂ ਲੇਖੇ ਪੇਸ਼ ਕਰਨ ਸੰਬੰਧੀ ਸਥਿਤੀ**

| ਲੜੀ ਨੰ. | ਵੇਰਵੇ | 2017-18 | 2018-19 | 2019-20 |
|---|---|---|---|---|
| 1. | ਐਸ ਪੀ ਐਸ ਈਜ਼ ਦੀ ਗਿਣਤੀ | 5 | 5 | 5 |
| 2. | ਚਾਲੂ ਸਾਲ ਦੌਰਾਨ ਪੇਸ਼ ਕੀਤੇ ਲੇਖਿਆਂ ਦੀ ਗਿਣਤੀ | 9 | 5 | 5 |
| 3. | ਐਸ ਪੀ ਐਸ ਈਜ਼ ਦੀ ਗਿਣਤੀ ਜਿਨ੍ਹਾਂ ਨੇ ਚਾਲੂ ਸਾਲ ਦੇ ਲੇਖਿਆਂ ਨੂੰ ਅੰਤਿਮ ਰੂਪ ਦਿੱਤਾ | 4 | 4 | 4 |
| 4. | ਚਾਲੂ ਸਾਲ ਦੌਰਾਨ ਅੰਤਿਮ ਰੂਪ ਦਿੱਤੇ ਗਏ ਪਿਛਲੇ ਸਾਲ ਦੇ ਲੇਖਿਆਂ ਦੀ ਗਿਣਤੀ | 5 | 1 | 1 |
| 5. | ਐਸ ਪੀ ਐਸ ਈਜ਼ ਦੀ ਗਿਣਤੀ ਜਿਨ੍ਹਾਂ ਦੇ ਲੇਖੇ ਬਕਾਇਆ ਹਨ | 1 | 1 | 1 |
| 6. | ਬਕਾਇਆ ਲੇਖਿਆਂ ਦੀ ਗਿਣਤੀ | 1 | 1 | 1 |
| 7. | ਬਕਾਇਆ ਦੀ ਹੱਦ | ਇੱਕ ਸਾਲ | ਇੱਕ ਸਾਲ | ਇੱਕ ਸਾਲ |

*ਸਰੋਤ: ਅਕਤੂਬਰ 2019 ਤੋਂ ਦਸਬੰਰ 2020 ਦੀ ਅਵਧੀ ਦੌਰਾਨ ਪ੍ਰਾਪਤ ਹੋਏ ਲੇਖਿਆਂ ਦੇ ਅਧਾਰ ਤੇ ਕੰਪਾਈਲ ਕੀਤੀ ।*

ਸਿਰਫ ਇੱਕ ਕੰਪਨੀ (ਪੰਜਾਬ ਜੈਨਕੋ ਲਿਮਟਡ) ਦੇ ਇੱਕ ਸਾਲ, ਜੋ ਕਿ 2019-20 ਹੈ, ਦੇ ਲੇਖੇ ਤਿਆਰ ਕਰਨੇ ਬਕਾਇਆ ਸਨ।

## 1.2 ਰਾਜ ਵਿਚ ਊਰਜਾ ਦੀ ਮੰਗ, ਉਪਲੱਬਧਤਾ ਅਤੇ ਸਪਲਾਈ ਸਥਿਤੀ

2015-16 ਤੋਂ 2019-20 ਦੌਰਾਨ ਊਰਜਾ ਦੀ ਪੀਕ ਮੰਗ, ਇਸਦੀ ਉਪਲੱਬਧਤਾ ਅਤੇ ਰਾਜ ਦੇ ਆਪਣੇ ਊਰਜਾ ਉਤਪਾਦਨ ਅਦਾਰੇ, ਪੀ ਐਸ ਪੀ ਸੀ ਐਲ ਦਾ ਹਿੱਸਾ ਹੇਠਾਂ **ਸਾਰਣੀ 1.3** ਵਿੱਚ ਦਿੱਤਾ ਗਿਆ ਹੈ:

**ਸਾਰਣੀ 1.3: ਪੀ ਐਸ ਪੀ ਸੀ ਐਲ ਦੇ ਊਰਜਾ ਉਤਪਾਦਨ ਦੇ ਵੇਰਵੇ**

| ਸਾਲ | ਪੀ ਐਸ ਪੀ ਸੀ ਐਲ ਦੀ ਸਥਾਪਿਤ ਸਮਰੱਥਾ (ਐਮ ਡਬਲਿਊ ਵਿੱਚ) | ਕੁੱਲ ਆਪਣੀ ਸਥਾਪਿਤ ਸਮਰੱਥਾ ਅਤੇ ਖਰੀਦ ਸਮਝੌਤੇ ਸਮਰੱਥਾ (ਐਮ ਡਬਲਿਊ ਵਿੱਚ) | ਪੀਕ ਮੰਗ (ਐਮ ਡਬਲਿਊ ਵਿੱਚ) | ਊਰਜਾ ਦੀ ਉਪਲੱਬਧਤਾ (ਐਮ ਡਬਲਿਊ ਵਿੱਚ) | ਪੀਕ ਮੰਗ ਤੋਂ ਉਪਰ ਟਾਈ ਅਪ ਕੀਤੀ ਵਾਧੂ ਊਰਜਾ ਦੀ ਪ੍ਰਤੀ-ਸ਼ਤਤਾ | ਕੁੱਲ ਊਰਜਾ ਸਪਲਾਈ (ਐਮ ਯੂਜ਼ ਵਿੱਚ) | ਪੀ ਐਸ ਪੀ ਸੀ ਐਲ ਦੁਆਰਾ ਸਪਲਾਈ ਕੀਤੀ ਊਰਜਾ (ਐਮ ਯੂਜ਼ ਵਿੱਚ) | ਕੁੱਲ ਸਪਲਾਈ ਵਿੱਚ ਪੀ ਐਸ ਪੀ ਸੀ ਐਲ ਦਾ ਆਪਣਾ ਹਿੱਸਾ (*ਪ੍ਰਤੀਸ਼ਤ* ਵਿੱਚ) |
|---|---|---|---|---|---|---|---|---|
| 2015-16 | 3,640 | 11,996 | 10,852 | 10,852 | 0 | 50,353 | 16,155 | 32.08 |
| 2016-17 | 3,640 | 13,961 | 11,408 | 11,408 | 0 | 53,167 | 13,277 | 24.97 |
| 2017-18 | 2,778 | 13,391 | 11,705 | 11,705 | 0 | 55,012 | 13,441 | 24.43 |
| 2018-19 | 2,776 | 13,466 | 12,638 | 12,638 | 0 | 55,262 | 11,343 | 20.53 |
| 2019-20 | 2,776 | 13,902 | 13,606 | 13,606 | 0 | 56,542 | 11,005 | 19.46 |

*ਸਰੋਤ : ਪੀ ਐਸ ਪੀ ਸੀ ਐਲ ਵੱਲੋਂ ਦਿੱਤੀ ਗਈ ਸੂਚਨਾ ।*

9 ਵਿੱਤੀ ਸਾਲ 2019-20 ਲਈ, ਸਲਾਨਾ ਜਨਰਲ ਮੀਟਿੰਗ ਦੇ ਆਯੋਜਨ ਦੀ ਨਿਰਧਾਰਤ ਮਿਤੀ, ਕੰਪਨੀਆਂ ਦੇ ਰਜਿਸਟਰਾਰ ਦੇ 8 ਸਤੰਬਰ 2020 ਦੇ ਆਰਡਰ ਅਨੁਸਾਰ 31 ਦਸੰਬਰ 2020 ਤੱਕ ਵਧਾ ਦਿੱਤੀ ਗਈ ਹੈ।

2015-20 ਦੇ ਸਮੇਂ ਦੌਰਾਨ, ਪੀ ਐਸ ਪੀ ਸੀ ਐਲ ਆਪਣੀ ਪੀਕ ਮੰਗ ਪੂਰੀ ਕਰਨ ਵਿੱਚ ਸਮਰੱਥ ਰਿਹਾ। ਪੀ ਐਸ ਪੀ ਸੀ ਐਲ ਨੇ ਹੋਰ ਊਰਜਾ ਉਤਪਾਦਕਾਂ ਨਾਲ ਲੰਬੀ ਮਿਆਦ ਦੇ ਊਰਜਾ ਖਰੀਦ ਸਮਝੌਤੇ ਕੀਤੇ ਸਨ। ਇਹ ਦੇਖਿਆ ਗਿਆ ਕਿ ਸਪਲਾਈ ਕੀਤੀ ਕੁੱਲ ਊਰਜਾ ਵਿੱਚ ਕੰਪਨੀ ਦਾ ਆਪਣੀ ਉਤਪਾਦਿਤ ਊਰਜਾ ਦਾ ਹਿੱਸਾ ਨਿਰੰਤਰ ਘੱਟ ਰਿਹਾ ਹੈ ਜੋ ਕਿ ਵਪਾਰਕ ਪਹਿਲੂਆਂ ਦਾ ਮੁਲਾਂਕਣ ਕਰਨ ਤੋਂ ਬਾਅਦ ਆਪਣੀਆਂ ਇਕਾਈਆਂ ਨੂੰ ਬੰਦ ਕਰਨ ਅਤੇ ਇਸਦੀ ਉਤਪਾਦਨ ਇਕਾਈਆਂ ਦੇ ਸੰਚਾਲਨ ਮਾਪਦੰਡਾਂ ਦੇ ਵਿਗਾੜ ਕਾਰਨ ਹੈ।

## 1.3 ਐਸ ਪੀ ਐਸ ਈਜ਼ ਵਿੱਚ ਨਿਵੇਸ਼

31 ਮਾਰਚ 2020 ਨੂੰ ਪੰਜ ਊਰਜਾ ਖੇਤਰ ਐਸ ਪੀ ਐਸ ਈਜ਼ ਵਿੱਚ ਇਕਵਟੀ ਅਤੇ ਲੰਬੀ ਮਿਆਦ ਦੇ ਕਰਜ਼ਿਆਂ ਵਿੱਚ ਨਿਵੇਸ਼ ਦੀ ਮਾਤਰਾ ਹੇਠਾਂ ਦਿੱਤੀ ਗਈ ਹੈ:

**ਸਾਰਣੀ 1.4: ਊਰਜਾ ਖੇਤਰ ਐਸ ਪੀ ਐਸ ਈਜ਼ ਵਿੱਚ ਇਕਵਟੀ ਨਿਵੇਸ਼ ਅਤੇ ਕਰਜ਼ੇ**

(₹ ਕਰੋੜਾਂ ਵਿੱਚ)

| ਨਿਵੇਸ਼ ਦਾ ਸਰੋਤ | ਮਾਰਚ 2018 ਨੂੰ | | | ਮਾਰਚ 2019 ਨੂੰ | | | ਮਾਰਚ 2020 ਨੂੰ | | |
|---|---|---|---|---|---|---|---|---|---|
| | ਇਕਵਟੀ | ਲੰਬੀ ਮਿਆਦ ਦੇ ਕਰਜ਼ੇ | ਕੁੱਲ | ਇਕਵਟੀ | ਲੰਬੀ ਮਿਆਦ ਦੇ ਕਰਜ਼ੇ | ਕੁੱਲ | ਇਕਵਟੀ | ਲੰਬੀ ਮਿਆਦ ਦੇ ਕਰਜ਼ੇ | ਕੁੱਲ |
| ਰਾਜ ਸਰਕਾਰ | 6,687.35 | 15,654.95 | 22,342.30 | 6,687.35 | 20.38 | 6,707.73 | 22,315.61 | 14.07 | 22,329.68 |
| ਕੇਂਦਰ ਸਰਕਾਰ[10] | 0.00 | 0.00 | 0.00 | 0.00 | 0.00 | 0.00 | 0.00 | 0.00 | 0.00 |
| ਹੋਰ[11] | 23.00 | 14,762.15 | 14,785.15 | 23.00 | 15,696.72 | 15,719.72 | 23.00 | 16,458.90 | 16,481.90 |
| **ਕੁੱਲ** | **6,710.35** | **30,417.10** | **37,127.45** | **6,710.35** | **15,717.10** | **22,427.45** | **22,338.61** | **16,472.97** | **38,811.58** |
| ਕੁੱਲ ਨਿਵੇਸ਼ ਨਾਲ ਰਾਜ ਸਰਕਾਰ ਦੇ ਨਿਵੇਸ਼ ਦੀ ਪ੍ਰਤੀਸ਼ਤਤਾ | **99.66** | **51.47** | **60.18** | **99.66** | **0.13** | **29.91** | **99.90** | **0.09** | **57.53** |

*ਸਰੋਤ: ਐਸ ਪੀ ਐਸ ਈਜ਼ ਤੋਂ ਪ੍ਰਾਪਤ ਸੂਚਨਾ ਅਨੁਸਾਰ ਕੰਪਾਇਲ ਕੀਤੀ।*

ਪੰਜਾਬ ਸਰਕਾਰ ਊਰਜਾ ਖੇਤਰ ਐਸ ਪੀ ਐਸ ਈਜ਼ ਨੂੰ ਸਾਲਾਨਾ ਬਜਟ ਰਾਹੀਂ ਵੱਖ-ਵੱਖ ਰੂਪਾਂ ਵਿੱਚ ਵਿੱਤੀ ਸਹਾਇਤਾ ਪ੍ਰਦਾਨ ਕਰਦੀ ਹੈ। ਮਾਰਚ 2020 ਨੂੰ ਖਤਮ ਹੋਣ ਵਾਲੇ ਪਿਛਲੇ ਪੰਜ ਸਾਲਾਂ ਦੌਰਾਨ ਐਸ ਪੀ ਐਸ ਈਜ਼ ਦੇ ਸਬੰਧ ਵਿੱਚ ਸਾਲ ਦੌਰਾਨ ਇਕਵਟੀ, ਕਰਜ਼ਿਆਂ, ਅਨੁਦਾਨਾਂ/ ਉਪਦਾਨਾਂ, ਵੱਟੇ ਖਾਤੇ ਪਾਏ ਕਰਜ਼ੇ ਅਤੇ ਇਕਵਟੀ ਵਿੱਚ ਤਬਦੀਲ ਕਰਜ਼ੇ ਪ੍ਰਤੀ ਦਿੱਤੀ ਬਜਟਰੀ ਸਹਾਇਤਾ ਦੇ ਸੰਖੇਪ ਵੇਰਵੇ **ਸਾਰਣੀ** 1.5 ਅਨੁਸਾਰ ਹਨ:

---

10 ਕੇਂਦਰ ਸਰਕਾਰ ਦੀ ਆਰ ਏ ਪੀ ਡੀ ਆਰ ਪੀ ਸਕੀਮ ਅਧੀਨ ਪਾਵਰ ਫਾਇਨਾਂਸ ਕਾਰਪੋਰੇਸ਼ਨ ਦੇ ਕਰਜ਼ਿਆਂ ਨੂੰ ਦੂਜੇ ਸਰੋਤਾਂ ਤੋਂ ਲਿਆ ਕਰਜ਼ਾ ਮੰਨਿਆ ਗਿਆ ਹੈ।

11 ਇਕਵਟੀ ਦੇ ਮਾਮਲੇ ਵਿੱਚ, ਇਹ ਹੋਲਡਿੰਗ ਕੰਪਨੀ/ਸਰਕਾਰੀ ਸੰਗਠਨ ਦੁਆਰਾ ਨਿਵੇਸ਼ ਨੂੰ ਦਰਸਾਉਂਦਾ ਹੈ। ਕਰਜ਼ਿਆਂ ਦੇ ਮਾਮਲੇ ਵਿੱਚ, ਇਹ ਵਿੱਤੀ ਸੰਸਥਾ/ਹੋਲਡਿੰਗ ਕੰਪਨੀ ਤੋਂ ਕਰਜ਼ਿਆਂ ਨੂੰ ਦਰਸਾਉਂਦਾ ਹੈ।

**ਸਾਰਣੀ 1.5: ਪਿਛਲੇ ਪੰਜ ਸਾਲਾਂ ਦੌਰਾਨ ਊਰਜਾ ਖੇਤਰ ਐਸ ਪੀ ਐਸ ਈਜ਼ ਨੂੰ ਬਜਟਰੀ ਸਹਾਇਤਾ ਦੇ ਵੇਰਵੇ**

**(₹ ਕਰੋੜਾਂ ਵਿੱਚ)**

| ਵੇਰਵੇ[12] | 2015-16 | | 2016-17 | | 2017-18 | | 2018-19 | | 2019-20 | |
|---|---|---|---|---|---|---|---|---|---|---|
| | ਐਸ ਪੀ ਐਸ ਈਜ਼ ਦੀ ਗਿਣਤੀ | ਰਕਮ | ਐਸ ਪੀ ਐਸ ਈਜ਼ ਦੀ ਗਿਣਤੀ | ਰਕਮ | ਐਸ ਪੀ ਐਸ ਈਜ਼ ਦੀ ਗਿਣਤੀ | ਰਕਮ | ਐਸ ਪੀ ਐਸ ਈਜ਼ ਦੀ ਗਿਣਤੀ | ਰਕਮ | ਐਸ ਪੀ ਐਸ ਈਜ਼ ਦੀ ਗਿਣਤੀ | ਰਕਮ |
| (i) ਇਕਵਟੀ ਪੂੰਜੀ ਆਊਟਗੋ | 0 | 0 | 0 | 0 | 0 | 0 | 0 | 0 | 1 | 15,628.26 |
| (ii) ਦਿੱਤੇ ਗਏ ਕਰਜ਼ੇ (ਵਿਆਜ ਵਾਲੇ[13]) | 1 | 9,859.72 | 1 | 5,768.54 | 0 | 0 | 0 | 0 | 1 | (15,628.26) |
| (iii) ਪ੍ਰਦਾਨ ਕੀਤੇ ਅਨੁਦਾਨ/ਉਪਦਾਨ[14] | 1 | 4,847.00 | 1 | 5,600.70 | 1 | 6,577.57 | 1 | 9,036.42 | 1 | 9,394.11 |
| **ਕੁੱਲ (ਆਊਟਗੋ) (i+ii+iii)** | | **14,706.72** | | **11,369.24** | | **6,577.57** | | **9,036.42** | | **9,394.11** |
| ਕਰਜ਼ਿਆਂ ਦੀ ਅਦਾਇਗੀ ਵੱਟੇ ਖਾਤੇ ਪਾਈ ਗਈ | 0 | 0 | 0 | 0 | 0 | 0 | 0 | 0 | 0 | 0 |
| ਇਕਵਟੀ ਵਿੱਚ ਬਦਲੇ ਕਰਜ਼ੇ | 0 | 0 | 0 | 0 | 0 | 0 | 0 | 0 | 1 | 15,628.26 |
| ਜਾਰੀ ਕੀਤੀਆਂ ਗਰੰਟੀਆਂ | 2 | 6,248.28 | 2 | 1,993.26 | 2 | 1,879.00 | 2 | 2,833.89 | 1 | 3,975.94 |
| ਗਰੰਟੀ ਪ੍ਰਤੀਬੱਧਤਾ | 2 | 9,408.00 | 2 | 8,519.08 | 2 | 9,345.14 | 2 | 10,494.85 | 2 | 13,504.93 |

*ਸਰੋਤ: ਐਸ ਪੀ ਐਸ ਈਜ਼ ਤੋਂ ਪ੍ਰਾਪਤ ਸੂਚਨਾ ਅਨੁਸਾਰ ਕੰਪਾਇਲ ਕੀਤੀ ।*

### 1.3.1 *ਇਕਵਟੀ ਵਿੱਚ ਨਿਵੇਸ਼*

2019-20 ਦੇ ਦੌਰਾਨ, ਪੰਜ ਐਸ ਪੀ ਐਸ ਈਜ਼ ਵਿੱਚ ਇਕਵਟੀ ਦੀ ਫੇਸ ਵੈਲਯੂ ਤੇ ਕੁੱਲ ਨਿਵੇਸ਼ ਵਿੱਚ ₹ 15,628.26 ਕਰੋੜ ਦਾ ਵਾਧਾ ਦਰਜ ਹੋਇਆ ਹੈ, ਜਿਸਦਾ ਯੋਗਦਾਨ ਪੂਰੀ ਤਰ੍ਹਾਂ ਰਾਜ ਸਰਕਾਰ ਦੁਆਰਾ ਪਾਇਆ ਗਿਆ ਸੀ।

ਊਰਜਾ ਖੇਤਰ ਐਸ ਪੀ ਐਸ ਈਜ਼ ਵਿਚ ਇਕਵਟੀ ਦੇ ਵਾਧੂ ਨਿਵੇਸ਼ ਦੀ ਸਮੀਖਿਆ ਨੇ ਸੰਕੇਤ ਦਿੱਤਾ ਕਿ ₹ 15,628.26 ਕਰੋੜ ਦਾ ਵਾਧਾ ਰਾਜ ਸਰਕਾਰ ਦੁਆਰਾ ਉਜਵੱਲ ਡਿਸਕਾਮ ਐਸ਼ੋਰੈਂਸ ਯੋਜਨਾ (ਉਦੈ) ਸਕੀਮ ਅਧੀਨ ਦਿੱਤੇ ਗਏ ਕਰਜ਼ੇ ਨੂੰ ਇਕਵਟੀ ਵਿਚ ਤਬਦੀਲ[15] ਕਰਨ ਕਾਰਨ ਹੋਇਆ ਹੈ। ਇਹ ਇਸ ਸਬੰਧ ਵਿਚ ਕੀਤੇ ਗਏ ਤ੍ਰਿਪੱਖੀ ਮੈਮੋਰੰਡਮ ਆਫ ਐਸੋਸੀਏਸ਼ਨ (ਐਮ ਓ ਯੂ) ਦੇ ਪੈਰ੍ਹਾ 1.2 (ਸ) ਦੀ ਭਾਵਨਾ ਦੇ ਵਿਰੁੱਧ ਸੀ, ਜਿਸ ਦੇ ਅਨੁਸਾਰ 2019-20 ਦੌਰਾਨ ₹ 3,900.00 ਕਰੋੜ ਇਕਵਟੀ ਵਿੱਚ ਅਤੇ ₹ 11,728.26 ਕਰੋੜ ਅਨੁਦਾਨ ਵਿੱਚ ਬਦਲਣੇ ਸੀ। ਇਸ ਦੇ ਵਿਰੁੱਧ ₹ 15,628.26 ਕਰੋੜ ਦੀ ਪੂਰੀ ਰਕਮ ਨੂੰ ਇਕਵਟੀ ਵਿੱਚ ਬਦਲ ਦਿੱਤਾ ਗਿਆ। ਇਸ ਦੇ ਨਤੀਜੇ ਵਜੋਂ[16] ਸਾਲ 2019-20 ਲਈ ਰਾਜ ਦੇ ਮਾਲੀਆ ਘਾਟੇ ਦੀ ਘੱਟ ਬਿਆਨੀ ਹੋਈ।

---

12 ਰਕਮ ਸਿਰਫ ਰਾਜ ਬਜਟ ਦੇ ਖਰਚਿਆਂ ਨੂੰ ਦਰਸਾਉਂਦੀ ਹੈ ।

13 ਪੀ ਐਸ ਪੀ ਸੀ ਐਲ ਨੂੰ ਵਿਆਜ ਵਾਲੇ ਕਰਜ਼ੇ 7.21 *ਪ੍ਰਤੀਸ਼ਤ* ਤੋਂ 8.72 *ਪ੍ਰਤੀਸ਼ਤ* ਸਲਾਨਾ ਦਰ ਤੇ ਦਿੱਤੇ ਗਏ ਸਨ।

14 ਸਬਸਿਡੀ ਟੈਰਿਫ ਮੁਆਵਜ਼ੇ ਦੇ ਕਾਰਨ ਹੈ।

15 2015-16: ₹ 9,859.72 ਕਰੋੜ ਅਤੇ 2016-17: ₹ 5,768.54 ਕਰੋੜ।

16 ਪੈਰ੍ਹਾ ਨੰ. 2.4.2.2 (ਡ) ਉਜਵਲ ਡਿਸਕੌਮ ਅਸ਼ੋਰੈਂਸ ਯੋਜਨਾ ਦਾ ਲਾਗੂਕਰਨ-ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਰਾਜ ਦੇ ਵਿੱਤਾਂ ਉੱਤੇ ਲੇਖਾ ਪ੍ਰੀਖਿਆ ਰਿਪੋਰਟ, ਸਾਲ 2019-20, ਪੰਜਾਬ ਸਰਕਾਰ ਦੇ ਹਵਾਲੇ ਵਿੱਚ।

### 1.3.2 *ਐਸ ਪੀ ਐਸ ਈਜ਼ ਨੂੰ ਦਿੱਤੇ ਕਰਜ਼ੇ*

#### 1.3.2.1 *31 ਮਾਰਚ 2020 ਨੂੰ ਬਕਾਇਆ ਲੰਬੀ ਮਿਆਦ ਦੇ ਕਰਜ਼ਿਆਂ ਦੀ ਗਣਨਾ*

31 ਮਾਰਚ 2020 ਨੂੰ ਪੰਜ ਐਸ ਪੀ ਐਸ ਈਜ਼ ਵਿੱਚ ਸਾਰੇ ਸਰੋਤਾਂ ਤੋਂ ਬਕਾਇਆ ਲੰਬੀ ਮਿਆਦ ਦੇ ਕੁਲ ਕਰਜ਼ੇ ₹ 16,472.97 ਕਰੋੜ ਸਨ। ਸਾਲ 2018-19 ਦੇ ਮੁਕਾਬਲੇ ਸਰਕਾਰੀ ਕੰਪਨੀਆਂ ਦੇ ਲੰਬੀ ਮਿਆਦ ਦੇ ਕਰਜ਼ਿਆਂ ਨੇ ਸਾਲ 2019-20 ਵਿੱਚ ਕੁੱਲ ₹ 755.87 ਕਰੋੜ ਰੁਪਏ ਦਾ ਵਾਧਾ ਦਰਜ ਕੀਤਾ। 31 ਮਾਰਚ 2020 ਨੂੰ ਬਕਾਇਆ ਲੰਬੀ ਮਿਆਦ ਦੇ ਕਰਜ਼ਿਆਂ ਵਿੱਚੋਂ, ਰਾਜ ਸਰਕਾਰ ਵਲੋਂ ਦਿੱਤੇ ਗਏ ਕਰਜ਼ੇ ਸਿਰਫ ₹ 14.07 ਕਰੋੜ ਸਨ। 31 ਮਾਰਚ 2020 ਨੂੰ, ਊਰਜਾ ਖੇਤਰ ਦੇ ਪੰਜ ਐਸ ਪੀ ਐਸ ਈਜ਼ ਵਿੱਚੋਂ, ਦੋ[17] ਐਸ ਪੀ ਐਸ ਈਜ਼ ਕੋਲ ਲੰਬੀ ਮਿਆਦ ਦਾ ਕੋਈ ਵੀ ਕਰਜ਼ਾ ਨਹੀਂ ਸੀ।

#### 1.3.2.2 *ਕਰਜ਼ਾ ਦੇਣਦਾਰੀਆਂ ਨੂੰ ਪੂਰਾ ਕਰਨ ਲਈ ਸੰਪਤੀ ਦੀ ਅਨੁਕੂਲਤਾ*

ਕੁੱਲ ਸੰਪਤੀ ਤੋਂ ਕੁੱਲ ਕਰਜ਼ੇ ਦਾ ਅਨੁਪਾਤ ਇਹ ਨਿਰਧਾਰਤ ਕਰਨ ਲਈ ਇੱਕ ਤਰੀਕਾ ਹੈ ਕਿ ਕੀ ਕੋਈ ਕੰਪਨੀ ਸੌਲਵੈਂਟ ਰਹਿ ਸਕਦੀ ਹੈ। ਸੌਲਵੈਂਟ ਮੰਨਣ ਲਈ, ਕਿਸੇ ਕੰਪਨੀ ਦੀ ਸੰਪਤੀ ਦਾ ਮੁੱਲ ਉਸ ਦੇ ਕਰਜ਼ਿਆਂ ਦੀ ਰਕਮ ਤੋਂ ਵੱਧ ਹੋਣਾ ਚਾਹੀਦਾ ਹੈ। 31 ਮਾਰਚ 2020 ਨੂੰ ਪੰਜ ਊਰਜਾ ਖੇਤਰ ਐਸ ਪੀ ਐਸ ਈਜ਼ ਵਿੱਚ ਕੁਲ ਸੰਪਤੀਆਂ ਦੇ ਮੁੱਲ ਦੁਆਰਾ ਲੰਬੀ ਮਿਆਦ ਦੇ ਕਰਜ਼ਿਆਂ ਦੀ ਕਵਰੇਜ ਹੇਠਲੀ **ਸਾਰਣੀ 1.6** ਵਿੱਚ ਦਿੱਤੀ ਗਈ ਹੈ:

**ਸਾਰਣੀ 1.6: ਕੁਲ ਸੰਪਤੀਆਂ ਦੇ ਨਾਲ ਲੰਬੀ ਮਿਆਦ ਦੇ ਕਰਜ਼ੇ ਦੀ ਕਵਰੇਜ**

| ਐਸ ਪੀ ਐਸ ਈ ਦਾ ਨਾਂ | ਸੰਪਤੀਆਂ (₹ ਕਰੋੜਾਂ ਵਿੱਚ) | ਲੰਬੀ ਮਿਆਦ ਦੇ ਕਰਜ਼ੇ (₹ ਕਰੋੜਾਂ ਵਿੱਚ) | ਸੰਪੱਤੀਆਂ ਦੇ ਨਾਲ ਲੰਬੀ ਮਿਆਦ ਦੇ ਕਰਜ਼ੇ ਦਾ ਅਨੁਪਾਤ |
|---|---|---|---|
| ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਡ | 56,210.72 | 12,416.45 | 4.53:1 |
| ਪੰਜਾਬ ਰਾਜ ਟ੍ਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ | 7,941.44 | 4,044.51 | 1.96:1 |
| ਪੰਜਾਬ ਜੈਨਕੋ ਲਿਮਟਡ | 154.44 | - | - |
| ਪੰਜਾਬ ਥਰਮਲ ਜਨਰੇਸ਼ਨ ਲਿਮਟਡ | 0.02 | - | - |
| ਗਿੱਦੜਬਾਹਾ ਪਾਵਰ ਲਿਮਟਡ | 12.32 | 12.01 | 1.03:1 |
| **ਕੁੱਲ** | **64,318.94** | **16,472.97** | **3.90:1** |

*ਸਰੋਤ: ਊਰਜਾ ਖੇਤਰ ਐਸ ਪੀ ਐਸ ਈਜ਼ ਦੇ ਅੰਤਿਮ ਰੂਪ ਦਿੱਤੇ ਨਵੀਨਤਮ ਲੇਖੇ ।*

ਊਰਜਾ ਖੇਤਰ ਦੇ ਪੰਜ ਐਸ ਪੀ ਐਸ ਈਜ਼ ਵਿੱਚੋਂ ਦੋ ਐਸ ਪੀ ਐਸ ਈਜ਼ ਵਿੱਚ, ਲੰਬੀ ਮਿਆਦ ਦੇ ਕਰਜ਼ਿਆਂ ਦੀ ਕੁੱਲ ਸੰਪਤੀ ਦੇ ਅਨੁਪਾਤ ਦੀ ਗਣਨਾ ਨਹੀਂ ਕੀਤੀ ਜਾ ਸਕੀ ਕਿਉਂਕਿ ਇਨ੍ਹਾਂ ਕੋਲ ਲੰਬੀ ਮਿਆਦ ਦੇ ਕਰਜ਼ੇ ਨਹੀਂ ਸਨ। ਬਾਕੀ ਤਿੰਨ ਐਸ ਪੀ ਐਸ ਈਜ਼ ਕੋਲ ਲੰਮੀ ਮਿਆਦ ਦੇ ਕਰਜ਼ਿਆਂ ਦੀ ਸਕਾਰਾਤਮਕ ਕਵਰੇਜ ਸੀ।

#### 1.3.2.3 *ਵਿਆਜ ਕਵਰੇਜ*

ਵਿਆਜ ਕਵਰੇਜ ਅਨੁਪਾਤ ਦੀ ਵਰਤੋਂ ਕੰਪਨੀਆਂ ਦੀ ਬਕਾਇਆ ਕਰਜ਼ੇ ਤੇ ਵਿਆਜ ਦਾ ਭੁਗਤਾਨ ਕਰਨ ਦੀ ਕੁਸ਼ਲਤਾ ਮਾਪਣ ਲਈ ਕੀਤੀ ਜਾਂਦੀ ਹੈ ਅਤੇ ਇਸ ਦੀ ਗਣਨਾ ਕੰਪਨੀ ਦੀ ਵਿਆਜ ਅਤੇ ਕਰਾਂ ਤੋਂ ਪਹਿਲਾਂ ਦੀ ਆਮਦਨ (ਈ ਬੀ ਆਈ ਟੀ) ਨੂੰ ਉਸੇ ਸਮੇਂ ਦੇ ਵਿਆਜ ਦੇ ਖਰਚੇ ਨਾਲ

[17] ਪੀ ਜੀ ਐਲ ਅਤੇ ਪੀ ਟੀ ਜੀ ਐਲ।

ਵੰਡ ਕੇ ਕੀਤੀ ਜਾਂਦੀ ਹੈ। ਜਿਨ੍ਹਾਂ ਘੱਟ ਅਨੁਪਾਤ, ਕੰਪਨੀ ਦੀ ਵਿਆਜ ਭੁਗਤਾਨ ਕਰਨ ਦੀ ਕੁਸ਼ਲਤਾ ਉਨ੍ਹੀ ਘੱਟ । ਵਿਆਜ ਕਵਰੇਜ ਅਨੁਪਾਤ ਦਾ ਇਕ ਤੋਂ ਘੱਟ ਹੋਣਾ ਦਰਸਾਉਂਦਾ ਹੈ ਕਿ ਕੰਪਨੀ ਆਪਣੇ ਵਿਆਜ ਦੇ ਖਰਚੇ ਨੂੰ ਪੂਰਾ ਕਰਨ ਲਈ ਲੋੜੀਂਦੀ ਆਮਦਨੀ ਪੈਦਾ ਨਹੀਂ ਕਰ ਰਹੀ ਹੈ । 2017-18 ਤੋਂ 2019-20 ਦੇ ਸਮੇਂ ਦੌਰਾਨ ਉਨ੍ਹਾਂ ਐਸ ਪੀ ਐਸ ਈਜ਼, ਜੋ ਕਿ ਆਪਣੇ ਲੇਖਿਆਂ ਵਿੱਚ ਲੰਬੀ ਮਿਆਦ ਦੇ ਕਰਜਿਆਂ ਉੱਤੇ ਵਿਆਜ ਬੁੱਕ ਕਰ ਰਹੇ ਸਨ, ਵਿਆਜ ਕਵਰੇਜ ਅਨੁਪਾਤ ਦਾ ਵਿਸਥਾਰ ਹੇਠਾਂ ਦਿੱਤੀ **ਸਾਰਣੀ** 1.7 ਵਿੱਚ ਦਿੱਤਾ ਗਿਆ ਹੈ:

**ਸਾਰਣੀ 1.7: ਵਿਆਜ ਕਵਰੇਜ ਅਨੁਪਾਤ**

| ਸਾਲ | ਵਿਆਜ (₹ ਕਰੋੜਾਂ ਵਿੱਚ) | ਵਿਆਜ ਅਤੇ ਕਰਾਂ ਤੋਂ ਪਹਿਲਾਂ ਦੀ ਆਮਦਨ (ਈ ਬੀ ਆਈ ਟੀ) (₹ ਕਰੋੜਾਂ ਵਿੱਚ) | ਊਰਜਾ ਖੇਤਰ ਐਸ ਪੀ ਐਸ ਈਜ਼ ਦੀ ਗਿਣਤੀ | ਐਸ ਪੀ ਐਸ ਈਜ਼ ਦੀ ਗਿਣਤੀ ਜਿਨ੍ਹਾਂ ਦਾ ਵਿਆਜ ਕਵਰੇਜ ਅਨੁਪਾਤ ਇੱਕ ਤੋਂ ਵੱਧ ਹੈ | ਐਸ ਪੀ ਐਸ ਈਜ਼ ਦੀ ਗਿਣਤੀ ਜਿਨ੍ਹਾਂ ਦਾ ਵਿਆਜ ਕਵਰੇਜ ਅਨੁਪਾਤ ਇੱਕ ਤੋਂ ਘੱਟ ਹੈ |
|---|---|---|---|---|---|
| 2017-18 | 3,456.20 | 2,554.28 | 2 | 1 | 1 |
| 2018-19 | 3,291.66 | 3,246.97 | 2 | 0 | 2 |
| 2019-20 | 3,461.24 | 2,269.47 | 2 | 0 | 2 |

*ਸਰੋਤ: ਊਰਜਾ ਖੇਤਰ ਐਸ ਪੀ ਐਸ ਈਜ਼ ਦੇ ਅੰਤਿਮ ਰੂਪ ਦਿੱਤੇ ਨਵੀਨਤਮ ਲੇਖੇ ।*

ਉਪਰੋਕਤ ਵਿਆਜ ਵਿੱਚ ਪੀ ਐਸ ਪੀ ਸੀ ਐਲ ਵੱਲੋਂ ਬੈਕਾਂ ਅਤੇ ਦੂਜੀਆਂ ਵਿੱਤੀ ਸੰਸਥਾਵਾਂ ਦੇ ਕਰਜ਼ੇ ਨੂੰ ਚੁਕਾਉਣ ਲਈ ਜੀ ਓ ਪੀ ਵੱਲੋਂ ਇਸਨੂੰ ਉਦੈ ਸਕੀਮ ਅਧੀਨ ਦਿੱਤੇ ਕਰਜ਼ੇ ਉੱਤੇ 2017-18, 2018-19 ਅਤੇ 2019-20 ਦੌਰਾਨ ਵਸੂਲੇ ਕ੍ਰਮਵਾਰ ₹ 1,306.95 ਕਰੋੜ, ₹ 1,306.95 ਕਰੋੜ ਅਤੇ ₹ 1,304.25 ਕਰੋੜ ਦਾ ਵਿਆਜ ਵੀ ਸ਼ਾਮਲ ਹੈ ।

ਇਹ ਦੇਖਿਆ ਗਿਆ ਕਿ ਦੋ ਐਸ ਪੀ ਐਸ ਈਜ਼ (ਪੀ ਐਸ ਪੀ ਸੀ ਐਲ ਅਤੇ ਪੀ ਐਸ ਟੀ ਸੀ ਐਲ) ਜਿਨ੍ਹਾਂ ਤੇ ਕਰਜ਼ੇ ਦੀ ਦੇਣਦਾਰੀ ਹੈ ਅਤੇ ਕਰਜ਼ਿਆਂ ਤੇ ਵਿਆਜ ਦੇ ਰਹੀਆਂ ਸਨ, ਵਿੱਚੋਂ ਪੀ ਐਸ ਟੀ ਸੀ ਐਲ ਦਾ ਵਿਆਜ ਕਵਰੇਜ ਅਨੁਪਾਤ 2017-18 ਦੌਰਾਨ ਇਕ ਤੋਂ ਵੱਧ ਸੀ। ਹਾਲਾਂਕਿ, 2018-20 ਦੌਰਾਨ ਦੋਵਾਂ ਕੰਪਨੀਆਂ ਦਾ ਇੱਕ ਤੋਂ ਘੱਟ ਦਾ ਵਿਆਜ ਕਵਰੇਜ ਅਨੁਪਾਤ ਸੀ।

#### 1.3.2.4 *ਲੰਬੀ ਮਿਆਦ ਦੇ ਕਰਜ਼ਿਆਂ ਤੇ ਬਕਾਇਆ ਵਿਆਜ ਦਾ ਉਮਰ ਅਨੁਸਾਰ ਵਿਸ਼ਲੇਸ਼ਣ*

31 ਮਾਰਚ 2020 ਨੂੰ ਰਾਜ ਸਰਕਾਰ ਦੇ ਕਰਜ਼ਿਆਂ ਤੇ ਕੋਈ ਬਕਾਇਆ ਵਿਆਜ ਨਹੀਂ ਸੀ। ਹਾਲਾਂਕਿ, 31 ਮਾਰਚ 2020 ਨੂੰ ਇਕ ਐਸ ਪੀ ਐਸ ਈ (ਜੀ ਪੀ ਐਲ) ਵਿੱਚ ਦੂਸਰੇ ਸਰੋਤਾਂ (ਹੋਲਡਿੰਗ ਕੰਪਨੀ ਪੀ ਐਸ ਪੀ ਸੀ ਐਲ) ਤੋਂ ਕਰਜ਼ੇ ਤੇ ₹ 0.19 ਕਰੋੜ ਦਾ ਵਿਆਜ ਬਕਾਇਆ ਸੀ। ਇਹ ਵਿਆਜ ਤਿੰਨ ਸਾਲਾਂ ਤੋਂ ਵੱਧ ਸਮੇਂ ਤੋਂ ਭੁਗਤਾਨ ਲਈ ਬਕਾਇਆ ਸੀ।

## 1.4 ਐਸ ਪੀ ਐਸ ਈਜ਼ ਵਿੱਚ ਨਿਵੇਸ਼ ਤੇ ਆਮਦਨ

### 1.4.1 *ਐਸ ਪੀ ਐਸ ਈਜ਼ ਦੁਆਰਾ ਕਮਾਇਆ ਲਾਭ*

ਨਵੀਨਤਮ ਅੰਤਮ ਰੂਪ ਦਿੱਤੇ ਲੇਖਿਆਂ ਅਨੁਸਾਰ, ਪੰਜ ਐਸ ਪੀ ਐਸ ਈਜ਼ ਵਿੱਚੋਂ ਸਿਰਫ ਇੱਕ ਐਸ ਪੀ ਐਸ ਈ (ਪੰਜਾਬ ਜੈਨਕੋ ਲਿਮਟਡ) ਨੇ ₹ 3.93 ਕਰੋੜ ਦਾ ਲਾਭ ਕਮਾਇਆ, ਦੋ[18] ਐਸ ਪੀ ਐਸ

[18] ਪੀ ਐਸ ਪੀ ਸੀ ਐਲ ਅਤੇ ਪੀ ਐਸ ਟੀ ਸੀ ਐਲ।

ਈਜ਼ ਨੇ ₹ 1,191.77 ਕਰੋੜ ਦੀ ਹਾਨੀ ਉਠਾਈ ਅਤੇ ਦੋ ਐਸ ਪੀ ਐਸ ਈਜ਼ ਨੇ ਵਪਾਰਕ ਗਤੀਵਿਧੀਆਂ ਸ਼ੁਰੂ ਨਹੀਂ ਕੀਤੀਆਂ ਸੀ। 2017-18 ਵਿੱਚ ₹ 893.90 ਕਰੋੜ ਦੀ ਹਾਨੀ ਦੇ ਵਿਰੁੱਧ ਇਨ੍ਹਾਂ ਪੰਜ ਐਸ ਪੀ ਐਸ ਈਜ਼ ਦੁਆਰਾ 2019-20 ਵਿੱਚ ₹ 1,187.84 ਕਰੋੜ ਦੀ ਹਾਨੀ ਉਠਾਈ ਗਈ। 2017-18 ਤੋਂ 2019-20 ਦੌਰਾਨ ਸਾਰੇ ਊਰਜਾ ਖੇਤਰ ਐਸ ਪੀ ਐਸ ਈਜ਼ ਦੁਆਰਾ ਪ੍ਰਾਪਤ ਲਾਭ/ਹਾਨੀ[19] ਕਮਾਏ/ਉਠਾਈ ਦੀ ਸਥਿਤੀ ਹੇਠਾਂ ਦਿੱਤੀ ਗਈ ਹੈ:

**ਚਾਰਟ 1.1: ਊਰਜਾ ਖੇਤਰ ਐਸ ਪੀ ਐਸ ਈਜ਼ ਦੁਆਰਾ ਕਮਾਇਆ/ਉਠਾਈ ਲਾਭ/ਹਾਨੀ**




ਐਸ ਪੀ ਐਸ ਈਜ਼ ਨੇ ਸਾਲ 2017-18 ਲਈ ₹ 893.90 ਕਰੋੜ ਦੇ ਕੁੱਲ ਘਾਟੇ ਦੀ ਰਿਪੋਰਟ ਕੀਤੀ ਸੀ। 2018-19 ਵਿੱਚ ਘਾਟਾ ਤੇਜ਼ੀ ਨਾਲ ਘੱਟ ਕੇ ₹ 36.87 ਕਰੋੜ ਰਹਿ ਗਿਆ ਕਿਉਂਕਿ ਸਬਸਿਡੀ ਦੇਰੀ ਨਾਲ ਭੁਗਤਾਨ ਲਈ ਪੀ ਐਸ ਪੀ ਸੀ ਐਲ ਨੇ ਪੰਜਾਬ ਸਰਕਾਰ ਤੋਂ ₹ 1,057.00 ਕਰੋੜ ਦੇ ਵਿਆਜ ਦੀ ਪ੍ਰਾਪਤੀ (ਹੋਰ ਆਮਦਨੀ) ਦੀ ਰਿਪੋਰਟ ਕੀਤੀ ਸੀ।

ਇਸ ਤੋਂ ਇਲਾਵਾ, 2018-19 ਦੇ ਮੁਕਾਬਲੇ 2019-20 ਦੇ ਦੌਰਾਨ ਘਾਟੇ ਵਿੱਚ ਵਾਧਾ ਮੁੱਖ ਤੌਰ ਤੇ ਪੀ ਐਸ ਪੀ ਸੀ ਐਲ (₹ 1,158.20 ਕਰੋੜ) ਦੇ ਕਾਰਨ ਸੀ ਕਿਉਂਕਿ ਇਸ ਸਾਲ ਹੋਰ ਆਮਦਨੀ ਵਿੱਚ ₹ 817.76 ਕਰੋੜ ਦੀ ਕਮੀ ਆਈ ਸੀ। ਨਾਲ ਹੀ, ਊਰਜਾ ਦੀ ਲਾਗਤ ਵਿੱਚ ਵਾਧੇ ਦੀ ਦਰ (5.29 *ਪ੍ਰਤੀਸ਼ਤ*) ਬਿਜਲੀ ਦੀ ਵਿਕਰੀ ਮੁੱਲ ਵਿੱਚ ਵਾਧੇ ਦੀ ਦਰ (3.74 *ਪ੍ਰਤੀਸ਼ਤ*) ਦੀ ਤੁਲਨਾ ਵਿੱਚ, ਵੱਧ ਸੀ। ਊਰਜਾ ਖੇਤਰ ਦੇ ਐਸ ਪੀ ਐਸ ਈਜ਼ ਦੀ ਸਥਿਤੀ ਜਿਨ੍ਹਾਂ ਨੇ 2017-18 ਤੋ 2019-20 ਦੌਰਾਨ ਲਾਭ/ਘਾਟਾ ਕਮਾਇਆ ਹੇਠਾਂ ਦਿੱਤੀ ਗਈ ਹੈ:

**ਸਾਰਣੀ 1.8: ਊਰਜਾ ਖੇਤਰ ਐਸ ਪੀ ਐਸ ਈਜ਼ ਜਿਨ੍ਹਾਂ ਨੇ ਲਾਭ/ਹਾਨੀ ਕਮਾਇਆ/ਉਠਾਈ**

| ਵਿੱਤੀ ਸਾਲ | ਕੁੱਲ ਐਸ ਪੀ ਐਸ ਈਜ਼ ਦੀ ਗਿਣਤੀ | ਐਸ ਪੀ ਐਸ ਈਜ਼ ਦੀ ਗਿਣਤੀ ਜਿਨ੍ਹਾਂ ਨੇ ਸਾਲ ਦੇ ਦੌਰਾਨ ਲਾਭ ਕਮਾਇਆ | ਐਸ ਪੀ ਐਸ ਈਜ਼ ਦੀ ਗਿਣਤੀ ਜਿਨ੍ਹਾਂ ਨੇ ਸਾਲ ਦੇ ਦੌਰਾਨ ਹਾਨੀ ਉਠਾਈ | ਐਸ ਪੀ ਐਸ ਈਜ਼ ਦੀ ਗਿਣਤੀ ਜਿਨ੍ਹਾਂ ਨੇ ਵਪਾਰਕ ਗਤੀਵਿਧੀਆਂ ਸ਼ੁਰੂ ਨਹੀਂ ਕੀਤੀਆਂ ਸਨ |
|---|---|---|---|---|
| 2017-18 | 5 | 2 | 1 | 2 |
| 2018-19 | 5 | 1 | 2 | 2 |
| 2019-20 | 5 | 1 | 2 | 2 |

*ਸਰੋਤ: ਊਰਜਾ ਖੇਤਰ ਐਸ ਪੀ ਐਸ ਈਜ਼ ਦੇ ਅੰਤਿਮ ਰੂਪ ਦਿੱਤੇ ਨਵੀਨਤਮ ਲੇਖੇ ।*

[19] ਅੰਕੜੇ ਸਬੰਧਤ ਸਾਲਾਂ ਦੌਰਾਨ ਅੰਤਿਮ ਰੂਪ ਦਿੱਤੇ ਨਵੀਨਤਮ ਲੇਖਿਆਂ ਅਨੁਸਾਰ ਹਨ।

### 1.4.2 *ਊਰਜਾ ਖੇਤਰ ਐਸ ਪੀ ਐਸ ਈਜ਼ ਦੁਆਰਾ ਲਾਭਅੰਸ਼ ਦਾ ਭੁਗਤਾਨ*

2019-20 ਦੌਰਾਨ ਅੰਤਮ ਰੂਪ ਦਿੱਤੇ ਨਵੀਨਤਮ ਲੇਖਿਆਂ ਅਨੁਸਾਰ, ਊਰਜਾ ਖੇਤਰ ਦੇ ਪੰਜ ਐਸ ਪੀ ਐਸ ਈਜ਼ ਵਿੱਚੋਂ ਸਿਰਫ ਇੱਕ ਐਸ ਪੀ ਐਸ ਈ (ਪੀ ਜੀ ਐਲ) ਨੇ ਲਾਭ ਕਮਾਇਆ ਅਤੇ ਲਾਭਅੰਸ਼ ਘੋਸ਼ਿਤ[20] ਕੀਤਾ। ਲਾਭਅੰਸ਼ ਘੋਸ਼ਿਤ ਕਰਨ ਵਾਲੇ ਐਸ ਪੀ ਐਸ ਈ ਵਿੱਚ ਰਾਜ ਸਰਕਾਰ ਦਾ ਕੋਈ ਨਿਵੇਸ਼ ਨਹੀਂ ਸੀ। ₹ 22.90 ਕਰੋੜ ਦੀ ਅਦਾ ਕੀਤੀ ਪੂੰਜੀ ਦੇ ਨਾਲ ਪੀ ਜੀ ਐਲ ਨੇ ₹ 3.93 ਕਰੋੜ ਦਾ ਸ਼ੁੱਧ ਲਾਭ ਦਰਜ ਕੀਤਾ ਅਤੇ ₹ 1.83 ਕਰੋੜ ਦੇ ਲਾਭਅੰਸ਼ ਦਾ ਐਲਾਨ ਕੀਤਾ।

ਦੋ[21] ਐਸ ਪੀ ਐਸ ਈਜ਼, ਜਿਨ੍ਹਾਂ ਵਿੱਚ 2017-20 ਦੇ ਸਮੇਂ ਦੌਰਾਨ ਜੀ ਓ ਪੀ ਦੁਆਰਾ ਇਕਵਟੀ ਨਿਵੇਸ਼ ਕੀਤਾ ਗਿਆ ਸੀ, ਨੇ ਕੋਈ ਲਾਭਅੰਸ਼ ਘੋਸ਼ਿਤ ਨਹੀਂ ਕੀਤਾ। ਜੀ ਓ ਪੀ ਨੇ ਦੋ ਐਸ ਪੀ ਐਸ ਈਜ਼ ਵਿੱਚ ਕੁੱਲ ₹ 22,315.61 ਕਰੋੜ ਇਕਵਟੀ ਦੇ ਰੂਪ ਵਿੱਚ ਪਾਏ ਸਨ।

2017-18 ਦੇ ਦੌਰਾਨ, ਸਿਰਫ ਪੀ ਐਸ ਟੀ ਸੀ ਐਲ ਨੇ ਲਾਭ ਕਮਾਇਆ ਪਰ ਇਸ ਨੇ ਸਾਲ ਦੇ ਦੌਰਾਨ ਲਾਭਅੰਸ਼ ਦਾ ਐਲਾਨ/ਭੁਗਤਾਨ ਨਹੀਂ ਕੀਤਾ। 2018-19 ਅਤੇ 2019-20 ਦੇ ਦੌਰਾਨ, ਇਨ੍ਹਾਂ ਦੋਵਾਂ ਐਸ ਪੀ ਐਸ ਈਜ਼ ਵਿੱਚੋਂ ਕਿਸੇ ਨੇ ਵੀ ਲਾਭ ਨਹੀਂ ਕਮਾਇਆ।

ਤੇਰ੍ਹਵੇਂ ਵਿੱਤ ਕਮਿਸ਼ਨ ਨੇ ਸਿਫਾਰਸ਼ ਕੀਤੀ ਸੀ (ਦਸੰਬਰ 2009) ਕਿ ਸਾਰੀਆਂ ਸੰਸਥਾਵਾਂ ਦੁਆਰਾ ਸਰਕਾਰ ਦੀ ਇਕਵਟੀ ਦੇ ਘੱਟੋ-ਘੱਟ ਪੰਜ *ਪ੍ਰਤੀਸ਼ਤ* ਲਾਭਾਂਸ਼ ਦਾ ਭੁਗਤਾਨ ਕੀਤਾ ਜਾਣਾ ਚਾਹੀਦਾ ਹੈ। ਰਾਜ ਸਰਕਾਰ ਨੇ ਇਨ੍ਹਾਂ ਸਿਫਾਰਸ਼ਾਂ ਨੂੰ ਅਪਣਾਇਆ ਅਤੇ ਸਾਰੇ ਸਾਰਵਜਨਿਕ ਖੇਤਰ ਅਦਾਰਿਆਂ (ਪੀ ਐਸ ਈਜ਼) ਨੂੰ ਰਾਜ ਸਰਕਾਰ ਦੁਆਰਾ ਨਿਵੇਸ਼ ਕੀਤੇ ਫੰਡਾਂ ਤੇ ਘੱਟੋ-ਘੱਟ ਪੰਜ *ਪ੍ਰਤੀਸ਼ਤ* ਦੀ ਅਦਾਇਗੀ ਕਰਨ ਦਾ ਨਿਰਦੇਸ਼ ਦਿੱਤਾ (ਜੁਲਾਈ 2011)। ਪਰ 2019-20 ਦੌਰਾਨ ਇਨ੍ਹਾਂ ਦੋਵਾਂ ਐਸ ਪੀ ਐਸ ਈਜ਼ ਦੁਆਰਾ ਲਾਭ ਨਾ ਕਮਾਉਣ ਦੇ ਕਾਰਨ, ਕੋਈ ਲਾਭਅੰਸ਼ ਘੋਸ਼ਿਤ ਨਹੀਂ ਕੀਤਾ ਗਿਆ।

### 1.4.3 *ਊਰਜਾ ਖੇਤਰ ਐਸ ਪੀ ਐਸ ਈਜ਼ ਦੀ ਇਕਵਟੀ ਉਤੇ ਆਮਦਨ*

ਇਕਵਟੀ ਤੇ ਆਮਦਨ[22] (ਆਰ ਓ ਈ) ਵਿੱਤੀ ਕਾਰਜਕੁਸ਼ਲਤਾ ਦਾ ਇੱਕ ਮਾਪ ਹੈ ਜੋ ਕਿ ਨਿਰੋਲ ਆਮਦਨ ਨੂੰ ਸ਼ੇਅਰਧਾਰਕਾਂ ਦੀ ਇਕਵਟੀ ਨਾਲ ਵੰਡ ਕੇ ਕੱਢਿਆ ਜਾਂਦਾ ਹੈ। 2017-18 ਤੋਂ 2019-20 ਦੇ ਸਮੇਂ ਦੌਰਾਨ ਇਨ੍ਹਾਂ ਪੰਜ ਐਸ ਪੀ ਐਸ ਈਜ਼ ਨਾਲ ਸਬੰਧਤ ਸ਼ੇਅਰਧਾਰਕਾਂ ਦੀ ਇਕਵਟੀ ਅਤੇ ਆਰ ਓ ਈ ਦੇ ਵੇਰਵੇ **ਸਾਰਣੀ 1.9** ਵਿੱਚ ਦਿੱਤੇ ਗਏ ਹਨ:

**ਸਾਰਣੀ 1.9: ਊਰਜਾ ਖੇਤਰ ਐਸ ਪੀ ਐਸ ਈਜ਼ ਨਾਲ ਸਬੰਧਤ ਇਕਵਟੀ ਤੇ ਆਮਦਨ**

| ਸਾਲ | ਸਾਲ[23] ਦੀ ਨਿਰੋਲ ਆਮਦਨ/ ਕੁਲ ਕਮਾਈ (₹ ਕਰੋੜਾਂ ਵਿੱਚ) | ਸ਼ੇਅਰਧਾਰਕਾਂ ਦੀ ਇਕਵਟੀ (₹ ਕਰੋੜਾਂ ਵਿੱਚ) | ਇਕਵਟੀ ਤੇ ਆਮਦਨ (*ਪ੍ਰਤੀਸ਼ਤ* ਵਿੱਚ) |
|---|---|---|---|
| 2017-18 | (-) 893.90 | 280.58 | (-) 318.59 |
| 2018-19 | (-) 36.87 | 240.03 | (-) 15.36 |
| 2019-20 | (-) 1,187.84 | 14,675.57 | (-) 8.09 |

*ਸਰੋਤ: ਅਨੁਲੱਗ 1 ਵਿੱਚ ਦਰਸਾਏ ਐਸ ਪੀ ਐਸ ਈਜ਼ ਦੇ ਵਿੱਤੀ ਨਤੀਜਿਆਂ ਦੇ ਅਧਾਰ ਤੇ ਕੰਪਾਇਲ ਕੀਤੀ ।*

---

20 ਸਾਲ 2017-18 ਲਈ ਲਾਭਅੰਸ਼ ਸਾਲ 2018-19 ਦੇ ਖਾਤਿਆਂ ਵਿੱਚ ਘੋਸ਼ਿਤ ਕੀਤਾ ਗਿਆ ਸੀ ।

21 ਪੀ ਐਸ ਪੀ ਸੀ ਐਲ ਅਤੇ ਪੀ ਐਸ ਟੀ ਸੀ ਐਲ

22 ਇਕਵਟੀ ਉਤੇ ਆਮਦਨ = (ਕਰਾਂ ਤੋਂ ਬਾਅਦ ਦਾ ਲਾਭ/ਸ਼ੇਅਰਧਾਰਕ ਦੀ ਇਕਵਿਟੀ) x 100 ਜਿੱਥੇ ਸ਼ੇਅਰਧਾਰਕ ਦੀ ਇਕਵਟੀ = ਅਦਾ ਕੀਤੀ ਪੂੰਜੀ + ਫਰੀ ਰਿਜ਼ਰਵ ਅਤੇ ਸਰਪਲੱਸ + ਲੰਬੀ ਮਿਆਦ ਦੇ ਕਰਜ਼ੇ - ਸੰਚਿਤ ਘਾਟੇ - ਮੁਲਤਵੀ ਰੈਵਿਨਿਊ ਖਰਚਾ ।

23 ਸਬੰਧਤ ਸਾਲਾਂ ਦੇ ਸਾਲਾਨਾ ਲੇਖਿਆਂ ਅਨੁਸਾਰ ।

31 ਮਾਰਚ 2020 ਨੂੰ ਸਮਾਪਤ ਪਿਛਲੇ ਤਿੰਨ ਸਾਲਾਂ ਦੌਰਾਨ, ਨਿਰੋਲ ਆਮਦਨ ਨਕਾਰਾਤਮਕ ਰਹੀ ਜਿਸ ਦਾ ਮੁੱਖ ਕਾਰਨ ਪੀ ਐਸ ਪੀ ਸੀ ਐਲ ਦੁਆਰਾ ਉਠਾਈ ਹਾਨੀ ਸੀ ਜਿਵੇਂ ਕਿ ਉਪਰ ਦੱਸਿਆ ਗਿਆ ਹੈ। ਹਾਲਾਂਕਿ, ਤਿੰਨੋਂ ਸਾਲਾਂ ਦੌਰਾਨ ਸ਼ੇਅਰਧਾਰਕਾਂ ਦੀ ਇਕਵਟੀ ਸਕਾਰਾਤਮਕ ਰਹੀ। 2019-20 ਦੇ ਦੌਰਾਨ, ਇਹ ਜੀ ਓ ਪੀ ਦੁਆਰਾ ₹ 15,628.26 ਕਰੋੜ ਦੇ ਥੋੜ੍ਹੇ ਸਮੇਂ ਦੇ ਕਰਜ਼ਿਆਂ ਦੇ ਰੁਪਾਂਤਰਣ (ਉਦੈ ਸਕੀਮ ਅਧੀਨ) ਦੇ ਕਾਰਨ ਵਧੀ ।

## 1.5 ਊਰਜਾ ਖੇਤਰ ਐਸ ਪੀ ਐਸ ਈਜ਼ ਦੀ ਸੰਚਾਲਣ ਕੁਸ਼ਲਤਾ

### 1.5.1 *ਟਰਨਓਵਰ*

ਪੰਜ ਐਸ ਪੀ ਐਸ ਈਜ਼ ਨਾਲ ਸਬੰਧਤ ਤਿੰਨ ਸਾਲਾਂ ਦੀ ਅਵਧੀ ਦੌਰਾਨ ਟਰਨਓਵਰ, ਕੁੱਲ ਸੰਪਤੀ ਅਤੇ ਲਗਾਈ ਗਈ ਪੂੰਜੀ[24] ਨੂੰ ਹੇਠ ਦਿੱਤੇ **ਚਾਰਟ** 1.2 ਵਿੱਚ ਦਰਸਾਇਆ ਗਿਆ ਹੈ:

**ਚਾਰਟ 1.2: ਟਰਨਓਵਰ, ਸੰਪਤੀ ਅਤੇ ਲਗਾਈ ਗਈ ਪੂੰਜੀ**

(₹ ਕਰੋੜਾਂ ਵਿੱਚ)




2017-18 ਤੋਂ 2019-20 ਦੇ ਸਮੇਂ ਦੌਰਾਨ ਐਸ ਪੀ ਐਸ ਈ ਵਾਰ ਟਰਨਓਵਰ, ਕੁੱਲ ਸੰਪਤੀ ਅਤੇ ਲਗਾਈ ਗਈ ਪੂੰਜੀ **ਸਾਰਣੀ** 1.10 ਵਿੱਚ ਦਿੱਤੇ ਗਏ ਹਨ:

**ਸਾਰਣੀ 1.10: ਐਸ ਪੀ ਐਸ ਈ ਵਾਰ ਟਰਨਓਵਰ, ਕੁੱਲ ਸੰਪਤੀ ਅਤੇ ਪੂੰਜੀ ਨਿਵੇਸ਼**

(₹ ਕਰੋੜਾਂ ਵਿੱਚ)

| ਐਸ ਪੀ ਐਸ ਈ ਦਾ ਨਾਂ | ਟਰਨਓਵਰ | ਕੁੱਲ ਸੰਪਤੀ | ਲਗਾਈ ਗਈ ਪੂੰਜੀ |
|---|---|---|---|
| **2017-18** | | | |
| ਪੀ ਐਸ ਪੀ ਸੀ ਐਲ | 28,682.50 | 52,309.69 | 25,054.06 |
| ਪੀ ਐਸ ਟੀ ਸੀ ਐਲ | 1,182.46 | 8,079.56 | 5,491.91 |
| ਪੀ ਜੀ ਐਲ | 15.92 | 150.14 | 139.60 |
| ਜੀ ਪੀ ਐਲ | - | 12.33 | 12.06 |
| ਪੀ ਟੀ ਜੀ ਐਲ | - | 0.03 | 0.05 |
| **ਕੁੱਲ** | **29,880.88** | **60,551.75** | **30,697.68** |

---

[24] ਲਗਾਈ ਗਈ ਪੂੰਜੀ = ਅਦਾ ਕੀਤੀ ਪੂੰਜੀ + ਫਰੀ ਰਿਜ਼ਰਵ - ਸੰਚਿਤ ਘਾਟੇ - ਮੁਲਤਵੀ ਰੈਵਿਨਿਊ ਖਰਚਾ।

| | | | |
|---|---|---|---|
| **2018-19** | | | |
| ਪੀ ਐਸ ਪੀ ਸੀ ਐਲ | 30,781.82 | 55,215.41 | 10,539.52 |
| ਪੀ ਐਸ ਟੀ ਸੀ ਐਲ | 1,245.39 | 7,974.43 | 5,258.08 |
| ਪੀ ਜੀ ਐਲ | 13.00 | 156.26 | 147.42 |
| ਜੀ ਪੀ ਐਲ | - | 12.32 | 12.06 |
| ਪੀ ਟੀ ਜੀ ਐਲ | - | 0.03 | 0.05 |
| **ਕੁੱਲ** | **32,040.21** | **63,358.45** | **15,957.13** |
| **2019-20** | | | |
| ਪੀ ਐਸ ਪੀ ਸੀ ਐਲ | 31,933.56 | 56,210.72 | 25,986.89 |
| ਪੀ ਐਸ ਟੀ ਸੀ ਐਲ | 1,321.07 | 7,941.44 | 5,000.40 |
| ਪੀ ਜੀ ਐਲ | 7.97 | 154.44 | 149.14 |
| ਜੀ ਪੀ ਐਲ | - | 12.32 | 12.06 |
| ਪੀ ਟੀ ਜੀ ਐਲ | - | 0.02 | 0.05 |
| **ਕੁੱਲ** | **33,262.60** | **64,318.94** | **31,148.54** |

*ਸਰੋਤ: ਊਰਜਾ ਖੇਤਰ ਐਸ ਪੀ ਐਸ ਈਜ਼ ਦੇ ਅੰਤਿਮ ਰੂਪ ਦਿੱਤੇ ਨਵੀਨਤਮ ਲੇਖੇ ।*

ਸਾਲ 2017-18 ਦੇ ਮੁਕਾਬਲੇ 2018-19 ਦੌਰਾਨ ਪੀ ਐਸ ਪੀ ਸੀ ਐਲ ਵਿੱਚ ਲਗਾਈ ਗਈ ਪੂੰਜੀ ਘੱਟ ਗਈ ਜਿਸਦਾ ਮੁੱਖ ਕਾਰਨ ਜੀ ਓ ਪੀ ਦੁਆਰਾ ਉਦੈ ਸਕੀਮ ਅਧੀਨ ਲਏ ਗਏ ₹ 15,628.26 ਕਰੋੜ ਦੇ ਕਰਜ਼ੇ ਨੂੰ ਪੀ ਐਸ ਪੀ ਸੀ ਐਲ ਦੁਆਰਾ ਘੱਟ ਮਿਆਦ ਦਾ ਕਰਜ਼ਾ ਮੰਨਿਆ ਜਾਣਾ ਹੈ । ਇਸ ਤੋਂ ਬਾਅਦ, 2019-20 ਵਿੱਚ ਜੀ ਓ ਪੀ ਦੁਆਰਾ ਘੱਟ ਮਿਆਦ ਦੇ ਕਰਜ਼ੇ ਨੂੰ ਇਕਵਟੀ ਵਿੱਚ ਤਬਦੀਲ ਕਰਨ ਕਾਰਨ ਲਗਾਈ ਗਈ ਪੂੰਜੀ ਵਿਚ ਦੁਬਾਰਾ ਵਾਧਾ ਹੋਇਆ।

### 1.5.2 *ਲਗਾਈ ਗਈ ਪੂੰਜੀ ਉੱਤੇ ਆਮਦਨ*

ਲਗਾਈ ਗਈ ਪੂੰਜੀ ਉਤੇ ਆਮਦਨ (ਆਰ ਓ ਸੀ ਈ) ਇਕ ਅਨੁਪਾਤ ਹੈ ਜੋ ਕੰਪਨੀ ਦੇ ਲਾਭ ਅਤੇ ਕਾਰਜਕੁਸ਼ਲਤਾ, ਜਿਸ ਨਾਲ ਇਸ ਦੀ ਪੂੰਜੀ ਲਗਾਈ ਹੈ, ਨੂੰ ਮਾਪਦਾ ਹੈ । ਆਰ ਓ ਸੀ ਈ ਦੀ ਗਣਨਾ ਕੰਪਨੀ ਦੀ ਵਿਆਜ ਅਤੇ ਕਰਾਂ ਤੋਂ ਪਹਿਲਾਂ ਦੀ ਆਮਦਨੀ (ਈ ਬੀ ਆਈ ਟੀ) ਨੂੰ ਲਗਾਈ ਗਈ ਪੂੰਜੀ ਨਾਲ ਭਾਗ ਕਰ ਕੇ ਕੀਤੀ ਜਾਂਦੀ ਹੈ ।2017-18 ਤੋਂ 2019-20 ਦੇ ਸਮੇਂ ਦੌਰਾਨ ਐਸ ਪੀ ਐਸ ਈਜ਼ ਦੇ ਆਰ ਓ ਸੀ ਈ ਦਾ ਵਿਸਥਾਰ **ਸਾਰਣੀ** 1.11 ਵਿੱਚ ਦਿੱਤਾ ਗਿਆ ਹੈ :

**ਸਾਰਣੀ 1.11: ਲਗਾਈ ਗਈ ਪੂੰਜੀ ਉਤੇ ਆਮਦਨ**

| ਸਾਲ | ਈ ਬੀ ਆਈ ਟੀ (₹ ਕਰੋੜਾਂ ਵਿੱਚ) | ਲਗਾਈ ਗਈ ਪੂੰਜੀ (₹ ਕਰੋੜਾਂ ਵਿੱਚ) | ਆਰ ਓ ਸੀ ਈ (*ਪ੍ਰਤੀਸ਼ਤ* ਵਿਚ) |
|---|---|---|---|
| 2017-18 | 2,567.06 | 30,697.68 | 8.36 |
| 2018-19 | 3,257.61 | 15,957.13 | 20.41 |
| 2019-20 | 2,274.97 | 31,148.54 | 7.30 |

*ਸਰੋਤ: ਊਰਜਾ ਖੇਤਰ ਐਸ ਪੀ ਐੱਸ ਈਜ਼ ਦੇ ਅੰਤਿਮ ਰੂਪ ਦਿੱਤੇ ਨਵੀਨਤਮ ਲੇਖੇ ।*

2017-18 ਤੋਂ 2019-20 ਦੇ ਸਮੇਂ ਦੌਰਾਨ ਊਰਜਾ ਖੇਤਰ ਐਸ ਪੀ ਐਸ ਈਜ਼ ਦੀ ਆਰ ਓ ਸੀ ਈ 7.30 *ਪ੍ਰਤੀਸ਼ਤ* ਅਤੇ 20.41 *ਪ੍ਰਤੀਸ਼ਤ* ਦੇ ਵਿਚਕਾਰ ਰਹੀ। ਸਾਲ 2018-19 ਦੇ ਮੁਕਾਬਲੇ 2019-20 ਦੌਰਾਨ ਆਰ ਓ ਸੀ ਈ ਘੱਟ ਗਈ ਜਿਸਦਾ ਮੁੱਖ ਕਾਰਨ ਪੀ ਐਸ ਪੀ ਸੀ ਐਲ ਦੀ ਈ ਬੀ ਆਈ ਟੀ ਵਿੱਚ ਕਮੀ ਸੀ ਜਿਵੇਂ ਉੱਪਰ ਪੈਰਾ 1.4.1 ਵਿੱਚ ਵਿਚਾਰਿਆ ਗਿਆ ਹੈ ਅਤੇ ਪੀ ਐਸ

ਪੀ ਸੀ ਐਲ ਵਿੱਚ ਲਗਾਈ ਗਈ ਪੂੰਜੀ ਵਿੱਚ ਵਾਧਾ ਸੀ, ਜਿਵੇਂ ਉੱਪਰ ਪੈਰਾ 1.5.1 ਵਿੱਚ ਵਿਆਖਿਆ ਕੀਤੀ ਗਈ ਹੈ।

### 1.5.3 *ਨਿਵੇਸ਼ ਦੀ ਮੌਜੂਦਾ ਕੀਮਤ ਦੇ ਅਧਾਰ ਤੇ ਆਮਦਨ*

ਹਰ ਸਾਲ ਦੇ ਅੰਤ ਵਿੱਚ 31 ਮਾਰਚ 2020 ਤੱਕ ਨਿਵੇਸ਼ ਦੀ, ਇਤਿਹਾਸਕ ਲਾਗਤ ਨੂੰ ਇਸਦੀ ਮੌਜੂਦਾ ਕੀਮਤ (ਪੀ ਵੀ) ਤੇ ਲਿਆਉਣ ਲਈ, ਪੁਰਾਣੇ ਨਿਵੇਸ਼/ਰਾਜ ਸਰਕਾਰ ਦੁਆਰਾ ਊਰਜਾ ਖੇਤਰ ਐਸ ਪੀ ਐਸ ਈਜ਼ ਵਿੱਚ ਕੀਤੇ ਨਿਵੇਸ਼ ਦੀ ਗਣਨਾ ਹੇਠ ਲਿਖੀਆਂ ਧਾਰਨਾਵਾਂ ਦੇ ਅਧਾਰ ਤੇ ਕੀਤੀ ਗਈ ਸੀ:

- ਵਿਆਜ ਮੁਕਤ ਕਰਜ਼ਿਆਂ ਨੂੰ ਰਾਜ ਸਰਕਾਰ ਦੇ ਨਿਵੇਸ਼ ਦੇ ਤੌਰ ਤੇ ਮੰਨਿਆ ਗਿਆ ਹੈ। ਅੱਗੇ, ਉਹਨਾਂ ਮਾਮਲਿਆਂ ਵਿੱਚ ਜਿੱਥੇ ਐਸ ਪੀ ਐਸ ਈਜ਼ ਨੂੰ ਦਿੱਤੇ ਗਏ ਵਿਆਜ ਮੁਕਤ ਕਰਜ਼ਿਆਂ ਨੂੰ ਬਾਅਦ ਵਿੱਚ ਇਕਵਟੀ ਵਿੱਚ ਬਦਲ ਦਿੱਤਾ ਗਿਆ ਸੀ, ਇਕਵਟੀ ਵਿੱਚ ਬਦਲੇ ਕਰਜ਼ਿਆਂ ਦੀ ਰਕਮ ਨੂੰ ਵਿਆਜ ਮੁਕਤ ਕਰਜ਼ਿਆ ਦੀ ਰਕਮ ਵਿੱਚੋਂ ਘਟਾ ਦਿੱਤਾ ਗਿਆ ਹੈ ਅਤੇ ਉਸ ਸਾਲ ਦੀ ਇਕਵਟੀ ਵਿੱਚ ਜੋੜ ਦਿੱਤਾ ਗਿਆ ਹੈ।

- ਸਾਲ ਦੇ ਅੰਤ ਵਿੱਚ ਕੁੱਲ ਨਿਵੇਸ਼ ਦੀ ਗਣਨਾ ਕਰਦੇ ਹੋਏ ਵਿਨਿਵੇਸ਼ ਦੀ ਕਟੌਤੀ ਕੀਤੀ ਗਈ ਹੈ।

- ਪੀ ਵੀ ਦੀ ਗਣਨਾ ਲਈ, ਸੰਬੰਧਿਤ ਵਿੱਤੀ ਸਾਲ[25] ਲਈ ਸਰਕਾਰ ਦੇ ਉਧਾਰ ਉਤੇ ਔਸਤਨ ਵਿਆਜ ਦੀ ਦਰ ਨੂੰ ਮਿਸ਼ਰਤ ਦਰ ਦੇ ਤੌਰ ਤੇ ਅਪਣਾਇਆ ਗਿਆ ਸੀ ਕਿਉਂਕਿ ਇਹ ਸਰਕਾਰ ਦੁਆਰਾ ਸਾਲ ਵਿੱਚ ਫੰਡਾਂ ਦੇ ਨਿਵੇਸ਼ ਕਰਨ ਲਈ ਕੀਤੀ ਗਈ ਲਾਗਤ ਨੂੰ ਦਰਸਾਉਂਦੇ ਹਨ ਅਤੇ ਇਸ ਲਈ ਸਰਕਾਰ ਦੁਆਰਾ ਕੀਤੇ ਨਿਵੇਸ਼ ਤੇ ਸੰਭਾਵਿਤ ਘੱਟੋ-ਘੱਟ ਆਮਦਨੀ ਦੀ ਦਰ ਦੇ ਤੌਰ ਤੇ ਮੰਨਿਆ ਗਿਆ ਹੈ ।

ਦੋ ਊਰਜਾ ਖੇਤਰ ਐਸ ਪੀ ਐਸ ਈਜ਼ ਵਿੱਚ ਰਾਜ ਸਰਕਾਰ ਦੁਆਰਾ ਇਕਵਟੀ ਅਤੇ ਵਿਆਜ ਮੁਕਤ ਕਰਜ਼ਿਆਂ ਦੇ ਰੂਪ ਵਿੱਚ, ਇਹਨਾਂ ਕੰਪਨੀਆਂ ਦੀ ਸ਼ੁਰੂਆਤ ਤੋਂ 31 ਮਾਰਚ 2020 ਤੱਕ ਕੀਤੇ ਕੰਪਨੀ-ਵਾਰ ਨਿਵੇਸ਼ ਦੀ ਸਥਿਤੀ ***ਅਨੁਲੱਗ 2*** ਵਿੱਚ ਦਰਸਾਈ ਗਈ ਹੈ। ਦੋ ਊਰਜਾ ਖੇਤਰ ਐਸ ਪੀ ਐਸ ਈਜ਼ (ਪੀ ਐਸ ਪੀ ਸੀ ਐਲ ਅਤੇ ਪੀ ਐਸ ਟੀ ਸੀ ਐਲ) ਦੇ ਸੰਬੰਧ ਵਿੱਚ ਇਨ੍ਹਾਂ ਕੰਪਨੀਆਂ ਦੀ ਸ਼ੁਰੂਆਤ ਤੋਂ 31 ਮਾਰਚ 2020 ਤੱਕ ਰਾਜ ਸਰਕਾਰ ਦੇ ਨਿਵੇਸ਼ ਦੀ ਪੀ ਵੀ ਅਤੇ ਕੁੱਲ ਆਮਦਨੀ ਦੀ ਏਕੀਕ੍ਰਿਤ ਸਥਿਤੀ **ਸਾਰਣੀ 1.12** ਵਿੱਚ ਦਰਸਾਈ ਗਈ ਹੈ :

25 ਸਰਕਾਰੀ ਉਧਾਰ ਉੱਤੇ ਵਿਆਜ ਦੀ ਔਸਤਨ ਦਰ ਸਟੇਟ ਫਾਇਨਾਸਿਜ਼ (ਜੀ ਓ ਪੀ) ਉੱਤੇ ਸੀ ਏ ਜੀ ਦੀਆਂ ਸੰਬੰਧਿਤ ਸਾਲ ਦੀਆਂ ਰਿਪੋਰਟਾਂ ਤੋਂ ਅਪਣਾਈ ਗਈ ਸੀ ਜਿਸ ਵਿੱਚ ਵਿਆਜ ਭੁਗਤਾਨ ਦੀ ਔਸਤਨ ਦਰ=ਵਿਆਜ ਅਦਾਇਗੀ/ [(ਪਿਛਲੇ ਸਾਲਾਂ ਦੀਆਂ ਫਿਸਕਲ ਦੇਣਦਾਰੀਆਂ + ਚਾਲੂ ਸਾਲ ਦੀਆਂ ਫਿਸਕਲ ਦੇਣਦਾਰੀਆਂ)/2] x 100

**ਸਾਰਣੀ 1.12: ਰਾਜ ਸਰਕਾਰ ਦੁਆਰਾ ਨਿਵੇਸ਼ ਅਤੇ ਇਸਦੀ ਮੌਜੂਦਾ ਕੀਮਤ (ਪੀ ਵੀ) ਦੇ ਸਾਲ-ਵਾਰ ਵੇਰਵੇ**

**(₹ ਕਰੋੜਾਂ ਵਿੱਚ)**

| ਸਾਲ | ਸਾਲ ਦੇ ਸ਼ੁਰੂ ਵਿੱਚ ਕੁਲ ਨਿਵੇਸ਼ ਦੀ ਮੌਜੂਦਾ ਕੀਮਤ | ਸਾਲ ਦੌਰਾਨ ਰਾਜ ਸਰਕਾਰ ਦੁਆਰਾ ਨਿਵੇਸ਼ ਕੀਤੀ ਇਕਵਟੀ | ਸੰਚਾਲਨ ਅਤੇ ਪ੍ਰਬੰਧਨ ਖਰਚਿਆਂ ਲਈ ਸਾਲ ਦੌਰਾਨ ਰਾਜ ਸਰਕਾਰ ਵਲੋਂ ਦਿੱਤੇ ਅਨੁਦਾਨ / ਉਪਦਾਨ | ਰਾਜ ਸਰਕਾਰ ਦੁਆਰਾ ਵਿਨਿਵੇਸ਼ | ਸਾਲ ਦੌਰਾਨ ਕੀਤਾ ਕੁੱਲ ਨਿਵੇਸ਼ | ਸਾਲ ਦੇ ਅੰਤ ਵਿੱਚ ਕੁਲ ਨਿਵੇਸ਼ | ਸਰਕਾਰ ਦੇ ਉਧਾਰ ਤੇ ਵਿਆਜ ਦੀ ਔਸਤਨ ਦਰ (*ਪ੍ਰਤੀਸ਼ਤ* ਵਿੱਚ) | ਸਾਲ ਦੇ ਅੰਤ ਵਿੱਚ ਕੁਲ ਨਿਵੇਸ਼ ਦੀ ਮੌਜੂਦਾ ਕੀਮਤ | ਸਾਲ ਲਈ ਫੰਡਾਂ ਦੀ ਲਾਗਤ ਨੂੰ ਮੁੜ ਪ੍ਰਾਪਤ ਕਰਨ ਲਈ ਘੱਟੋ-ਘੱਟ ਉਮੀਦ ਕੀਤੀ ਆਮਦਨ | ਸਾਲ[26] ਲਈ ਕੁਲ ਆਮਦਨੀ |
|---|---|---|---|---|---|---|---|---|---|---|
| **i** | **ii** | **iii** | **iv** | **v** | **vi= iii + iv - v** | **vii = ii + vi** | **viii** | **ix={vii*(1 + viii/100)}** | **x={vii* viii/100}** | **xi** |
| 2010-11 | - | 6,687.35[27] | - | - | 6,687.35 | 6,687.35 | 7.73 | 7,204.28 | 516.93 | (-) 1,696.24 |
| 2011-12 | 7,204.28 | - | - | - | 0.00 | 7,204.28 | 7.96 | 7,777.74 | 573.46 | (-) 559.34 |
| 2012-13 | 7,777.74 | - | - | - | 0.00 | 7,777.74 | 7.79 | 8,383.63 | 605.89 | 419.21 |
| 2013-14 | 8,383.63 | - | - | - | 0.00 | 8,383.63 | 8.04 | 9,057.67 | 674.04 | 629.83 |
| 2014-15 | 9,057.67 | - | - | - | 0.00 | 9,057.67 | 8.35 | 9,813.99 | 756.32 | 103.20 |
| 2015-16 | 9,813.99 | - | - | - | 0.00 | 9,813.99 | 8.09 | 10,607.94 | 793.95 | (-) 1,692.83 |
| 2016-17 | 10,607.94 | - | - | - | 0.00 | 10,607.94 | 7.48 | 11,401.41 | 793.47 | (-) 2,831.23 |
| 2017-18 | 11,401.41 | - | - | - | 0.00 | 11,401.41 | 8.12 | 12,327.21 | 925.79 | (-) 901.92 |
| 2018-19 | 12,327.21 | - | - | - | 0.00 | 12,327.21 | 8.00 | 13,313.39 | 986.18 | (-) 44.69 |
| 2019-20 | 13,313.39 | 15,628.26 | | | 15,628.26 | 28,941.65 | 7.93 | 31,236.72 | 2,295.07 | (-) 1,191.77 |
| **ਕੁੱਲ** | | **22,315.61** | **-** | **-** | **22,315.61** | | | | | |

*ਨੋਟ: ਇਨ੍ਹਾਂ ਸਾਲਾਂ ਦੌਰਾਨ ਰਾਜ ਸਰਕਾਰ ਵੱਲੋਂ ਕੋਈ ਵਿਆਜ ਰਹਿਤ ਕਰਜ਼ੇ ਨਹੀਂ ਦਿੱਤੇ ਗਏ ਸਨ।*

31 ਮਾਰਚ 2020 ਤੱਕ ਰਾਜ ਸਰਕਾਰ ਦੁਆਰਾ ਇਕਵਟੀ ਦੇ ਰੂਪ ਵਿੱਚ ਕੀਤੇ ਨਿਵੇਸ਼ ਦੀ ਪੀ ਵੀ ₹ 31,236.72 ਕਰੋੜ ਸੀ। ਰਾਜ ਸਰਕਾਰ ਨੇ ਪੀ ਐਸ ਪੀ ਸੀ ਐਲ ਦੇ ਮਾਮਲੇ ਵਿਚ 2019-20 ਦੌਰਾਨ ਉਦੈ ਸਕੀਮ ਅਧੀਨ ਲਏ ਗਏ ₹ 15,628.26 ਕਰੋੜ ਦੇ ਕਰਜ਼ਿਆਂ ਨੂੰ ਇਕਵਟੀ ਵਿਚ ਤਬਦੀਲ ਕਰ ਦਿੱਤਾ ਸੀ।

ਇਹ ਦੇਖਿਆ ਜਾ ਸਕਦਾ ਹੈ ਕਿ ਇਨ੍ਹਾਂ ਐਸ ਪੀ ਐਸ ਈਜ਼ ਵਿੱਚ ਸਾਲ 2010-11, 2011-12 ਅਤੇ 2015-16 ਤੋਂ 2019-20 ਦੌਰਾਨ ਕੁੱਲ ਆਮਦਨੀ ਨਕਾਰਾਤਮਕ ਰਹੀ । ਇਹ ਦਰਸਾਉਂਦਾ ਹੈ ਕਿ ਨਿਵੇਸ਼ ਕੀਤੇ ਫੰਡਾਂ ਤੇ ਆਮਦਨ ਪੈਦਾ ਕਰਨ ਦੀ ਬਜਾਏ, ਸਰਕਾਰ ਆਪਣੇ ਨਿਵੇਸ਼ ਕੀਤੇ ਫੰਡਾਂ ਦੀ ਲਾਗਤ ਵੀ ਵਸੂਲ ਨਹੀਂ ਕਰ ਸਕੀ। ਇਸ ਤੋਂ ਇਲਾਵਾ, ਬਾਕੀ ਸਾਲਾਂ ਦੌਰਾਨ ਸਕਾਰਾਤਮਕ ਕੁੱਲ ਕਮਾਈ ਵੀ ਇਨ੍ਹਾਂ ਊਰਜਾ ਖੇਤਰ ਦੇ ਐਸ ਪੀ ਐਸ ਈਜ਼ ਵਿੱਚ ਕੀਤੇ ਨਿਵੇਸ਼ ਤੋਂ ਘੱਟੋ-ਘੱਟ ਉਮੀਦ ਕੀਤੀ ਆਮਦਨੀ ਤੋਂ ਕਾਫੀ ਘੱਟ ਰਹੀ।

## 1.6 ਹਾਨੀ ਉਠਾਉਣ ਵਾਲੇ ਊਰਜਾ ਖੇਤਰ ਐਸ ਪੀ ਐਸ ਈਜ਼

ਦੋ ਊਰਜਾ ਖੇਤਰ ਐਸ ਪੀ ਐਸ ਈਜ਼ ਨੂੰ ਸਾਲ 2019-20 ਦੌਰਾਨ ਹਾਨੀ ਝੱਲਣੀ ਪਈ । ਹਾਨੀ 2018-19 ਦੌਰਾਨ (-) ₹ 44.69 ਕਰੋੜ ਤੋਂ ਵੱਧ ਕੇ 2019-20 ਵਿੱਚ (-) ₹ 1,191.77 ਕਰੋੜ **ਸਾਰਣੀ 1.13** ਅਨੁਸਾਰ ਹੋ ਗਈ :

---

26 ਸਾਲ ਲਈ ਕੁੱਲ ਆਮਦਨੀ ਦੋ ਐਸ ਪੀ ਐਸ ਈਜ਼ ਜਿਨ੍ਹਾਂ ਵਿੱਚ ਰਾਜ ਸਰਕਾਰ ਵੱਲੋਂ ਫੰਡ ਨਿਵੇਸ਼ ਕੀਤੇ ਗਏ ਦੀ ਸਬੰਧਿਤ ਸਾਲ ਲਈ ਨਿਰੋਲ ਆਮਦਨ (ਲਾਭ/ਹਾਨੀ) ਦੇ ਕੁੱਲ ਜੋੜ ਨੂੰ ਦਰਸਾਉਂਦੀ ਹੈ।

27 ਅਨਬੰਡਲਿੰਗ ਵੇਲੇ ਊਰਜਾ ਖੇਤਰ ਦੀਆਂ ਕੰਪਨੀਆਂ ਨੂੰ ਕੋਈ ਇਕੱਠੇ ਹੋਏ ਨੁਕਸਾਨ ਟ੍ਰਾਂਸਫਰ ਨਹੀਂ ਕੀਤੇ ਗਏ ਸਨ ਕਿਉਂਕਿ ਸਾਬਕਾ ਪੀ ਐਸ ਈ ਬੀ ਦਾ ₹ 10,180.35 ਕਰੋੜ ਦਾ ਇਕੱਠਾ ਘਾਟਾ ਜਮੀਨੀ ਮੁਲਾਂਕਣ ਤੇ ਪੂੰਜੀ ਰਿਜ਼ਰਵ ਦੇ ਵਿਰੁੱਧ ਸਮਾਯੋਜਤ ਕੀਤਾ ਗਿਆ ਸੀ।

**ਸਾਰਣੀ 1.13: 2017-20 ਦੌਰਾਨ ਹਾਨੀ ਉਠਾਉਣ ਵਾਲੇ ਊਰਜਾ ਖੇਤਰ ਐਸ ਪੀ ਐਸ ਈਜ਼**

(₹ ਕਰੋੜਾਂ ਵਿੱਚ)

| ਸਾਲ | ਨੁਕਸਾਨ ਉਠਾਉਣ ਵਾਲੇ ਊਰਜਾ ਖੇਤਰ ਐਸ ਪੀ ਐਸ ਈ ਦਾ ਨਾਂ | ਸਾਲ ਦੀ ਨਿਰੋਲ ਹਾਨੀ | ਸੰਚਿਤ ਲਾਭ/ਹਾਨੀ | ਨਿਰੋਲ ਮੁੱਲ |
|---|---|---|---|---|
| 2017-18 | ਪੀ ਐਸ ਪੀ ਸੀ ਐਲ | (-) 906.92 | (-) 6,943.29 | (-) 861.82 |
| | **ਕੁੱਲ** | **(-) 906.92** | **(-) 6,943.29** | **(-) 861.82** |
| 2018-19 | ਪੀ ਐਸ ਪੀ ਸੀ ਐਲ | (-) 37.80 | (-) 7,001.17 | (-) 899.62 |
| | ਪੀ ਐਸ ਟੀ ਸੀ ਐਲ | (-) 6.89 | 384.25 | 992.13 |
| | **ਕੁੱਲ** | **(-) 44.69** | **(-) 6,616.92** | **92.51** |
| 2019-20 | ਪੀ ਐਸ ਪੀ ਸੀ ਐਲ | (-) 1,158.20 | (-) 8,159.37 | 13,570.44 |
| | ਪੀ ਐਸ ਟੀ ਸੀ ਐਲ | (-) 33.57 | 348.01 | 955.89 |
| | **ਕੁੱਲ** | **(-) 1,191.77** | **(-) 7,811.36** | **14,526.33** |

ਸਾਲ 2019-20 ਦੌਰਾਨ ਹੋਈ ਹਾਨੀ ਵਿੱਚ ਭਾਰੀ ਵਾਧਾ ਪ੍ਰਮੁੱਖ ਤੌਰ ਤੇ ਪੀ ਐਸ ਪੀ ਸੀ ਐਲ (₹ 1,158.20 ਕਰੋੜ) ਦੀ ਸਾਲ 2019-20 ਵਿੱਚ ਹੋਰ ਆਮਦਨੀ ਵਿੱਚ ਪਿਛਲੇ ਸਾਲ ਦੇ ਮੁਕਾਬਲੇ ₹ 817.76 ਕਰੋੜ ਦੀ ਗਿਰਾਵਟ ਸੀ ਜੋ ਕਿ 2018-19 ਵਿੱਚ ਜੀ ਓ ਪੀ ਵੱਲੋਂ ਦੇਰੀ ਨਾਲ ਅਦਾ ਕੀਤੀ ਗਈ ਸਬਸਿਡੀ ਤੇ ਵਿਆਜ ਮਿਲਣ ਕਾਰਨ ਹੋਈ ਸੀ। ਅੱਗੇ, ਪਿਛਲੇ ਸਾਲ (2018-19) ਦੇ ਮੁਕਾਬਲੇ ਕੰਪਨੀ ਦੀ ਊਰਜਾ ਦੀ ਵਿਕਰੀ ਤੋਂ ਆਮਦਨ (3.74 *ਪ੍ਰਤੀਸ਼ਤ*) ਵਿੱਚ ਵਾਧੇ ਨਾਲੋਂ ਬਿਜਲੀ ਦੀ ਲਾਗਤ (5.29 *ਪ੍ਰਤੀਸ਼ਤ*) ਦੀ ਦਰ ਵਿੱਚ ਵਾਧਾ ਹੋਇਆ ਹੈ। 2019-20 ਦੇ ਦੌਰਾਨ ਪੀ ਐਸ ਪੀ ਸੀ ਐਲ ਦੀ ਨਿਰੋਲ ਮੁੱਲ ਵਿੱਚ ਵਾਧੇ ਦਾ ਕਾਰਨ ਜੀ ਓ ਪੀ ਵੱਲੋਂ ₹ 15,628.26 ਕਰੋੜ ਦੇ ਥੋੜ੍ਹੇ ਸਮੇਂ ਦੇ ਕਰਜ਼ਿਆਂ (ਉਦੈ ਅਧੀਨ) ਨੂੰ ਇਕਵਟੀ ਵਿੱਚ ਤਬਦੀਲ ਕਰਨਾ ਸੀ।

### 1.6.1 *ਊਰਜਾ ਖੇਤਰ ਐਸ ਪੀ ਐਸ ਈਜ਼ ਵਿੱਚ ਪੂੰਜੀ ਦਾ ਖੁਰਨਾ*

31 ਮਾਰਚ 2020 ਤੱਕ, ਇੱਕ ਊਰਜਾ ਖੇਤਰ ਐਸ ਪੀ ਐਸ ਈ (ਪੀ ਐਸ ਪੀ ਸੀ ਐਲ) ਕੋਲ ₹ 8,159.37 ਕਰੋੜ ਦੀ ਸੰਚਿਤ ਹਾਨੀ ਸੀ। ਹਾਲਾਂਕਿ, ਸਾਲ 2019-20 ਦੇ ਦੌਰਾਨ ₹ 15,628.26 ਕਰੋੜ ਦੇ ਕਰਜ਼ਿਆਂ ਦੀ ਇਕਵਟੀ ਵਿੱਚ ਤਬਦੀਲੀ ਨੇ ਪੂੰਜੀ ਨੂੰ ਸੰਚਿਤ ਹਾਨੀ ਦੁਆਰਾ ਖੁਰਨ ਤੋਂ ਰੋਕਿਆ ਅਤੇ ਨਿਰੋਲ ਮੁੱਲ ਨੂੰ ਸਕਾਰਾਤਮਕ ਬਣਾਉਣ ਵਿੱਚ ਸਹਾਇਤਾ ਕੀਤੀ।

## 1.7 ਉਦੈ ਸਕੀਮ ਨੂੰ ਲਾਗੂ ਕਰਨਾ

ਉਦੈ ਸਕੀਮ ਨੂੰ ਲਾਗੂ ਕਰਨ ਦੀ ਸਥਿਤੀ ਹੇਠ ਅਨੁਸਾਰ ਹੈ:

### *ੳ. ਕਾਰਜਕਾਰੀ ਮਾਪਦੰਡਾਂ ਦੀ ਪ੍ਰਾਪਤੀ*

ਉਦੈ ਸਕੀਮ ਅਧੀਨ ਵੱਖ-ਵੱਖ ਕਾਰਜਕਾਰੀ ਮਾਪਦੰਡਾਂ ਦੇ ਟੀਚੇ ਵਿਰੁੱਧ ਪ੍ਰਾਪਤੀਆਂ ਜੋ ਕੇਵਲ ਰਾਜ ਡਿਸਕਾਮ (ਪੀ ਐਸ ਪੀ ਸੀ ਐਲ) ਨਾਲ ਸਬੰਧਤ ਸੀ, **ਸਾਰਣੀ** 1.14 ਅਨੁਸਾਰ ਸਨ:

**ਸਾਰਣੀ 1.14: 31 ਮਾਰਚ 2020 ਤੱਕ ਕਾਰਜਕਾਰੀ ਕੁਸ਼ਲਤਾ ਦੇ ਮਾਪਦੰਡ ਅਨੁਸਾਰ ਟੀਚੇ ਦੇ ਵਿਰੁੱਧ ਪ੍ਰਾਪਤੀਆਂ**

| ਉਦੈ ਸਕੀਮ ਦੇ ਮਾਪਦੰਡ | ਉਦੈ ਸਕੀਮ ਅਧੀਨ 2019-20 ਤੱਕ ਟੀਚੇ | ਉਦੈ ਸਕੀਮ ਅਧੀਨ 31 ਮਾਰਚ 2020 ਤੱਕ ਪ੍ਰਗਤੀ | ਪ੍ਰਾਪਤੀਆਂ (*ਪ੍ਰਤੀਸ਼ਤ* ਵਿੱਚ) |
|---|---|---|---|
| ਫੀਡਰ ਮੀਟਰਿੰਗ (ਨੰਬਰਾਂ ਵਿੱਚ) | 11,658 | 11,658 | 100 |
| ਵੰਡ ਟ੍ਰਾਂਸਫਾਰਮਰਾਂ ਤੇ ਮੀਟਰਿੰਗ (ਨੰ) | 1,92,137 | 47,062 | 24.49 |
| ਫੀਡਰਾਂ ਨੂੰ ਅਲਗ ਕਰਨਾ (ਨੰ) | 6,415 | 6,139 | 95.70 |
| ਪੇਂਡੂ ਫੀਡਰਾਂ ਦੀ ਲੇਖਾ ਪੜਤਾਲ (ਨੰ) | 8,018 | 8,018 | 100 |
| ਵਾਝੇਂ ਘਰਾਂ ਨੂੰ ਬਿਜਲੀ (ਲੱਖ ਨੰਬਰਾਂ ਵਿੱਚ) | 70.61 | 70.61 | 100 |
| 500 ਕੇ ਡਬਲਯੂ ਐਚ ਤੋਂ ਵੱਧ ਸਮਾਰਟ ਮੀਟਰਿੰਗ (ਨੰ) | 6,97,711 | 0 | 0 |
| 200 ਕੇ ਡਬਲਿਯੂ ਐਚ ਤੋਂ ਵੱਧ ਅਤੇ 500 ਕੇ ਡਬਲਿਯੂ ਐਚ ਤੱਕ ਸਮਾਰਟ ਮੀਟਰਿੰਗ (ਨੰ) | 9,34,394 | 0 | 0 |
| ਐਲ ਈ ਡੀ ਉਜਾਲਾ ਦੀ ਵੰਡ (ਲੱਖਾਂ ਵਿੱਚ) | 120 .00 | 13.19 | 10.99 |
| ਏ ਟੀ ਅਤੇ ਸੀ ਨੁਕਸਾਨ (*ਪ੍ਰਤੀਸ਼ਤ*) | 14.00 | 13.98 | - |
| ਏ ਸੀ ਐਸ-ਏ ਆਰ ਆਰ ਗੈਪ (₹ ਪ੍ਰਤੀ ਯੂਨਿਟ) | 0.09 | (0.30)[28] | - |
| ਉਪਦਾਨ ਸਮੇਤ ਨਿਰੋਲ ਕਮਾਈ ਜਾਂ ਲਾਭ/ਹਾਨੀ (₹ ਕਰੋੜਾਂ ਵਿੱਚ) | 467 | (1,158.20) | - |

*ਸਰੋਤ: ਪੀ ਐਸ ਪੀ ਸੀ ਐਲ ਦੁਆਰਾ ਦਿੱਤੀ ਗਈ ਜਾਣਕਾਰੀ ਅਤੇ ਭਾਰਤ ਸਰਕਾਰ, ਊਰਜਾ ਮੰਤਰਾਲੇ ਦੀ ਵੈਬਸਾਈਟ ਦੇ ਅਨੁਸਾਰ ਉਦੈ ਸਕੀਮ ਅਧੀਨ ਰਾਜ ਸਿਹਤ ਕਾਰਡ ।*

ਪੀ ਐਸ ਪੀ ਸੀ ਐਲ ਨੇ ਸਮਾਰਟ ਮੀਟਰ ਖਰੀਦਣ ਲਈ ਟੈਂਡਰ ਜਾਰੀ ਕੀਤੇ (ਜੁਲਾਈ 2019) ਸਨ। ਦਸੰਬਰ 2020 ਤੱਕ 96,000 ਸਮਾਰਟ ਮੀਟਰਾਂ ਦੀ ਸਪਲਾਈ ਦਾ ਆਦੇਸ਼ ਮਈ 2020 ਵਿੱਚ ਇੱਕ ਫਰਮ ਨੂੰ ਦਿੱਤਾ ਗਿਆ ਸੀ। ਲੇਖਾ ਪ੍ਰੀਖਿਆ ਨੇ ਦੇਖਿਆ ਕਿ ਅਪ੍ਰੈਲ 2021 ਤੱਕ ਸਿਰਫ 335 ਸਮਾਰਟ ਮੀਟਰ ਲਗਾਏ ਗਏ ਸਨ। ਇਸਦੀ ਵੰਡ ਟਰਾਂਸਫਾਰਮਰਸ ਦੀ ਮੀਟਰਿੰਗ ਅਤੇ ਐਲ ਈ ਡੀ ਉਜਾਲਾ ਦੀ ਵੰਡ ਦੇ ਨਿਰਧਾਰਤ ਟੀਚਿਆਂ ਦੇ ਵਿਰੁਧ ਕਾਰਗੁਜਾਰੀ ਮਾੜੀ ਸੀ, ਜਦੋਂ ਕਿ ਫੀਡਰ ਮੀਟਰਿੰਗ, ਪੇਂਡੂ ਫੀਡਰਾਂ ਦੀ ਲੇਖਾ ਪੜਤਾਲ, ਬਿਜਲੀ ਤੋਂ ਵਾਂਝੇ ਘਰਾਂ ਨੂੰ ਬਿਜਲੀ ਦੀ ਸਪਲਾਈ ਅਤੇ ਏ ਟੀ ਅਤੇ ਸੀ ਨੁਕਸਾਨ ਨੂੰ 14.00 *ਪ੍ਰਤੀਸ਼ਤ* ਤੋਂ ਘੱਟ ਕਰਨ ਸੰਬੰਧੀ ਟੀਚੇ ਸੰਪੂਰਨ ਪ੍ਰਾਪਤ ਕਰ ਲਏ ਗਏ ਸਨ। ਊਰਜਾ ਮੰਤਰਾਲੇ, ਭਾਰਤ ਸਰਕਾਰ ਦੇ ਅਨੁਸਾਰ, ਪੰਜਾਬ ਸਰਕਾਰ 31 ਦਸੰਬਰ 2020 ਤੱਕ ਉਦੈ ਸਕੀਮ ਅਧੀਨ ਰਾਜ ਡਿਸਕਾਮਜ਼ ਦੀਆਂ ਕੁੱਲ ਪ੍ਰਾਪਤੀਆਂ ਦੇ ਆਧਾਰ ਤੇ ਸਾਰੇ ਰਾਜਾਂ ਵਿੱਚੋਂ 12ਵੇਂ ਥਾਂ ਤੇ ਰਹੀ ।

### *ਅ ਵਿੱਤੀ ਬਦਲਾਅ ਨੂੰ ਲਾਗੂ ਕਰਨਾ*

ਐਮ ਓ ਪੀ (ਜੀ ਓ ਆਈ), ਜੀ ਓ ਪੀ ਅਤੇ ਪੀ ਐਸ ਪੀ ਸੀ ਐਲ ਵਿੱਚ ਇੱਕ ਤ੍ਰੈ ਪੱਖੀ ਮੈਮੋਰੈਂਡਮ ਆਫ ਅੰਡਰਸਟੈਂਡਿੰਗ (ਐਮ ਓ ਯੂ) ਤੇ ਹਸਤਾਖਰ (4 ਮਾਰਚ 2016) ਕੀਤੇ ਗਏ ਸਨ। ਉਦੈ ਸਕੀਮ ਅਤੇ ਤ੍ਰੈ ਪੱਖੀ ਐਮ ਓ ਯੂ ਦੀਆਂ ਸ਼ਰਤਾਂ ਅਨੁਸਾਰ, 30 ਸਤੰਬਰ 2015 ਨੂੰ ਪੀ ਐਸ ਪੀ ਸੀ ਐਲ ਨਾਲ ਸੰਬੰਧਿਤ ਦੇਣਯੋਗ ਕੁੱਲ ਕਰਜ਼ੇ (₹ 20,837.68 ਕਰੋੜ) ਵਿੱਚੋਂ ਜੀ ਓ ਪੀ ਨੇ 2015-16

---

[28] ਆਮਦਨੀ ਤੋਂ ਵੱਧ ਲਾਗਤ

(₹ 10,418.84 ਕਰੋੜ) ਅਤੇ 2016-17 (₹ 5,209.42 ਕਰੋੜ) ਤੱਕ ਦੇ ਸਮੇਂ ਦੌਰਾਨ ਕਰਜ਼ਾ ਦੇ ਕੇ ₹ 15,628.26 ਕਰੋੜ ਦਾ ਕੁੱਲ ਉਧਾਰ ਗ੍ਰਹਿਣ ਕਰਨਾ ਸੀ। ਸੰਬੰਧਿਤ ਸਾਲਾਂ ਵਿੱਚ ਜੀ ਓ ਪੀ ਦੁਆਰਾ ਅਸਲ ਵਿੱਚ ਗ੍ਰਹਿਣ ਕੀਤੇ ਗਏ ਕਰਜੇ ਦਾ ਵੇਰਵਾ ਹੇਠਾਂ ਦੱਸਿਆ ਗਿਆ ਹੈ:

**ਸਾਰਣੀ 1.15: ਉਦੈ ਸਕੀਮ ਨੂੰ ਲਾਗੂ ਕਰਨਾ**

**(₹ ਕਰੋੜਾਂ ਵਿੱਚ)**

| ਸਾਲ | ਇਕਵਟੀ ਨਿਵੇਸ਼ | ਕਰਜ਼ਾ | ਰੈਵਿਨਿਊ ਅਨੁਦਾਨ | ਕੁੱਲ |
|---|---|---|---|---|
| 2015-16 | - | 9,859.72 | - | 9,859.72 |
| 2016-17 | - | 5,768.54 | - | 5,768.54 |
| 2017-18 | - | - | 141.81 | 141.81 |
| 2018-19 | - | - | 90.69 | 90.69 |
| 2019-20 | 15,628.26 | (15,628.26) | 9.45 | 9.45 |
| **ਕੁੱਲ** | **15,628.26** | **0.00** | **241.95** | **15,870.21** |
| 31 ਮਾਰਚ 2020 ਨੂੰ ਸਥਿਤੀ | 15,628.26 | 0.00 | 241.95 | 15,870.21 |

*ਸਰੋਤ: ਅੰਤਿਮ ਰੂਪ ਦਿੱਤੇ ਨਵੀਨਤਮ ਲੇਖਿਆਂ ਅਨੁਸਾਰ।*

ਇਹ ਦੇਖਿਆ ਗਿਆ ਕਿ ਵਿੱਤੀ ਬਦਲਾਅ ਲਈ ਉਦੈ ਸਕੀਮ ਦੇ ਉਪਬੰਧਾਂ ਅਨੁਸਾਰ, ਡਿਸਕੋਮ ਦਾ ਕਰਜ਼ਾ ਰਾਜ ਸਰਕਾਰ ਦੁਆਰਾ ਅਨੁਦਾਨ ਦੇ ਰੂਪ ਵਿੱਚ ਚੁੱਕਿਆ ਜਾਣਾ ਸੀ, ਜਦੋਂਕਿ ਐਮ ਓ ਯੂ ਅਨੁਸਾਰ ਇਹ ਕਰਜ਼ਾ, ਕਰਜ਼ੇ ਦੇ ਰੂਪ ਵਿੱਚ ਗ੍ਰਹਿਣ ਕਰਨ ਬਾਰੇ ਕਿਹਾ ਗਿਆ ਜਿਵੇਂ ਕਿ ਉਪਰ ਦੱਸਿਆ ਗਿਆ ਹੈ। ਅੱਗੇ ਇਹ ਦੇਖਿਆ ਗਿਆ ਕਿ 2015-16 ਵਿੱਚ ਗ੍ਰਹਿਣ ਕੀਤੇ ਜਾਣ ਵਾਲੇ ₹ 10,418.84 ਕਰੋੜ ਦੇ ਕਰਜ਼ੇ, ਜਿਵੇਂ ਐਮ ਓ ਯੂ ਵਿੱਚ ਪ੍ਰਾਵਧਾਨ ਸੀ, ਦੇ ਵਿਰੁੱਧ ਸਾਲ ਦੌਰਾਨ ₹ 9,859.72 ਕਰੋੜ ਦੇ ਕਰਜ਼ੇ ਗ੍ਰਹਿਣ ਕੀਤੇ ਗਏ। ਸਾਲ 2015-16 ਦੇ ਬਕਾਇਆ ₹ 559.12 ਕਰੋੜ, 2016-17 ਦੀ ਨਿਰਧਾਰਤ ਰਾਸ਼ੀ (₹ 5,209.42 ਕਰੋੜ) ਦੇ ਨਾਲ ਹੀ ਗ੍ਰਹਿਣ ਕੀਤੇ ਗਏ।

ਐਮ ਓ ਯੂ ਦੀ ਸ਼ਰਤਾਂ ਅਨੁਸਾਰ, ਇਸ ਤੋਂ ਇਲਾਵਾ ₹ 15,628.26 ਕਰੋੜ ਦੀ ਰਕਮ ਜੋ ਕਿ ਉਦੈ ਸਕੀਮ ਦੇ ਅਧੀਨ ਕਰਜ਼ਿਆਂ ਦੁਆਰਾ ਪ੍ਰਦਾਨ ਕੀਤੀ ਗਈ ਸੀ, ਨੂੰ ਸਮਝੌਤੇ ਦੇ ਅਨੁਸਾਰ 2019-20 ਦੌਰਾਨ ₹ 3,900.00 ਕਰੋੜ ਦੀ ਇਕਵਟੀ ਅਤੇ ₹ 11,728.26 ਕਰੋੜ ਦੀ ਗ੍ਰਾਂਟ ਵਿੱਚ ਤਬਦੀਲ ਕੀਤਾ ਜਾਣਾ ਸੀ। ਹਾਲਾਂਕਿ ਰਾਜ ਸਰਕਾਰ ਦੁਆਰਾ 2019-20 ਵਿੱਚ ₹ 15,628.26 ਕਰੋੜ ਦੇ ਕਰਜ਼ੇ ਦੀ ਸਾਰੀ ਰਕਮ ਨੂੰ ਇਕਵਟੀ ਵਿੱਚ ਬਦਲ ਦਿੱਤਾ ਗਿਆ ਸੀ।

ਜੀ ਓ ਪੀ ਨੇ ਹੋਰ ਵਿੱਤੀ ਸੰਸਥਾਵਾਂ ਅਤੇ ਬੈਂਕਾਂ ਦੇ ਕਾਰਨ ਲੋਨ ਦੇਣਦਾਰੀ ਦਾ ਨਿਪਟਾਰਾ ਕਰਨ ਲਈ ਉਦੈ ਸਕੀਮ ਦੇ ਅਧੀਨ ਪੀ ਐਸ ਪੀ ਸੀ ਐਲ ਨੂੰ ਦਿੱਤੇ ਗਏ ਕਰਜ਼ਿਆਂ ਉੱਤੇ ਅਕਤੂਬਰ 2015 ਤੋਂ ਮਾਰਚ 2020 ਦੀ ਮਿਆਦ ਲਈ, ₹ 5,110.32 ਕਰੋੜ (7.21 ਤੋਂ 8.72 *ਪ੍ਰਤੀਸ਼ਤ* ਦੀ ਵਿਆਜ ਦਰਾਂ ਤੇ) ਦਾ ਵਿਆਜ ਲਗਾਇਆ।

ਐਮ ਓ ਯੂ ਅਨੁਸਾਰ, ਜੀ ਓ ਪੀ ਨੇ 2017-18 ਤੋਂ 2020-21 ਦੌਰਾਨ ਡਿਸਕੌਮ ਦੇ ਨੁਕਸਾਨ ਨੂੰ ਮਿੱਥੀ ਪ੍ਰਤੀਸ਼ਤਤਾ ਨਾਲ ਫੰਡ ਕਰਨਾ ਸੀ। ਇਸ ਅਨੁਸਾਰ, 2016-17 ਦੇ ਨੁਕਸਾਨ ਦੇ ਪੰਜ *ਪ੍ਰਤੀਸ਼ਤ* ਨੂੰ 2017-18 ਵਿੱਚ ਫੰਡ ਕਰਨਾ ਸੀ, 2017-18 ਦੇ ਨੁਕਸਾਨ ਦੇ 10 *ਪ੍ਰਤੀਸ਼ਤ* ਨੂੰ 2018-19 ਵਿੱਚ ਫੰਡ ਕਰਨਾ ਸੀ ਅਤੇ ਸਾਲ 2018-19 ਵਿੱਚ ਹੋਏ ਨੁਕਸਾਨ ਦੇ 25 *ਪ੍ਰਤੀਸ਼ਤ* ਨੂੰ 2019-20 ਵਿੱਚ ਫੰਡ ਕਰਨਾ ਸੀ ਜੋ ਕਿ ਪੀ ਐਸ ਪੀ ਸੀ ਐਲ ਨੂੰ ਰੈਵਿਨਿਊ ਅਨੁਦਾਨ ਵੱਜੋਂ ਦੇ ਕੇ ਜੀ ਓ ਪੀ ਵੱਲੋਂ ਨਿਯਮਤ ਤੌਰ ਤੇ ਪਾਲਣ ਕੀਤਾ ਗਿਆ ਜਿਵੇਂ ਕਿ ਉਪਰ **ਸਾਰਣੀ** 1.15 ਵਿੱਚ ਦਰਸਾਇਆ ਗਿਆ ਹੈ।

# ਅਧਿਆਇ – II

# ਰਾਜ ਦੇ ਸਾਰਵਜਨਿਕ ਖੇਤਰ ਦੇ ਅਦਾਰਿਆਂ ਦੀ ਵਿੱਤੀ ਕਾਰਗੁਜ਼ਾਰੀ (ਊਰਜਾ ਖੇਤਰ ਤੋਂ ਇਲਾਵਾ)

## ਅਧਿਆਇ – II

## ਰਾਜ ਦੇ ਸਾਰਵਜਨਿਕ ਖੇਤਰ ਦੇ ਅਦਾਰਿਆਂ ਦੀ ਵਿੱਤੀ ਕਾਰਗੁਜ਼ਾਰੀ (ਊਰਜਾ ਖੇਤਰ ਤੋਂ ਇਲਾਵਾ)

### 2.1 ਭੂਮਿਕਾ

31 ਮਾਰਚ 2020 ਨੂੰ ਪੰਜਾਬ ਰਾਜ ਵਿੱਚ (***ਅਨੁਲੱਗ 3*** ਦੇ ਅਨੁਸਾਰ) 44[1] ਰਾਜ ਸਾਰਵਜਨਿਕ ਖੇਤਰ ਦੇ ਅਦਾਰੇ (ਊਰਜਾ ਖੇਤਰ ਤੋਂ ਇਲਾਵਾ) ਸਨ। ਇਨ੍ਹਾਂ ਐਸ ਪੀ ਐਸ ਈਜ਼, ਜਿਨ੍ਹਾਂ ਦੀ ਸਥਾਪਨਾ 1952-53 ਤੋਂ 2016-17 ਦੇ ਸਮੇਂ ਦੌਰਾਨ ਹੋਈ, ਵਿੱਚ 37 ਸਰਕਾਰੀ ਕੰਪਨੀਆਂ, ਤਿੰਨ[2] ਸਰਕਾਰ ਦੁਆਰਾ ਨਿਯੰਤਰਿਤ ਹੋਰ ਕੰਪਨੀਆਂ (ਜੀ ਸੀ ਓ ਸੀਜ਼) ਅਤੇ ਚਾਰ[3] ਅਧਿਨਿਯਮਿਕ ਕਾਰਪੋਰੇਸ਼ਨਾਂ ਸ਼ਾਮਲ ਸਨ। ਸਰਕਾਰੀ ਕੰਪਨੀਆਂ ਵਿੱਚ 16[4] ਗੈਰ ਕਾਰਜਸ਼ੀਲ ਕੰਪਨੀਆਂ ਅਤੇ ਸਰਕਾਰੀ ਕੰਪਨੀਆਂ ਦੀ ਮਲਕੀਅਤ ਵਾਲੀਆਂ 10[5] ਸਹਾਇਕ ਕੰਪਨੀਆਂ ਸ਼ਾਮਲ ਸਨ। ਇੱਕ ਕੰਪਨੀ, ਪੰਜਾਬ ਕਮਿਊਨੀਕੇਸ਼ਨਸ ਲਿਮਟਡ, ਸਟਾਕ ਐਕਸਚੇਂਜ ਵਿੱਚ ਸੂਚੀਬੱਧ ਸੀ।

ਇਸ ਅਧਿਆਇ ਵਿਚ 31 ਦਸੰਬਰ 2020 ਨੂੰ ਅੰਤਿਮ ਰੂਪ ਦਿੱਤੇ ਨਵੀਨਤਮ ਲੇਖਿਆਂ ਦੇ ਅਧਾਰ ਤੇ 28 ਕਾਰਜਸ਼ੀਲ ਐਸ ਪੀ ਐਸ ਈਜ਼ ***(ਅਨੁਲੱਗ 4)*** ਦੀ ਵਿੱਤੀ ਕਾਰਗੁਜ਼ਾਰੀ ਸ਼ਾਮਲ ਕੀਤੀ ਗਈ ਹੈ।

| ਇਸ ਅਧਿਆਇ ਵਿੱਚ ਸ਼ਾਮਲ ਗੈਰ ਊਰਜਾ ਖੇਤਰ ਐਸ ਪੀ ਐਸ ਈਜ਼ ਦੀ ਵਿੱਤੀ ਕਾਰਗੁਜ਼ਾਰੀ ਦਾ ਸਾਰ | |
|---|---|
| ਐਸ ਪੀ ਐਸ ਈਜ਼ ਦੀ ਗਿਣਤੀ | 44 |
| ਐਸ ਪੀ ਐਸ ਈਜ਼ ਸ਼ਾਮਲ | 28 (ਕਾਰਜਸ਼ੀਲ) |
| ਅਦਾ ਕੀਤੀ ਪੂੰਜੀ | ₹ 1,159.69 ਕਰੋੜ |
| 31 ਮਾਰਚ 2020 ਨੂੰ ਪੰਜਾਬ ਸਰਕਾਰ ਦਾ ਇਕਵਟੀ ਨਿਵੇਸ਼ | ₹ 1,043.26 ਕਰੋੜ |
| ਲੰਬੀ ਮਿਆਦ ਦੇ ਕਰਜ਼ੇ | ₹ 18,900.20 ਕਰੋੜ |
| ਨਿਰੋਲ ਲਾਭ | ₹ 284.09 ਕਰੋੜ (ਨੌਂ[6] ਐਸ ਪੀ ਐਸ ਈਜ਼) |

---

1 ਸਾਲ ਦੌਰਾਨ, ਲਿਕਵੀਡੇਸ਼ਨ ਦੇ ਅਧੀਨ ਦੋ ਐਸ ਪੀ ਐਸ ਈਜ਼ (ਪੰਜਾਬ ਡਿਜੀਟਲ ਇੰਡਸਟ੍ਰੀਅਲ ਸਿਸਟਮਸ ਲਿਮਟਡ ਅਤੇ ਪੰਜਾਬ ਇਲੈਕਟਰੋ ਆਪਟਿਕਸ ਸਿਸਟਮਸ ਲਿਮਟਡ) ਨੂੰ ਕ੍ਰਮਵਾਰ ਮਿਤੀ 09 ਫਰਵਰੀ 2018 ਅਤੇ 04 ਮਾਰਚ 2020 ਦੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਆਦੇਸ਼ਾਂ ਅਨੁਸਾਰ ਭੰਗ ਕਰ ਦਿੱਤਾ ਗਿਆ। ਇਕ ਹੋਰ ਗੈਰ ਕਾਰਜਸ਼ੀਲ ਐਸ ਪੀ ਐਸ ਈ ਯਾਨਿਕਿ ਪੰਜਾਬ ਟੈਨਰੀਜ਼ ਲਿਮਟਡ ਨੂੰ ਕੰਪਨੀਜ਼ ਐਕਟ, 2013 ਦੀ ਧਾਰਾ 248 (5) ਦੇ ਤਹਿਤ ਕੰਪਨੀਆਂ ਦੇ ਰਜਿਸਟਰਾਰ ਦੁਆਰਾ ਕੰਪਨੀਆਂ ਦੇ ਰਜਿਸਟਰ ਵਿੱਚੋਂ ਕੱਟ ਦਿੱਤਾ ਗਿਆ ਸੀ।

2 ਅੰਮ੍ਰਿਤਸਰ ਸਮਾਰਟ ਸਿਟੀ ਲਿਮਟਡ, ਲੁਧਿਆਣਾ ਸਮਾਰਟ ਸਿਟੀ ਲਿਮਟਡ ਅਤੇ ਜਲੰਧਰ ਸਮਾਰਟ ਸਿਟੀ ਲਿਮਟਡ।

3 ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ (ਪੀ ਆਰ ਟੀ ਸੀ), ਪੰਜਾਬ ਵਿੱਤੀ ਕਾਰਪੋਰੇਸ਼ਨ (ਪੀ ਐਫ ਸੀ), ਪੰਜਾਬ ਅਨੁਸੂਚਿਤ ਜਾਤੀਆਂ ਭੋਂ ਵਿਕਾਸ ਅਤੇ ਵਿੱਤੀ ਕਾਰਪੋਰੇਸ਼ਨ (ਪੀ ਐਸ ਸੀ ਐਲ ਡੀ ਐਫ ਸੀ) ਅਤੇ ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ (ਪੀ ਐਸ ਡਬਲਊ ਸੀ)।

4 ***ਅਨੁਲੱਗ 3*** ਦੇ ਲੜੀ ਨੰ 29 ਤੋਂ 44

5 ***ਅਨੁਲੱਗ 3*** ਦੇ ਲੜੀ ਨੰ 1, 9, 12, 20, 35, 39 ਅਤੇ 41 ਤੋਂ 44

6 ਪੰਜਾਬ ਐਗਰੋ ਇੰਡਸਟ੍ਰੀਜ਼ ਕਾਰਪੋਰੇਸ਼ਨ ਲਿਮਟਡ, ਪੰਜਾਬ ਰਾਜ ਵਣ ਵਿਕਾਸ ਕਾਰਪੋਰੇਸ਼ਨ ਲਿਮਟਡ, ਪੰਜਾਬ ਰਾਜ ਬੀਜ ਕਾਰਪੋਰੇਸ਼ਨ ਲਿਮਟਡ, ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ ਲਿਮਟਡ, ਪੰਜਾਬ ਐਗਰੀ ਨਿਰਯਾਤ ਕਾਰਪੋਰੇਸ਼ਨ ਲਿਮਟਡ, ਪੰਜਾਬ ਰਾਜ ਬੱਸ ਸਟੈਂਡ ਮੈਨੇਜਮੈਂਟ ਕੰਪਨੀ ਲਿਮਟਡ, ਪੰਜਾਬ ਰਾਜ ਕੰਨਟੇਨਰ ਅਤੇ ਵੇਅਰਹਾਊਸਿੰਗ ਕਾਰਪੋਰੇਸ਼ਨ ਲਿਮਟਡ, ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ ਅਤੇ ਪੰਜਾਬ ਵਿੱਤੀ ਕਾਰਪੋਰੇਸ਼ਨ।

| | |
|---|---|
| ਨਿਰੋਲ ਹਾਨੀ | ₹ 488.36 ਕਰੋੜ (13[7] ਐਸ ਪੀ ਐਸ ਈਜ਼) |
| ਜ਼ੀਰੋ ਲਾਭ/ ਹਾਨੀ | ਛੇ[8] ਐਸ ਪੀ ਐਸ ਈਜ਼ |
| ਲਾਭਅੰਸ਼ ਘੋਸ਼ਿਤ ਕੀਤਾ | ₹ 1.38 ਕਰੋੜ (ਦੋ[9] ਐਸ ਪੀ ਐਸ ਈਜ਼) |
| ਕੁੱਲ ਸੰਪਤੀ | ₹ 41,435.05 ਕਰੋੜ |
| ਟਰਨਓਵਰ | ₹ 40,027.52 ਕਰੋੜ |
| ਨਿਰੋਲ ਮੁੱਲ[10] | ₹ (–) 7,300.89 ਕਰੋੜ |

***ਸਰੋਤ:** ਐਸ ਪੀ ਐਸ ਈਜ਼ ਦੇ ਅੰਤਿਮ ਰੂਪ ਦਿੱਤੇ ਨਵੀਨਤਮ ਲੇਖੇ ਅਤੇ ਐਸ ਪੀ ਐਸ ਈਜ਼ ਤੋਂ ਪ੍ਰਾਪਤ ਜਾਣਕਾਰੀ ।*

ਗੈਰ ਊਰਜਾ ਖੇਤਰ ਐਸ ਪੀ ਐਸ ਈਜ਼ ਦੀ ਟਰਨਓਵਰ ਅਤੇ ਕੁੱਲ ਰਾਜ ਘਰੇਲੂ ਉਤਪਾਦ (ਜੀ ਐਸ ਡੀ ਪੀ) ਦਾ ਅਨੁਪਾਤ ਰਾਜ ਦੀ ਅਰਥਵਿਵਸਥਾ ਵਿੱਚ ਇਹਨਾਂ ਐਸ ਪੀ ਐਸ ਈਜ਼ ਦੀਆਂ ਗਤੀਵਿਧੀਆਂ ਦੇ ਯੋਗਦਾਨ ਨੂੰ ਦਰਸਾਉਂਦਾ ਹੈ। ਹੇਠਾਂ ਦਿੱਤੀ **ਸਾਰਣੀ** 2.1 ਮਾਰਚ 2020 ਨੂੰ ਖਤਮ ਹੋਏ ਪਿਛਲੇ ਪੰਜ ਸਾਲਾਂ ਲਈ ਗੈਰ ਊਰਜਾ ਖੇਤਰ ਐਸ ਪੀ ਐਸ ਈਜ਼ ਦੀ ਟਰਨਓਵਰ ਅਤੇ ਪੰਜਾਬ ਦੇ ਜੀ ਐਸ ਡੀ ਪੀ ਦੇ ਵੇਰਵੇ ਪ੍ਰਦਾਨ ਕਰਦੀ ਹੈ :

**ਸਾਰਣੀ 2.1: ਐਸ ਪੀ ਐਸ ਈਜ਼ ਦੀ ਟਰਨਓਵਰ ਵਿਰੁੱਧ ਪੰਜਾਬ ਦੇ ਜੀ ਐਸ ਡੀ ਪੀ ਦੇ ਵੇਰਵੇ**

**(₹ ਕਰੋੜਾਂ ਵਿੱਚ)**

| ਵੇਰਵੇ | 2015-16 | 2016-17 | 2017-18 | 2018-19 | 2019-20 |
|---|---|---|---|---|---|
| ਟਰਨਓਵਰ | 32,104.55 | 33,032.24 | 36,728.43 | 40,883.49 | 40,027.52 |
| ਪੰਜਾਬ ਦੀ ਜੀ ਐਸ ਡੀ ਪੀ (ਵਰਤਮਾਨ ਮੁੱਲ ਅਤੇ ਅਡਵਾਂਸ ਅਨੁਮਾਨ ਤੇ) | 3,90,087.00 | 4,26,988.00 | 4,70,834.00 | 5,26,376.00 | 5,74,760.00 |
| ਪੰਜਾਬ ਦੀ ਜੀ ਐਸ ਡੀ ਪੀ ਨਾਲ ਟਰਨਓਵਰ ਦੀ ਪ੍ਰਤੀਸ਼ਤਤਾ | 8.23 | 7.74 | 7.80 | 7.77 | 6.96 |

***ਸਰੋਤ:** ਟਰਨਓਵਰ ਅੰਕੜੇ ਸੰਬੰਧਿਤ ਸਾਲਾਂ ਦੇ ਅੰਤਿਮ ਰੂਪ ਦਿੱਤੇ ਨਵੀਨਤਮ ਲੇਖਿਆਂ ਅਨੁਸਾਰ ਹਨ ਅਤੇ ਜੀ ਐਸ ਡੀ ਪੀ ਅੰਕੜੇ ਪੰਜਾਬ ਸਰਕਾਰ ਦੇ ਆਰਥਿਕ ਅਤੇ ਅੰਕੜਾ ਸੰਗਠਨ ਅਨੁਸਾਰ ਹਨ ।*

---

7 ਪੰਜਾਬ ਐਗਰੋ ਫੂਡਗ੍ਰੇਨਜ਼ ਕਾਰਪੋਰੇਸ਼ਨ ਲਿਮਟਡ, ਪੰਜਾਬ ਐਗਰੋ ਜੂਸਿਸ ਲਿਮਟਡ, ਪੰਜਾਬ ਰਾਜ ਗ੍ਰੇਨਜ਼ ਪ੍ਰੋਕਿਊਰਮੇਂਟ ਕਾਰਪੋਰੇਸ਼ਨ ਲਿਮਟਡ, ਪੰਜਾਬ ਜਲ ਸਰੋਤ ਪ੍ਰਬੰਧਨ ਅਤੇ ਵਿਕਾਸ ਕਾਰਪੋਰੇਸ਼ਨ ਲਿਮਟਡ (ਪੀ ਡਬਲਯੂ ਆਰ ਐਮ ਡੀ ਸੀ), ਗੁਲਮੋਹਰ ਟੂਰਿਸਟ ਕੰਪਲੈਕਸ (ਹੋਲੀਡੇ ਹੋਮ) ਲਿਮਟਡ, ਪੰਜਾਬ ਇਨਫਰਮੇਸ਼ਨ ਅਤੇ ਕਮਿਊਨੀਕੇਸ਼ਨ ਤਕਨਾਲੋਜੀ ਕਾਰਪੋਰੇਸ਼ਨ ਲਿਮਟਡ, ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਡ, ਪੰਜਾਬ ਸੈਰ ਸਪਾਟਾ ਵਿਕਾਸ ਕਾਰਪੋਰੇਸ਼ਨ ਲਿਮਟਡ, ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਲਿਮਟਡ, ਪੰਜਾਬ ਕਮਿਊਨੀਕੇਸ਼ਨਸ ਲਿਮਟਡ, ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤੀ ਕਾਰਪੋਰੇਸ਼ਨ, ਪੇਪਸੂ ਰੋਡ ਟ੍ਰਾਂਸਪੋਰਟ ਕਾਰਪੋਰੇਸ਼ਨ ਅਤੇ ਲੁਧਿਆਣਾ ਸਮਾਰਟ ਸਿਟੀ ਲਿਮਟਡ ।

8 ਇਸ ਵਿੱਚ ਚਾਰ ਐਸ ਪੀ ਐਸ ਈਜ਼ ਸ਼ਾਮਲ ਹਨ ਜੋ ਨਾ ਲਾਭ ਨਾ ਹਾਨੀ ਦੇ ਅਧਾਰ ਤੇ ਕੰਮ ਕਰ ਰਹੇ ਹਨ ਅਤੇ ਦੋ ਐਸ ਪੀ ਐਸ ਈਜ਼ ਨੇ ਸਾਲ ਦੇ ਦੌਰਾਨ ਜ਼ੀਰੋ ਲਾਭ/ਹਾਨੀ ਪ੍ਰਾਪਤ ਕੀਤਾ।

9 ਪੰਜਾਬ ਰਾਜ ਵਣ ਵਿਕਾਸ ਕਾਰਪੋਰੇਸ਼ਨ ਲਿਮਟਡ ਅਤੇ ਪੰਜਾਬ ਰਾਜ ਕੰਨਟੇਨਰ ਅਤੇ ਵੇਅਰਹਾਊਸਿੰਗ ਕਾਰਪੋਰੇਸ਼ਨ ਲਿਮਟਡ।

10 ਨਿਰੋਲ ਮੁੱਲ = ਅਦਾ ਕੀਤੀ ਪੂੰਜੀ + ਫਰੀ ਰਿਜ਼ਰਵ ਅਤੇ ਸਰਪਲੱਸ – ਸੰਚਿਤ ਘਾਟੇ – ਮੁਲਤਵੀ ਰੈਵਿਨਿਯੂ ਖਰਚਾ

ਅੰਤਿਮ ਰੂਪ ਦਿੱਤੇ ਨਵੀਨਤਮ ਲੇਖਿਆਂ ਅਨੁਸਾਰ, ਐਸ ਪੀ ਐਸ ਈਜ਼ ਨੇ 2015-16 ਤੋਂ 2018-19 ਦੌਰਾਨ ਪਿਛਲੇ ਸਾਲਾਂ ਦੀ ਟਰਨਓਵਰ ਵਿੱਚ ਨਿਰੰਤਰ ਵਾਧਾ ਦਰਜ ਕੀਤਾ ਹੈ ਪਰੰਤੂ 2019-20 ਦੌਰਾਨ ਇਹ ਘਟਿਆ ਹੈ। ਸਾਲ 2015-20 ਦੀ ਅਵਧੀ ਦੌਰਾਨ, ਟਰਨਓਵਰ ਵਿੱਚ ਵਾਧਾ/ਕਮੀ (-) 2.09 *ਪ੍ਰਤੀਸ਼ਤ* ਤੋਂ 11.31 *ਪ੍ਰਤੀਸ਼ਤ* ਦੇ ਵਿਚਕਾਰ ਸੀ, ਜਦੋਂ ਕਿ ਇਸ ਸਮੇਂ ਦੌਰਾਨ ਰਾਜ ਦੇ ਜੀ ਐਸ ਡੀ ਪੀ ਵਿੱਚ ਵਾਧਾ 9.19 *ਪ੍ਰਤੀਸ਼ਤ* ਤੋਂ 11.80 *ਪ੍ਰਤੀਸ਼ਤ* ਦੇ ਵਿਚਕਾਰ ਰਿਹਾ। ਮਿਸ਼ਰਿਤ ਸਲਾਨਾ ਵਾਧਾ ਵੱਖ-ਵੱਖ ਸਮੇਂ ਦੌਰਾਨ ਵਿਕਾਸ ਦਰ ਨੂੰ ਮਾਪਣ ਦਾ ਇੱਕ ਲਾਭਦਾਇਕ ਤਰੀਕਾ ਹੈ। ਪਿਛਲੇ ਪੰਜ ਸਾਲਾਂ ਦੋਰਾਨ ਜੀ ਐਸ ਡੀ ਪੀ ਵਿੱਚ 10.11 *ਪ੍ਰਤੀਸ਼ਤ* ਦੇ ਮਿਸ਼ਰਿਤ ਸਲਾਨਾ ਵਾਧੇ ਦੇ ਵਿਰੁੱਧ, ਇਨ੍ਹਾਂ ਐਸ ਪੀ ਐਸ ਈਜ਼ ਦੀ ਟਰਨਓਵਰ ਵਿੱਚ ਘੱਟ ਮਿਸ਼ਰਿਤ ਸਲਾਨਾ ਵਿਕਾਸ ਦਰ 5.61 *ਪ੍ਰਤੀਸ਼ਤ* ਦਰਜ ਕੀਤੀ ਗਈ। ਇਸ ਲਈ, ਜੀ ਐਸ ਡੀ ਪੀ ਵਿੱਚ ਇਨ੍ਹਾਂ ਐਸ ਪੀ ਐਸ ਈਜ਼ ਦੀ ਟਰਨਓਵਰ ਦਾ ਹਿੱਸਾ 2015-16 ਵਿੱਚ 8.23 *ਪ੍ਰਤੀਸ਼ਤ* ਤੋਂ ਘੱਟ ਕੇ 2019-20 ਵਿੱਚ 6.96 *ਪ੍ਰਤੀਸ਼ਤ* ਹੋ ਗਿਆ।

ਕਨੂੰਨੀ ਲੋੜ ਅਨੁਸਾਰ, 24 ਕਾਰਜਸ਼ੀਲ ਸਰਕਾਰੀ ਕੰਪਨੀਆਂ ਵਿੱਚੋਂ ਅੱਠ ਕੰਪਨੀਆਂ ਨੇ ਸਾਲ 2019-20 ਲਈ ਆਪਣੇ ਲੇਖੇ ਸੀ ਏ ਜੀ ਦੁਆਰਾ ਆਡਿਟ ਲਈ 31 ਦਸੰਬਰ 2020[11] ਨੂੰ ਜਾਂ ਇਸ ਤੋਂ ਪਹਿਲਾਂ, ਜਮ੍ਹਾਂ ਕਰਵਾਏ ਸਨ। 31 ਦਸੰਬਰ 2020 ਨੂੰ ਚਾਰੋਂ ਅਧਿਨਿਯਮਿਕ ਕਾਰਪੋਰੇਸ਼ਨਾਂ ਤੋਂ ਸਾਲ 2019-20 ਦੇ ਲੇਖਿਆਂ ਦੀ ਉਡੀਕ ਸੀ ।

31 ਮਾਰਚ 2020 ਨੂੰ ਖਤਮ ਹੁੰਦੇ ਪਿਛਲੇ ਤਿੰਨ ਸਾਲਾਂ ਲਈ, ਕਾਰਜਸ਼ੀਲ ਐਸ ਪੀ ਐਸ ਈਜ਼ ਵੱਲੋਂ ਲੇਖੇ ਪੇਸ਼ ਕਰਨ ਵਿੱਚ ਬਕਾਇਆ ਦੇ ਵੇਰਵੇ ਹੇਠਾਂ ਦਿੱਤੇ ਗਏ ਹਨ:

**ਸਾਰਣੀ 2.2: ਐਸ ਪੀ ਐਸ ਈਜ਼ ਵੱਲੋਂ ਲੇਖੇ ਪੇਸ਼ ਕਰਨ ਸੰਬੰਧੀ ਸਥਿਤੀ**

| ਲੜੀ ਨੰ. | ਵੇਰਵੇ | 2017-18 | 2018-19 | 2019-20 |
|---|---|---|---|---|
| 1. | ਐਸ ਪੀ ਐਸ ਈਜ਼ ਦੀ ਗਿਣਤੀ | 28 | 28 | 28 |
| 2. | ਚਾਲੂ ਸਾਲ ਦੌਰਾਨ ਪੇਸ਼ ਕੀਤੇ ਲੇਖਿਆਂ ਦੀ ਗਿਣਤੀ | 28 | 36 | 26 |
| 3. | ਐਸ ਪੀ ਐਸ ਈਜ਼ ਦੀ ਗਿਣਤੀ ਜਿਨ੍ਹਾਂ ਨੇ ਚਾਲੂ ਸਾਲ ਦੇ ਲੇਖਿਆਂ ਨੂੰ ਅੰਤਿਮ ਰੂਪ ਦਿੱਤਾ | 5 | 5 | 8 |
| 4. | ਚਾਲੂ ਸਾਲ ਦੌਰਾਨ ਅੰਤਿਮ ਰੂਪ ਦਿੱਤੇ ਗਏ ਪਿਛਲੇ ਸਾਲ ਦੇ ਲੇਖਿਆਂ ਦੀ ਗਿਣਤੀ | 23 | 31 | 18 |
| 5. | ਐਸ ਪੀ ਐਸ ਈਜ਼ ਦੀ ਗਿਣਤੀ ਜਿਨ੍ਹਾਂ ਦੇ ਲੇਖੇ ਬਕਾਇਆ ਸਨ | 23 | 23 | 20 |
| 6. | ਬਕਾਇਆ ਲੇਖਿਆਂ ਦੀ ਗਿਣਤੀ | 44 | 33 | 35 |
| 7. | ਬਕਾਇਆ ਦੀ ਹੱਦ | ਇੱਕ ਤੋਂ ਅੱਠ ਸਾਲ | ਇੱਕ ਤੋਂ ਚਾਰ ਸਾਲ | ਇੱਕ ਤੋਂ ਪੰਜ ਸਾਲ |

*ਸਰੋਤ: ਅਕਤੂਬਰ 2019 ਤੋਂ ਦਸਬੰਰ 2020 ਦੀ ਅਵਧੀ ਦੌਰਾਨ ਪ੍ਰਾਪਤ ਹੋਏ ਕਾਰਜਸ਼ੀਲ ਐਸ ਪੀ ਐਸ ਈਜ਼ ਦੇ ਲੇਖਿਆਂ ਦੇ ਅਧਾਰ ਤੇ ਕੰਪਾਈਲ ਕੀਤੀ ।*

ਇਨ੍ਹਾਂ 28 ਕਾਰਜਸ਼ੀਲ ਐਸ ਪੀ ਐਸ ਈਜ਼ ਵਿੱਚੋਂ 21 ਐਸ ਪੀ ਐਸ ਈਜ਼ ਨੇ 1 ਅਕਤੂਬਰ 2019 ਤੋਂ 31 ਦਸੰਬਰ 2020 ਦੌਰਾਨ ਆਪਣੇ 26 ਸਾਲਾਨਾ ਲੇਖਿਆਂ ਨੂੰ ਅੰਤਮ ਰੂਪ ਦਿੱਤਾ ਸੀ ਜਿਸ

11 ਵਿੱਤੀ ਸਾਲ 2019-20 ਲਈ ਸਲਾਨਾ ਜਨਰਲ ਮੀਟਿੰਗ ਦੇ ਆਯੋਜਨ ਦੀ ਨਿਰਧਾਰਤ ਮਿਤੀ, ਕੰਪਨੀਆਂ ਦੇ ਰਜਿਸਟਰਾਰ ਦੇ 8 ਸਤੰਬਰ 2020 ਦੇ ਆਰਡਰ ਅਨੁਸਾਰ, 31 ਦਸੰਬਰ 2020 ਤੱਕ ਵਧਾ ਦਿੱਤੀ ਗਈ ਹੈ।

ਵਿਚ ਸਾਲ 2019-20 ਲਈ ਅੱਠ ਸਾਲਾਨਾ ਲੇਖੇ ਅਤੇ ਪਿਛਲੇ ਸਾਲਾਂ ਦੇ 18 ਸਾਲਾਨਾ ਲੇਖੇ ਸ਼ਾਮਲ ਸਨ। ਅੱਗੇ, 35 ਸਲਾਨਾ ਲੇਖੇ ਬਕਾਇਆ ਸਨ ਜੋ 20 ਐਸ ਪੀ ਐਸ ਈਜ਼ ਨਾਲ ਸਬੰਧਤ ਹਨ। ਪ੍ਰਸ਼ਾਸਨਿਕ ਵਿਭਾਗਾਂ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਇਨ੍ਹਾਂ ਇਕਾਈਆਂ ਦੀਆਂ ਗਤੀਵਿਧੀਆਂ ਨੂੰ ਦੇਖਣ ਅਤੇ ਸੁਨਿਸ਼ਚਿਤ ਕਰਨ ਕਿ ਇਨ੍ਹਾਂ ਐਸ ਪੀ ਐਸ ਈਜ਼ ਨੇ ਤਹਿ ਸਮੇਂ ਵਿੱਚ ਲੇਖੇ ਤਿਆਰ ਕਰਕੇ ਅਪਣਾ ਲਏ ਹਨ। ਪ੍ਰਧਾਨ ਮਹਾਂ ਲੇਖਾਕਾਰ (ਲੇਖਾ ਪ੍ਰੀਖਿਆ), ਪੰਜਾਬ ਵੱਲੋਂ ਸੰਬਧਿਤ ਵਿਭਾਗਾਂ ਨੂੰ ਲੇਖੇ ਤਿਆਰ ਕਰਨ ਵਿੱਚ ਦੇਰੀ ਬਾਰੇ ਛਿਮਾਹੀ ਸੂਚਨਾ ਦਿੱਤੀ ਜਾਂਦੀ ਹੈ।

ਲੇਖਿਆਂ ਨੂੰ ਤਿਆਰ ਨਾ ਕਰਨ ਅਤੇ ਬਾਅਦ ਵਿੱਚ ਲੇਖਾ ਪੜਤਾਲ ਨਾ ਹੋਣ ਕਾਰਣ, ਇਹ ਸੁਨਿਸ਼ਚਿਤ ਨਹੀਂ ਕੀਤਾ ਜਾ ਸਕਿਆ ਕਿ ਨਿਵੇਸ਼ ਅਤੇ ਖਰਚਿਆਂ ਨੂੰ ਪੂਰੀ ਤਰ੍ਹਾਂ ਖਾਤਿਆਂ ਵਿੱਚ ਲਿਆ ਗਿਆ ਸੀ ਅਤੇ ਜਿਸ ਮੰਤਵ ਲਈ ਨਿਵੇਸ਼ ਕੀਤਾ ਗਿਆ ਸੀ ਉਸ ਦੀ ਪੂਰਤੀ ਹੋਈ ਸੀ। ਇਸ ਤਰ੍ਹਾਂ ਜੀ ਓ ਪੀ ਦਾ ਇਨ੍ਹਾਂ ਪੀ ਐਸ ਯੂਜ਼ ਵਿੱਚ ਨਿਵੇਸ਼ ਰਾਜ ਦੀ ਵਿਧਾਨ ਸਭਾ ਦੀ ਪੜਤਾਲ ਤੋਂ ਬਾਹਰ ਰਿਹਾ।

## 2.2 ਐਸ ਪੀ ਐਸ ਈਜ਼ ਵਿੱਚ ਨਿਵੇਸ਼

31 ਮਾਰਚ 2020 (***ਅਨੁਲੱਗ 5*** ਦੇ ਅਨੁਸਾਰ) ਨੂੰ ਖਤਮ ਹੁੰਦੇ ਪਿਛਲੇ ਤਿੰਨ ਸਾਲਾਂ ਲਈ 28 ਐਸ ਪੀ ਐਸ ਈਜ਼ ਵਿੱਚ ਇਕਵਟੀ ਅਤੇ ਲੰਬੀ ਮਿਆਦ ਦੇ ਕਰਜ਼ਿਆਂ ਵਿੱਚ ਨਿਵੇਸ਼ ਦੀ ਮਾਤਰਾ ਹੇਠਾਂ ਦਿੱਤੀ ਗਈ ਹੈ:

**ਸਾਰਣੀ 2.3: ਐਸ ਪੀ ਐਸ ਈਜ਼ ਵਿੱਚ ਇਕਵਟੀ ਅਤੇ ਲੰਬੀ ਮਿਆਦ ਦੇ ਕਰਜ਼ੇ**

(₹ ਕਰੋੜਾਂ ਵਿੱਚ)

| ਨਿਵੇਸ਼ ਦਾ ਸਰੋਤ | ਮਾਰਚ 2018 ਨੂੰ | | | ਮਾਰਚ 2019 ਨੂੰ | | | ਮਾਰਚ 2020 ਨੂੰ | | |
|---|---|---|---|---|---|---|---|---|---|
| | ਇਕਵਟੀ | ਲੰਬੀ ਮਿਆਦ ਦੇ ਕਰਜ਼ੇ | ਕੁੱਲ | ਇਕਵਟੀ | ਲੰਬੀ ਮਿਆਦ ਦੇ ਕਰਜ਼ੇ | ਕੁੱਲ | ਇਕਵਟੀ | ਲੰਬੀ ਮਿਆਦ ਦੇ ਕਰਜ਼ੇ | ਕੁੱਲ |
| ਰਾਜ ਸਰਕਾਰ | 1,140.14 | 24,235.64 | 25,375.78 | 1,042.17 | 24,236.84 | 25,279.01 | 1,043.26 | 16,015.88 | 17,059.14 |
| ਕੇਂਦਰ ਸਰਕਾਰ | 91.15 | 24.92 | 116.07 | 91.15 | 11.07 | 102.22 | 96.94 | 0.00 | 96.94 |
| ਹੋਰ | 26.34 | 2,262.12 | 2,288.46 | 26.34 | 2,457.64 | 2,483.98 | 26.34 | 2,204.30 | 2,230.64 |
| **ਕੁੱਲ** | **1,257.63** | **26,522.68** | **27,780.31** | **1,159.66** | **26,705.55** | **27,865.21** | **1,166.54** | **18,220.18** | **19,386.72** |
| ਕੁੱਲ ਨਿਵੇਸ਼ ਨਾਲ ਰਾਜ ਸਰਕਾਰ ਦੇ ਨਿਵੇਸ਼ ਦੀ ਪ੍ਰਤੀਸ਼ਤਤਾ | **90.66** | **91.38** | **91.34** | **89.87** | **90.76** | **90.72** | **89.43** | **87.90** | **87.99** |

*ਸਰੋਤ: ਐਸ ਪੀ ਐਸ ਈਜ਼ ਤੋਂ ਪ੍ਰਾਪਤ ਸੂਚਨਾ ਅਨੁਸਾਰ ਕੰਪਾਇਲ ਕੀਤੀ ।*

ਪੰਜਾਬ ਸਰਕਾਰ ਐਸ ਪੀ ਐਸ ਈਜ਼ ਨੂੰ ਸਾਲਾਨਾ ਬਜਟ ਰਾਹੀਂ ਵੱਖ-ਵੱਖ ਰੂਪਾਂ ਵਿੱਚ ਵਿੱਤੀ ਸਹਾਇਤਾ ਪ੍ਰਦਾਨ ਕਰਦੀ ਹੈ। ਮਾਰਚ 2020 ਨੂੰ ਖਤਮ ਹੋਣ ਵਾਲੇ ਪਿਛਲੇ ਪੰਜ ਸਾਲਾਂ ਦੌਰਾਨ ਐਸ ਪੀ ਐਸ ਈਜ਼ ਦੇ ਸਬੰਧ ਵਿੱਚ ਸਾਲ ਦੌਰਾਨ ਇਕਵਟੀ, ਕਰਜ਼ਿਆਂ, ਅਨੁਦਾਨਾਂ/ਉਪਦਾਨਾਂ, ਵੱਟੇ ਖਾਤੇ ਪਾਏ ਕਰਜ਼ੇ ਅਤੇ ਇਕਵਟੀ ਵਿੱਚ ਤਬਦੀਲ ਕਰਜ਼ੇ ਪ੍ਰਤੀ ਦਿੱਤੀ ਬਜਟਰੀ ਸਹਾਇਤਾ ਦੇ ਸੰਖੇਪ ਵੇਰਵੇ **ਸਾਰਣੀ** 2.4 ਅਨੁਸਾਰ ਹਨ:

**ਸਾਰਣੀ 2.4: ਪਿਛਲੇ ਪੰਜ ਸਾਲਾਂ ਦੌਰਾਨ ਐਸ ਪੀ ਐਸ ਈਜ਼ ਨੂੰ ਬਜਟਰੀ ਸਹਾਇਤਾ ਦੇ ਵੇਰਵੇ**

**(₹ ਕਰੋੜਾਂ ਵਿੱਚ)**

| ਵੇਰਵੇ[12] | 2015-16 | | 2016-17 | | 2017-18 | | 2018-19 | | 2019-20 | |
|---|---|---|---|---|---|---|---|---|---|---|
| | ਐਸ ਪੀ ਐਸ ਈਜ਼ ਦੀ ਗਿਣਤੀ | ਰਕਮ | ਐਸ ਪੀ ਐਸ ਈਜ਼ ਦੀ ਗਿਣਤੀ | ਰਕਮ | ਐਸ ਪੀ ਐਸ ਈਜ਼ ਦੀ ਗਿਣਤੀ | ਰਕਮ | ਐਸ ਪੀ ਐਸ ਈਜ਼ ਦੀ ਗਿਣਤੀ | ਰਕਮ | ਐਸ ਪੀ ਐਸ ਈਜ਼ ਦੀ ਗਿਣਤੀ | ਰਕਮ |
| (1) ਇਕਵਟੀ ਪੂੰਜੀ | 2 | 32.24 | 2 | 10.83 | - | - | - | - | 1 | 1.09 |
| (2) ਦਿੱਤੇ ਗਏ ਕਰਜ਼ੇ (ਵਿਆਜ ਵਾਲੇ) | - | - | 4 | 22,974.19 | - | - | - | - | - | - |
| (3) ਪ੍ਰਦਾਨ ਕੀਤੇ ਅਨੁਦਾਨ/ਉਪਦਾਨ | 5 | 508.45 | 3 | 518.19 | 4 | 186.38 | 8 | 328.08 | 10 | 375.71 |
| **ਕੁੱਲ (1+2+3)** | | **540.69** | | **23,503.21** | | **186.38** | | **328.08** | | **376.80** |
| ਕਰਜ਼ਿਆਂ ਦੀ ਅਦਾਇਗੀ ਵੱਟੇ ਖਾਤੇ ਪਾਈ ਗਈ | - | - | 2 | 6.47 | - | - | - | - | 1 | 0.84 |
| ਇਕਵਟੀ ਵਿੱਚ ਬਦਲੇ ਕਰਜ਼ੇ | - | - | - | - | - | - | - | - | - | - |
| ਜਾਰੀ ਕੀਤੀਆਂ ਗਰੰਟੀਆਂ | 2 | 34.40 | - | - | 2 | 141.12 | 1 | 150.00 | 2 | 188.41 |
| ਗਰੰਟੀ ਪ੍ਰਤੀਬੱਧਤਾ | 10 | 29,250.45 | 7 | 1,633.69 | 9 | 1,721.84 | 10 | 2,023.31 | 10 | 2,771.27 |

*ਸਰੋਤ: ਐਸ ਪੀ ਐਸ ਈਜ਼ ਤੋਂ ਪ੍ਰਾਪਤ ਸੂਚਨਾ ਅਨੁਸਾਰ ।*

2019-20 ਦੇ ਦੌਰਾਨ, ₹ 375.71 ਕਰੋੜ ਦੇ ਕੁੱਲ ਉਪਦਾਨ ਵਿੱਚ ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਡ ਨੂੰ ਮੁਹੱਈਆ ₹ 122.43 ਕਰੋੜ ਆਟਾ ਦਾਲ ਸਕੀਮ ਨਾਲ ਸੰਬੰਧਤ ਸੀ ।

### 2.2.1 ਇਕਵਟੀ ਵਿੱਚ ਨਿਵੇਸ਼

31 ਮਾਰਚ 2020 ਤੱਕ, 28 ਐਸ ਪੀ ਐਸ ਈਜ਼ ਵਿੱਚ ਕੁੱਲ ਨਿਵੇਸ਼ (ਇਕਵਟੀ ਅਤੇ ਲੰਬੀ ਮਿਆਦ ਦੇ ਕਰਜ਼ੇ), ₹ 19,386.72 ਕਰੋੜ ਸੀ। ਨਿਵੇਸ਼ ਵਿੱਚ ਇਕਵਟੀ ਵੱਲ 6.02 *ਪ੍ਰਤੀਸ਼ਤ* ਅਤੇ ਲੰਬੀ ਮਿਆਦ ਦੇ ਕਰਜ਼ਿਆਂ ਵੱਲ 93.98 *ਪ੍ਰਤੀਸ਼ਤ* ਸ਼ਾਮਲ ਸੀ। ਸਾਲ 2019-20 ਦੌਰਾਨ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤੀ ਕਾਰਪੋਰੇਸ਼ਨ ਦੀ ਇਕਵਟੀ ਵਿੱਚ ਰਾਜ ਸਰਕਾਰ (₹ 1.09 ਕਰੋੜ) ਅਤੇ ਕੇਂਦਰ ਸਰਕਾਰ (₹ 5.79 ਕਰੋੜ) ਦੁਆਰਾ ਨਿਵੇਸ਼ ਕਾਰਨ ₹ 6.88 ਕਰੋੜ ਦਾ ਵਾਧਾ ਹੋਇਆ ਹੈ।

ਮਾਰਚ 2020 ਨੂੰ ਖਤਮ ਹੋਣ ਵਾਲੇ ਪਿਛਲੇ ਤਿੰਨ ਸਾਲਾਂ ਦੌਰਾਨ ਰਾਜ ਸਰਕਾਰ, ਕੇਂਦਰ ਸਰਕਾਰ ਅਤੇ ਹੋਰਨਾਂ ਦੁਆਰਾ ਐਸ ਪੀ ਐਸ ਈਜ਼ ਦੀ ਇਕਵਟੀ ਵਿੱਚ ਨਿਵੇਸ਼ ਨੂੰ ਹੇਠਾਂ **ਚਾਰਟ 2.1** ਵਿੱਚ ਦਰਸ਼ਾਇਆ ਗਿਆ ਹੈ:

[12] ਰਕਮ ਸਿਰਫ ਰਾਜ ਬਜਟ ਦੇ ਖਰਚਿਆਂ ਨੂੰ ਦਰਸਾਉਂਦੀ ਹੈ ।

**ਚਾਰਟ 2.1: ਐਸ ਪੀ ਐਸ ਈਜ਼ ਦੀ ਇਕਵਟੀ ਵਿੱਚ ਨਿਵੇਸ਼**




31 ਮਾਰਚ 2020 ਨੂੰ ਐਸ ਪੀ ਐਸ ਈਜ਼ ਦੀ ਅਦਾ ਕੀਤੀ ਪੂੰਜੀ ਵਿੱਚ ਰਾਜ ਸਰਕਾਰ ਵੱਲੋਂ ਕੀਤੇ ਮਹੱਤਵਪੂਰਨ ਨਿਵੇਸ਼ਾਂ (₹ 100 ਕਰੋੜ ਤੋਂ ਵੱਧ ਦੇ ਨਿਵੇਸ਼) ਦਾ ਵੇਰਵਾ ਹੇਠਾਂ ਦਿੱਤੀ **ਸਾਰਣੀ** 2.5 ਵਿੱਚ ਦਿੱਤਾ ਗਿਆ ਹੈ:

**ਸਾਰਣੀ 2.5: ਐਸ ਪੀ ਐਸ ਈਜ਼ ਦੀ ਪੂੰਜੀ ਵਿੱਚ ਰਾਜ ਸਰਕਾਰ ਦੁਆਰਾ ਇਕਵਟੀ ਵਿੱਚ ਕੀਤੇ ਗਏ ਮਹੱਤਵਪੂਰਨ ਨਿਵੇਸ਼**

| ਐਸ ਪੀ ਐਸ ਈ ਦਾ ਨਾਮ | ਵਿਭਾਗ ਦਾ ਨਾਮ | ਰਕਮ (₹ ਕਰੋੜਾਂ ਵਿੱਚ) |
|---|---|---|
| ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ (ਪੀ ਆਰ ਟੀ ਸੀ) | ਟਰਾਂਸਪੋਰਟ | 307.08 |
| ਪੰਜਾਬ ਜਲ ਸਰੋਤ ਪ੍ਰਬੰਧਨ ਅਤੇ ਵਿਕਾਸ ਕਾਰਪੋਰੇਸ਼ਨ ਲਿਮਟਡ | ਸਿੰਚਾਈ | 300.00 |

### 2.2.2 *ਐਸ ਪੀ ਐਸ ਈਜ਼ ਨੂੰ ਦਿੱਤੇ ਕਰਜ਼ੇ*

#### 2.2.2.1 *31 ਮਾਰਚ 2020 ਨੂੰ ਬਕਾਇਆ ਲੰਬੀ ਮਿਆਦ ਦੇ ਕਰਜ਼ਿਆਂ ਦੀ ਗਣਨਾ*

31 ਮਾਰਚ 2020 ਨੂੰ 28 ਕਾਰਜਸ਼ੀਲ ਐਸ ਪੀ ਐਸ ਈਜ਼ ਵਿੱਚੋਂ, 13 ਐਸ ਪੀ ਐਸ ਈਜ਼ ਵਿੱਚ ਵੱਖ-ਵੱਖ ਸਾਰੇ ਸਰੋਤਾਂ ਤੋਂ ਲਏ ਲੰਬੀ ਮਿਆਦ ਦੇ ਕਰਜ਼ੇ ਬਕਾਇਆ ਸਨ। ਲੰਬੀ ਮਿਆਦ ਦੇ ਕੁੱਲ ₹ 18,220.18 ਕਰੋੜ ਦੇ ਕਰਜ਼ੇ ਬਕਾਇਆ ਸਨ। ਇਨ੍ਹਾਂ ਵਿੱਚੋਂ, ਰਾਜ ਸਰਕਾਰ ਦੁਆਰਾ ਦਿੱਤੇ ਲੰਬੀ ਮਿਆਦ ਦੇ ਕਰਜ਼ੇ 87.90 *ਪ੍ਰਤੀਸ਼ਤ* (₹ 16,015.88 ਕਰੋੜ) ਬਣਦੇ ਹਨ ਜਦੋਂਕਿ ਕੁੱਲ ਲੰਮੇ ਸਮੇਂ ਦੇ ਕਰਜ਼ੇ ਵਿੱਚੋ 12.10 *ਪ੍ਰਤੀਸ਼ਤ* (₹ 2,204.30 ਕਰੋੜ) ਹੋਰ ਵਿੱਤੀ ਸੰਸਥਾਵਾਂ ਤੋਂ ਪ੍ਰਾਪਤ ਕੀਤੇ ਗਏ ਹਨ। ਦੋ[13] ਐਸ ਪੀ ਐਸ ਈਜ਼ ਨੇ ਰਾਜ ਸਰਕਾਰ ਨੂੰ ₹ 33.59 ਕਰੋੜ ਦੇ ਕਰਜ਼ਿਆਂ ਦੀ ਮੁੜ ਅਦਾਇਗੀ ਨਹੀਂ ਕੀਤੀ। ਦੋਵੇਂ ਐਸ ਪੀ ਐਸ ਈਜ਼ ਨੇ ਆਪਣੇ ਕਰਜ਼ੇ ਨੂੰ ਇਕਵਟੀ ਵਿੱਚ ਤਬਦੀਲ ਕਰਨ ਲਈ ਰਾਜ ਸਰਕਾਰ ਕੋਲ ਮਾਮਲਾ ਉਠਾਇਆ ਹੈ। 31 ਮਾਰਚ 2020 ਨੂੰ ਖਤਮ

[13] ਪੀ ਆਰ ਟੀ ਸੀ 2012-13 ਤੋਂ ਅਤੇ ਪੰਜਾਬ ਵਿੱਤੀ ਕਾਰਪੋਰੇਸ਼ਨ (ਪੀ ਐਫ ਸੀ) 1991-92 ਤੋਂ।

ਹੋਏ ਪਿਛਲੇ ਤਿੰਨ ਸਾਲਾਂ ਦੌਰਾਨ ਐਸ ਪੀ ਐਸ ਈਜ਼ ਦੇ ਲੰਬੀ ਮਿਆਦ ਦੇ ਕਰਜ਼ਿਆਂ ਦਾ ਵੇਰਵਾ ਹੇਠਾਂ ਦਿੱਤੇ **ਚਾਰਟ** 2.2 ਵਿੱਚ ਦਰਸ਼ਾਇਆ ਗਿਆ ਹੈ:

**ਚਾਰਟ 2.2: ਐਸ ਪੀ ਐਸ ਈਜ਼ ਵਿੱਚ ਲੰਬੀ ਮਿਆਦ ਦੇ ਕਰਜ਼ੇ**




### 2.2.2.2 *ਕਰਜ਼ਾ ਦੇਣਦਾਰੀਆਂ ਨੂੰ ਪੂਰਾ ਕਰਨ ਲਈ ਸੰਪਤੀ ਦੀ ਅਨੁਕੂਲਤਾ*

ਕੁੱਲ ਸੰਪਤੀ ਤੋਂ ਕੁੱਲ ਕਰਜ਼ੇ ਦਾ ਅਨੁਪਾਤ ਇਹ ਨਿਰਧਾਰਤ ਕਰਨ ਲਈ ਇੱਕ ਤਰੀਕਾ ਹੈ ਕਿ ਕੀ ਕੋਈ ਕੰਪਨੀ ਸੌਲਵੈਂਟ ਰਹਿ ਸਕਦੀ ਹੈ। ਸੌਲਵੈਂਟ ਮੰਨਣ ਲਈ, ਕਿਸੇ ਕੰਪਨੀ ਦੀ ਸੰਪਤੀ ਦਾ ਮੁੱਲ ਉਸ ਦੇ ਕਰਜ਼ਿਆਂ ਦੀ ਰਕਮ ਤੋਂ ਵੱਧ ਹੋਣਾ ਚਾਹੀਦਾ ਹੈ। 31 ਮਾਰਚ 2020 ਨੂੰ ਅੰਤਿਮ ਰੂਪ ਦਿੱਤੇ ਨਵੀਨਤਮ ਲੇਖਿਆਂ ਅਨੁਸਾਰ 15 ਐਸ ਪੀ ਐਸ ਈਜ਼, ਜਿਹਨਾਂ ਵਿੱਚ ਲੰਬੀ ਮਿਆਦ ਦੇ ਕਰਜ਼ੇ ਬਕਾਇਆ ਸਨ, ਵਿੱਚ ਕੁਲ ਸੰਪਤੀਆਂ ਦੇ ਮੁੱਲ ਦੁਆਰਾ ਲੰਬੀ ਮਿਆਦ ਦੇ ਕਰਜ਼ਿਆਂ ਦੀ ਕਵਰੇਜ **ਸਾਰਣੀ** 2.6 ਵਿੱਚ ਦਿੱਤੀ ਗਈ ਹੈ:

**ਸਾਰਣੀ 2.6: ਕੁਲ ਸੰਪਤੀਆਂ ਦੇ ਨਾਲ ਲੰਬੀ ਮਿਆਦ ਦੇ ਕਰਜ਼ਿਆਂ ਦੀ ਕਵਰੇਜ**

| ਐਸ ਪੀ ਐਸ ਈਜ਼ ਦੀ ਕਿਸਮ | ਸਕਾਰਾਤਮਕ ਕਵਰੇਜ | | | | ਨਕਾਰਾਤਮਕ ਕਵਰੇਜ | | | |
|---|---|---|---|---|---|---|---|---|
| | ਐਸ ਪੀ ਐਸ ਈਜ਼ ਦੀ ਗਿਣਤੀ | ਸੰਪਤੀਆਂ | ਲੰਬੀ ਮਿਆਦ ਦੇ ਕਰਜ਼ੇ | ਸੰਪਤੀਆਂ ਦੇ ਨਾਲ ਲੰਬੀ ਮਿਆਦ ਦੇ ਕਰਜ਼ੇ ਦਾ ਅਨੁਪਾਤ | ਐਸ ਪੀ ਐਸ ਈਜ਼ ਦੀ ਗਿਣਤੀ | ਸੰਪਤੀਆਂ | ਲੰਬੀ ਮਿਆਦ ਦੇ ਕਰਜ਼ੇ | ਸੰਪਤੀਆਂ ਦੇ ਨਾਲ ਲੰਬੀ ਮਿਆਦ ਦੇ ਕਰਜ਼ੇ ਦਾ ਅਨੁਪਾਤ |
| ਸਰਕਾਰੀ ਕੰਪਨੀਆਂ | 11 | 20,804.15 | 13,241.67 | 1.57:1 | - | - | - | - |
| ਅਧਿਨਿਯਮਿਕ ਕਾਰਪੋਰੇਸ਼ਨਾਂ | 3 | 6,425.48 | 5,623.76 | 1.14:1 | 1 | 18.82 | 34.77 | 0.54:1 |
| **ਕੁੱਲ** | **14** | **27,229.63** | **18,865.43** | | **1** | **18.82** | **34.77** | |

*ਸਰੋਤ: ਐਸ ਪੀ ਐਸ ਈਜ਼ ਦੇ ਅੰਤਿਮ ਰੂਪ ਦਿੱਤੇ ਨਵੀਨਤਮ ਲੇਖੇ।*

28 ਕਾਰਜਸ਼ੀਲ ਐਸ ਪੀ ਐਸ ਈਜ਼ ਵਿੱਚੋਂ, 10 ਸਰਕਾਰੀ ਕੰਪਨੀਆਂ ਅਤੇ ਤਿੰਨੋ ਜੀ ਸੀ ਓ ਸੀਜ਼ ਵਿੱਚ ਕੁੱਲ ਸੰਪਤੀ ਤੋਂ ਕੁੱਲ ਲੰਬੀ ਮਿਆਦ ਦੇ ਕਰਜ਼ਿਆਂ ਦੀ ਪ੍ਰਤੀਸ਼ਤਤਾ ਦੀ ਗਣਨਾ ਨਹੀਂ ਕੀਤੀ ਜਾ ਸਕੀ ਕਿਉਂਕਿ ਇਨ੍ਹਾਂ ਕੋਲ ਲੰਬੀ ਮਿਆਦ ਦੇ ਕਰਜ਼ੇ ਨਹੀਂ ਸਨ। ਜਦੋਂ ਕਿ ਲੰਬੀ ਮਿਆਦ ਦੇ

ਕਰਜ਼ੇ ਵਾਲੇ 15 ਐਸ ਪੀ ਐਸ ਈਜ਼ ਵਿੱਚੋਂ, ਇੱਕ[14] ਐਸ ਪੀ ਐਸ ਈ ਕੋਲ ਲੰਬੀ ਮਿਆਦ ਦੇ ਕਰਜ਼ਿਆਂ ਦੀ ਨਕਾਰਾਤਮਕ ਕਵਰੇਜ ਸੀ ਅਤੇ ਦੂਸਰੇ 14 ਐਸ ਪੀ ਐਸ ਈਜ਼ ਕੋਲ ਸਕਾਰਾਤਮਕ ਕਵਰੇਜ ਸਨ।

### 2.2.2.3 *ਵਿਆਜ ਕਵਰੇਜ*

ਵਿਆਜ ਕਵਰੇਜ ਅਨੁਪਾਤ ਦੀ ਵਰਤੋਂ ਕੰਪਨੀਆਂ ਦੀ ਬਕਾਇਆ ਕਰਜ਼ੇ ਤੇ ਵਿਆਜ ਦਾ ਭੁਗਤਾਨ ਕਰਨ ਦੀ ਕੁਸ਼ਲਤਾ ਮਾਪਣ ਲਈ ਕੀਤੀ ਜਾਂਦੀ ਹੈ ਅਤੇ ਇਸ ਦੀ ਗਣਨਾ ਕੰਪਨੀ ਦੀ ਵਿਆਜ ਅਤੇ ਕਰਾਂ ਤੋਂ ਪਹਿਲਾਂ ਦੀ ਆਮਦਨ (ਈ ਬੀ ਆਈ ਟੀ) ਨੂੰ ਉਸੇ ਸਮੇਂ ਦੇ ਵਿਆਜ ਦੇ ਖਰਚੇ ਨਾਲ ਵੰਡ ਕੇ ਕੀਤੀ ਜਾਂਦੀ ਹੈ। ਜਿਨ੍ਹਾਂ ਘੱਟ ਅਨੁਪਾਤ, ਕੰਪਨੀ ਦੀ ਵਿਆਜ ਭੁਗਤਾਨ ਕਰਨ ਦੀ ਕੁਸ਼ਲਤਾ ਉੱਨੀ ਘੱਟ। ਵਿਆਜ ਕਵਰੇਜ ਅਨੁਪਾਤ ਦਾ ਇੱਕ ਤੋਂ ਘੱਟ ਹੋਣਾ ਦਰਸਾਉਂਦਾ ਹੈ ਕਿ ਕੰਪਨੀ ਆਪਣੇ ਵਿਆਜ ਦੇ ਖਰਚੇ ਨੂੰ ਪੂਰਾ ਕਰਨ ਲਈ ਲੋੜੀਂਦੀ ਆਮਦਨੀ ਪੈਦਾ ਨਹੀਂ ਕਰ ਰਹੀ ਸੀ। 2017-18 ਤੋਂ 2019-20 ਦੇ ਸਮੇਂ ਦੌਰਾਨ, ਆਪਣੇ ਲੇਖਿਆਂ ਵਿੱਚ ਲੰਬੀ ਮਿਆਦ ਦੇ ਕਰਜ਼ਿਆਂ ਉੱਤੇ ਵਿਆਜ ਵਸੂਲਣ ਵਾਲੇ ਐਸ ਪੀ ਐਸ ਈਜ਼ ਵਿੱਚ ਵਿਆਜ ਕਵਰੇਜ ਅਨੁਪਾਤ ਦਾ ਵਿਸਥਾਰ ਹੇਠਾਂ ਦਿੱਤੀ **ਸਾਰਣੀ** 2.7 ਵਿੱਚ ਦਿੱਤਾ ਗਿਆ ਹੈ:

**ਸਾਰਣੀ 2.7: ਵਿਆਜ ਕਵਰੇਜ ਅਨੁਪਾਤ**

| ਸਾਲ | ਵਿਆਜ (₹ ਕਰੋੜਾਂ ਵਿੱਚ) | ਵਿਆਜ ਅਤੇ ਕਰਾਂ ਤੋਂ ਪਹਿਲਾਂ ਦੀ ਆਮਦਨ (ਈ ਬੀ ਆਈ ਟੀ) (₹ ਕਰੋੜਾਂ ਵਿੱਚ) | ਐਸ ਪੀ ਐਸ ਈਜ਼ ਦੀ ਗਿਣਤੀ | ਐਸ ਪੀ ਐਸ ਈਜ਼ ਦੀ ਗਿਣਤੀ ਜਿਨ੍ਹਾਂ ਦਾ ਵਿਆਜ ਕਵਰੇਜ ਅਨੁਪਾਤ ਇੱਕ ਤੋਂ ਵੱਧ ਹੈ | ਐਸ ਪੀ ਐਸ ਈਜ਼ ਦੀ ਗਿਣਤੀ ਜਿਨ੍ਹਾਂ ਦਾ ਵਿਆਜ ਕਵਰੇਜ ਅਨੁਪਾਤ ਇੱਕ ਤੋਂ ਘੱਟ ਹੈ |
|---|---|---|---|---|---|
| 2017-18 | 832.07 | 329.26 | 8 | 4 | 4 |
| 2018-19 | 265.55 | 410.51 | 8 | 5 | 3 |
| 2019-20 | 365.14 | 470.37 | 8 | 4 | 4 |

*ਸਰੋਤ: ਐਸ ਪੀ ਐਸ ਈਜ਼ ਦੇ ਅੰਤਿਮ ਰੂਪ ਦਿੱਤੇ ਨਵੀਨਤਮ ਲੇਖੇ ।*

2019-20 ਵਿੱਚ, ਇੱਕ ਤੋਂ ਵੱਧ ਵਿਆਜ ਕਵਰੇਜ ਅਨੁਪਾਤ ਵਾਲੇ ਐਸ ਪੀ ਐਸ ਈਜ਼ ਦੀ ਗਿਣਤੀ 2018-19 ਵਿੱਚ ਪੰਜ ਦੇ ਮੁਕਾਬਲੇ ਚਾਰ ਸੀ। ਹੋਰ ਚਾਰ ਐਸ ਪੀ ਐਸ ਈਜ਼ ਵਿੱਚ ਵਿਆਜ ਕਵਰੇਜ ਅਨੁਪਾਤ ਇੱਕ ਤੋਂ ਘੱਟ ਸੀ ਜੋ ਦਰਸਾਉਂਦਾ ਹੈ ਕਿ ਇਸ ਮਿਆਦ ਦੇ ਦੌਰਾਨ ਇਹ ਐਸ ਪੀ ਐਸ ਈਜ਼ ਵਿਆਜ ਦੇ ਖਰਚਿਆਂ ਨੂੰ ਪੂਰਾ ਕਰਨ ਲਈ ਲੋੜੀਂਦੀ ਆਮਦਨੀ ਪੈਦਾ ਨਹੀਂ ਕਰ ਸਕੀਆਂ।

### 2.2.2.4 *ਕਰਜ਼ਿਆਂ ਤੇ ਬਕਾਇਆ ਵਿਆਜ ਦਾ ਉਮਰ ਅਨੁਸਾਰ ਵਿਸ਼ਲੇਸ਼ਣ*

31 ਮਾਰਚ 2020 ਤੱਕ, ਰਾਜ ਸਰਕਾਰ ਦੁਆਰਾ ਪ੍ਰਦਾਨ ਕੀਤੇ ਲੰਬੀ ਮਿਆਦ ਦੇ ਕਰਜ਼ਿਆਂ ਤੇ ਇੱਕ ਐਸ ਪੀ ਐਸ ਈ ਤੇ ₹ 19.34 ਕਰੋੜ ਦਾ ਵਿਆਜ ਬਕਾਇਆ ਸੀ ਅਤੇ ਤਿੰਨ ਐਸ ਪੀ ਐਸ ਈਜ਼ ਦਾ ਲੰਬੀ ਮਿਆਦ ਲਈ ਵਿੱਤੀ ਸੰਸਥਾਵਾਂ ਤੋਂ ਪ੍ਰਾਪਤ ਕਰਜ਼ਿਆਂ ਤੇ ₹ 191.57 ਕਰੋੜ ਦਾ ਵਿਆਜ ਬਕਾਇਆ ਸੀ । ਐਸ ਪੀ ਐਸ ਈਜ਼ ਵਿੱਚ ਲੰਬੀ ਮਿਆਦ ਦੇ ਕਰਜ਼ਿਆਂ ਤੇ ਬਕਾਇਆ ਵਿਆਜ ਦਾ ਉਮਰ ਅਨੁਸਾਰ ਵਿਸ਼ਲੇਸ਼ਣ **ਸਾਰਣੀ** 2.8 ਵਿੱਚ ਦਰਸਾਇਆ ਗਿਆ ਹੈ:

[14] ਪੀ ਐਫ ਸੀ।

**ਸਾਰਣੀ 2.8: ਐਸ ਪੀ ਐਸ ਈਜ਼ ਵਿੱਚ ਬਕਾਇਆ ਵਿਆਜ**

(₹ ਕਰੋੜਾਂ ਵਿੱਚ)

| ਲੜੀ ਨੰ. | ਐਸ ਪੀ ਐਸ ਈ ਦਾ ਨਾਂ | ਬਕਾਇਆ ਵਿਆਜ | ਇੱਕ ਤੋਂ ਘੱਟ ਸਾਲ ਲਈ ਬਕਾਇਆ ਵਿਆਜ | 1 ਤੋਂ 3 ਸਾਲਾਂ ਲਈ ਬਕਾਇਆ ਵਿਆਜ | 3 ਸਾਲਾਂ ਤੋ ਵੱਧ ਬਕਾਇਆ ਵਿਆਜ |
|---|---|---|---|---|---|
| ੳ. | ਰਾਜ ਸਰਕਾਰ ਦੇ ਕਰਜ਼ਿਆਂ ਤੇ ਬਕਾਇਆ ਵਿਆਜ | | | | |
| 1. | ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ | 19.34 | - | 8.55 | 10.79 |
| | **ਕੁੱਲ (ੳ)** | **19.34** | **-** | **8.55** | **10.79** |
| ਅ. | ਹੋਰ ਵਿੱਤੀ ਸੰਸਥਾਵਾਂ ਤੋਂ ਪ੍ਰਾਪਤ ਕਰਜ਼ਿਆਂ ਤੇ ਬਕਾਇਆ ਵਿਆਜ | | | | |
| 1. | ਪੰਜਾਬ ਐਗਰੋ ਫੂਡਗ੍ਰੇਨਜ਼ ਕਾਰਪੋਰੇਸ਼ਨ ਲਿਮਟਡ | 49.62 | 49.62 | 0.00 | 0.00 |
| 2. | ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤੀ ਕਾਰਪੋਰੇਸ਼ਨ | 0.20 | 0.20 | 0.00 | 0.00 |
| 3. | ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਲਿਮਟਡ | 141.75 | 15.20 | 60.72 | 65.83 |
| | **ਕੁੱਲ (ਅ)** | **191.57** | **65.02** | **60.72** | **65.83** |

*ਸਰੋਤ: ਐਸ ਪੀ ਐਸ ਈਜ਼ ਤੋਂ ਪ੍ਰਾਪਤ ਜਾਣਕਾਰੀ ।*

ਰਾਜ ਦੀਆਂ ਅਨਾਜ ਖਰੀਦ ਏਜੰਸੀਆਂ[15] (ਐਸ ਪੀ ਏ) ਨੇ ਰਾਜ ਸਰਕਾਰ ਦੇ ਕਰਜ਼ੇ (ਵਿਰਾਸਤ ਲੇਖੇ) ਤੇ ਵਿਆਜ ਦੀ ਕੋਈ ਵਿਵਸਥਾ ਨਹੀਂ ਕੀਤੀ ਹੈ ਕਿਉਂਕਿ ਰਾਜ ਸਰਕਾਰ ਦੁਆਰਾ ਕਰਜ਼ਿਆਂ ਤੇ ਵਿਆਜ ਦੀ ਅਦਾਇਗੀ ਲਈ ਕੋਈ ਨਿਰਦੇਸ਼ ਜਾਰੀ ਨਹੀਂ ਕੀਤੇ ਗਏ ਹਨ। ਇਸ ਤੋਂ ਇਲਾਵਾ, ਇੱਕ ਐਸ ਪੀ ਐਸ ਈ (ਪੀ ਐਫ ਸੀ) ਨੇ ਆਪਣੀ ਨਾਜ਼ੁਕ ਵਿੱਤੀ ਸਥਿਤੀ ਦੇ ਕਾਰਨ ਕਰਜ਼ਿਆਂ ਤੇ ਵਿਆਜ ਦੀ ਗਣਨਾ ਨਹੀਂ ਕੀਤੀ।

### 2.2.3 *ਸਰਕਾਰ ਦੁਆਰਾ ਨਿਯੰਤਰਿਤ ਹੋਰ ਕੰਪਨੀਆਂ ਵਿੱਚ ਨਿਵੇਸ਼*

31 ਮਾਰਚ 2020 ਤੱਕ, ਤਿੰਨ[16] ਸਰਕਾਰ ਦੁਆਰਾ ਨਿਯੰਤਰਿਤ ਹੋਰ ਕੰਪਨੀਆਂ (ਜੀ ਸੀ ਓ ਸੀਜ਼) ਵਿੱਚ ਰਾਜ ਸਰਕਾਰ ਅਤੇ ਕੇਂਦਰ ਸਰਕਾਰ ਦੁਆਰਾ ਨਿਵੇਸ਼ ਕੀਤੀ ਗਈ ਪੂੰਜੀ ਨੂੰ ਹੇਠਾਂ ਦਿੱਤੇ ਚਾਰਟ ਵਿੱਚ ਦਰਸਾਇਆ ਗਿਆ ਹੈ। 31 ਮਾਰਚ 2020 ਤੱਕ, ਇਨ੍ਹਾਂ ਜੀ ਸੀ ਓ ਸੀਜ਼ ਵਿੱਚ ਇਕਵਟੀ ₹ 0.03 ਕਰੋੜ ਸੀ ਜੋ ਰਾਜ ਸਰਕਾਰ ਅਤੇ ਕੇਂਦਰ ਸਰਕਾਰ ਦੁਆਰਾ ਬਰਾਬਰ ਸਾਂਝੀ ਕੀਤੀ ਗਈ ਸੀ।

---

15 ਪੰਜਾਬ ਰਾਜ ਗ੍ਰੇਨਜ਼ ਪ੍ਰੋਕਿਊਰਮੇਂਟ ਕਾਰਪੋਰੇਸ਼ਨ ਲਿਮਟਡ, ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਡ, ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ ਅਤੇ ਪੰਜਾਬ ਐਗਰੋ ਫੂਡਗ੍ਰੇਨਜ਼ ਕਾਰਪੋਰੇਸ਼ਨ ਲਿਮਟਡ

16 ਅੰਮ੍ਰਿਤਸਰ ਸਮਾਰਟ ਸਿਟੀ ਲਿਮਟਡ, ਜਲੰਧਰ ਸਮਾਰਟ ਸਿਟੀ ਲਿਮਟਡ ਅਤੇ ਲੁਧਿਆਣਾ ਸਮਾਰਟ ਸਿਟੀ ਲਿਮਟਡ ।

**ਚਾਰਟ 2.3: ਸਰਕਾਰ ਦੁਆਰਾ ਨਿਯੰਤਰਿਤ ਹੋਰ ਕੰਪਨੀਆਂ ਵਿੱਚ ਸ਼ੇਅਰ ਪੂੰਜੀ ਦੀ ਰਚਨਾ**




## 2.3 ਐਸ ਪੀ ਐਸ ਈਜ਼ ਵਿੱਚ ਨਿਵੇਸ਼ ਤੇ ਆਮਦਨ

### 2.3.1 *ਐਸ ਪੀ ਐਸ ਈਜ਼ ਦੁਆਰਾ ਕਮਾਇਆ ਲਾਭ*

ਅੰਤਮ ਰੂਪ ਦਿੱਤੇ ਨਵੀਨਤਮ ਲੇਖਿਆਂ ਅਨੁਸਾਰ, ਸਾਲ 2018-19 ਵਿੱਚ 11 ਐਸ ਪੀ ਐਸ ਈਜ਼ ਦੇ ਮੁਕਾਬਲੇ ਸਾਲ 2019-20 ਵਿੱਚ ਨੌਂ ਐਸ ਪੀ ਐਸ ਈਜ਼ (ਜੀ ਸੀ ਓ ਸੀਜ਼ ਨੂੰ ਛੱਡ ਕੇ) ਨੇ ਲਾਭ ਕਮਾਏ। ਕਮਾਇਆ ਹੋਇਆ ਲਾਭ 2019-20 ਵਿੱਚ ₹ 284.09 ਕਰੋੜ ਸੀ ਜਦੋਂ ਕਿ ਸਾਲ 2018-19 ਵਿੱਚ ₹ 283.85 ਕਰੋੜ ਦਾ ਲਾਭ ਹੋਇਆ ਸੀ। ਛੇ ਮੁਨਾਫਾ ਕਮਾਉਣ ਵਾਲੇ ਐਸ ਪੀ ਐਸ ਈਜ਼ ਦੀ ਇਕਵਟੀ ਤੇ ਆਮਦਨ (ਆਰ ਓ ਈ)[17] ਸਾਲ 2019-20 ਵਿੱਚ 4.96 *ਪ੍ਰਤੀਸ਼ਤ* ਸੀ ਜਦੋਂਕਿ ਸਾਲ 2018-19 ਵਿੱਚ ਅੱਠ ਐਸ ਪੀ ਐਸ ਈਜ਼ ਵਿੱਚ ਇਹ 4.48 *ਪ੍ਰਤੀਸ਼ਤ* ਸੀ। ਹੋਰ ਐਸ ਪੀ ਐਸ ਈਜ਼ ਦੇ ਮਾਮਲੇ ਵਿੱਚ ਆਰ ਓ ਈ ਦੀ ਗਣਨਾ ਨਹੀਂ ਕੀਤੀ ਜਾ ਸਕੀ ਕਿਉਂਕਿ ਉਹਨਾਂ ਦਾ ਨਿਰੋਲ ਮੁੱਲ ਨਕਾਰਾਤਮਕ ਸੀ।

2017-18 ਤੋਂ 2019-20 ਦੌਰਾਨ 28 ਕਾਰਜਸ਼ੀਲ ਐਸ ਪੀ ਐਸ ਈਜ਼ ਦੁਆਰਾ ਕਮਾਏ/ਉਠਾਈ ਲਾਭ/ਹਾਨੀ[18] ਦੀ ਸਮੁੱਚੀ ਸਥਿਤੀ ਹੇਠਾਂ ਦਿੱਤੀ ਗਈ ਹੈ:

**ਚਾਰਟ 2.4: ਕਾਰਜਸ਼ੀਲ ਐਸ ਪੀ ਐਸ ਈਜ਼ ਦੁਆਰਾ ਕਮਾਇਆ/ਉਠਾਈ ਲਾਭ/ਹਾਨੀ**




---

17 ਇਕਵਟੀ ਤੇ ਆਮਦਨ = (ਕਰ ਤੋਂ ਬਾਅਦ ਨਿਰੋਲ ਲਾਭ/ ਨਿਰੋਲ ਮੁੱਲ) x 100

18 ਅੰਕੜੇ ਸਬੰਧਤ ਸਾਲਾਂ ਦੌਰਾਨ ਅੰਤਿਮ ਰੂਪ ਦਿੱਤੇ ਨਵੀਨਤਮ ਲੇਖਿਆਂ ਅਨੁਸਾਰ ਹਨ।

ਕਾਰਜਸ਼ੀਲ ਐਸ ਪੀ ਐਸ ਈਜ਼ ਦੁਆਰਾ 2018-19 ਵਿੱਚ ਉਠਾਈ ₹ 687.72 ਕਰੋੜ ਦੀ ਹਾਨੀ, ਰਾਜ ਦੀਆਂ ਅਨਾਜ ਖਰੀਦ ਏਜੰਸੀਆਂ (ਐਸ ਪੀ ਏਜ਼) ਦੇ ਨੁਕਸਾਨ ਵਿੱਚ 2018-19 ਦੌਰਾਨ ₹ 697.20 ਕਰੋੜ ਤੋਂ 2019-20 ਦੌਰਾਨ ₹ 194.65 ਕਰੋੜ ਦੀ ਮਹੱਤਵਪੂਰਨ ਕਮੀ ਕਾਰਨ, 2019-20 ਵਿੱਚ ਘੱਟ ਕੇ ₹ 204.27 ਕਰੋੜ ਰਹਿ ਗਈ।

ਇਨ੍ਹਾਂ 28 ਕਾਰਜਸ਼ੀਲ ਰਾਜ ਐਸ ਪੀ ਐਸ ਈਜ਼ ਦੇ ਅੰਤਮ ਰੂਪ ਦਿੱਤੇ ਨਵੀਨਤਮ ਲੇਖਿਆਂ ਅਨੁਸਾਰ, ਨੌਂ[19] ਐਸ ਪੀ ਐਸ ਈਜ਼ ਨੇ ₹ 284.09 ਕਰੋੜ ਦਾ ਲਾਭ ਪ੍ਰਾਪਤ ਕੀਤਾ ਅਤੇ 13[20] ਐਸ ਪੀ ਐਸ ਈਜ਼ ਨੇ ₹ 488.36 ਕਰੋੜ ਦੀ ਹਾਨੀ ਉਠਾਈ ਜਿਵੇਂ ਕਿ *ਅਨੁਲੱਗ 4* ਵਿੱਚ ਵੇਰਵਾ ਦਿੱਤਾ ਗਿਆ ਹੈ। ਬਾਕੀ ਛੇ ਐਸ ਪੀ ਐਸ ਈਜ਼ ਵਿੱਚੋਂ, ਚਾਰ[21] 'ਨਾ ਲਾਭ ਨਾ ਹਾਨੀ' ਅਧਾਰ ਤੇ ਕੰਮ ਕਰ ਰਹੇ ਹਨ ਅਤੇ ਦੋ[22] ਐਸ ਪੀ ਐਸ ਈਜ਼ ਨੇ ਕੋਈ ਲਾਭ/ਹਾਨੀ ਨਹੀਂ ਕਮਾਇਆ/ਉਠਾਈ।

28 ਕਾਰਜਸ਼ੀਲ ਐਸ ਪੀ ਐਸ ਈਜ਼ ਜਿਹਨਾਂ ਨੇ 2017-18 ਤੋਂ 2019-20 ਦੌਰਾਨ ਲਾਭ/ਹਾਨੀ ਕਮਾਏ/ਉਠਾਈ ਦੀ ਸਥਿਤੀ ਹੇਠਾਂ ਸਾਰਣੀ ਵਿੱਚ ਦਿੱਤੀ ਗਈ ਹੈ:

**ਸਾਰਣੀ 2.9: ਐਸ ਪੀ ਐਸ ਈਜ਼ ਜਿਹਨਾਂ ਨੇ 2017-18 ਤੋਂ 2019-20 ਦੌਰਾਨ ਲਾਭ/ਹਾਨੀ ਕਮਾਇਆ/ਉਠਾਈ**

| ਵਿੱਤੀ ਸਾਲ | ਐਸ ਪੀ ਐਸ ਈਜ਼ ਦੀ ਕੁੱਲ ਗਿਣਤੀ | ਸਾਲ ਦੇ ਦੌਰਾਨ ਲਾਭ ਕਮਾਉਣ ਵਾਲੇ ਐਸ ਪੀ ਐਸ ਈਜ਼ ਦੀ ਗਿਣਤੀ | ਸਾਲ ਦੌਰਾਨ ਹਾਨੀ ਉਠਾਉਣ ਵਾਲੇ ਐਸ ਪੀ ਐਸ ਈਜ਼ ਦੀ ਗਿਣਤੀ | ਐਸ ਪੀ ਐਸ ਈਜ਼ ਦੀ ਸੰਖਿਆ | | |
|---|---|---|---|---|---|---|
| | | | | ਨਾ ਲਾਭ ਨਾ ਹਾਨੀ | ਉਸਾਰੀ ਅਧੀਨ | ਪਹਿਲੇ ਲੇਖੇ ਅਜੇ ਪ੍ਰਾਪਤ ਨਹੀਂ ਹੋਏ |
| 2017-18 | 28 | 9 | 12 | 3 | - | 4 |
| 2018-19 | 28 | 13 | 10 | 4 | 1 | - |
| 2019-20 | 28 | 9 | 13 | 6 | - | - |

*ਸਰੋਤ: ਅਨੁਲੱਗ 4 ਦੇ ਅਧਾਰ ਤੇ ਕੰਪਾਇਲ ਕੀਤਾ ।*

ਸਾਲ 2019-20 ਦੌਰਾਨ ਲਾਭ ਵਿੱਚ ਖੇਤਰਵਾਰ ਯੋਗਦਾਨ ਦੀ ਸੰਖੇਪ ਸਥਿਤੀ ਹੇਠਾਂ ਸਾਰਣੀ ਵਿੱਚ ਦਿੱਤੀ ਗਈ ਹੈ:

**ਸਾਰਣੀ 2.10: ਸਾਲ 2019-20 ਦੌਰਾਨ ਲਾਭ ਵਿੱਚ ਖੇਤਰਵਾਰ ਯੋਗਦਾਨ**

| ਖੇਤਰ | ਲਾਭ ਕਮਾਉਣ ਵਾਲੇ ਐਸ ਪੀ ਐਸ ਈਜ਼ ਦੀ ਗਿਣਤੀ | ਕਮਾਇਆ ਨਿਰੋਲ ਲਾਭ (₹ ਕਰੋੜਾਂ ਵਿੱਚ) | ਐਸ ਪੀ ਐਸ ਈਜ਼ ਦੇ ਕੁੱਲ ਲਾਭ ਦਾ *ਪ੍ਰਤੀਸ਼ਤ* |
|---|---|---|---|
| ਖੇਤੀ ਬਾੜੀ | 5 | 258.33 | 90.93 |
| ਉਦਯੋਗ | 2 | 20.05 | 7.06 |
| ਟਰਾਂਸਪੋਰਟ | 1 | 3.98 | 1.40 |
| ਹੋਰ | 1 | 1.73 | 0.61 |
| **ਕੁੱਲ** | **9** | **284.09** | **100** |

*ਸਰੋਤ: ਐਸ ਪੀ ਐਸ ਈਜ਼ ਦੇ ਅੰਤਿਮ ਰੂਪ ਦਿੱਤੇ ਨਵੀਨਤਮ ਲੇਖੇ ।*

---

[19] *ਅਨੁਲੱਗ 4* ਵਿੱਚ ਲੜੀ ਨੰ. 2, 4, 6, 7, 9, 13, 15, 22 ਅਤੇ 25

[20] *ਅਨੁਲੱਗ 4* ਵਿੱਚ ਲੜੀ ਨੰ. 1, 3, 5, 8, 10, 11, 14, 16, 19, 20, 23, 24 ਅਤੇ 28

[21] *ਅਨੁਲੱਗ 4* ਵਿੱਚ ਲੜੀ ਨੰ. 12, 17, 18 ਅਤੇ 21

[22] *ਅਨੁਲੱਗ 4* ਵਿੱਚ ਲੜੀ ਨੰ. 26 ਅਤੇ 27

ਸਾਲ 2019-20 ਦੌਰਾਨ ₹ 10 ਕਰੋੜ ਤੋਂ ਵੱਧ ਦਾ ਲਾਭ ਕਮਾਉਣ ਵਾਲੇ ਐਸ ਪੀ ਐਸ ਈਜ਼ ਦਾ ਵੇਰਵਾ **ਸਾਰਣੀ** 2.11 ਵਿੱਚ ਦਿੱਤਾ ਗਿਆ ਹੈ:

**ਸਾਰਣੀ 2.11: ਐਸ ਪੀ ਐਸ ਈਜ਼ ਜਿਨ੍ਹਾਂ ਨੇ ₹ 10 ਕਰੋੜ ਤੋਂ ਵੱਧ ਦਾ ਲਾਭ ਕਮਾਇਆ**

| ਲੜੀ ਨੰ. | ਐਸ ਪੀ ਐਸ ਈਜ਼ ਦਾ ਨਾਂ | ਨਿਰੋਲ ਲਾਭ (₹ ਕਰੋੜਾਂ ਵਿੱਚ) |
|---|---|---|
| 1. | ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ | 240.51 |
| 2. | ਪੰਜਾਬ ਰਾਜ ਕੰਨਟੇਨਰ ਅਤੇ ਵੇਅਰਹਾਊਸਿੰਗ ਕਾਰਪੋਰੇਸ਼ਨ ਲਿਮਟਡ | 15.05 |
| 3. | ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ ਲਿਮਟਡ | 13.34 |
| | ਕੁੱਲ | **268.90** |

*ਸਰੋਤ: ਐਸ ਪੀ ਐਸ ਈਜ਼ ਦੇ ਅੰਤਿਮ ਰੂਪ ਦਿੱਤੇ ਨਵੀਨਤਮ ਲੇਖੇ ।*

ਇਹ ਵੇਖਿਆ ਜਾ ਸਕਦਾ ਹੈ ਕਿ 2019-20 ਦੌਰਾਨ, ਇਨ੍ਹਾਂ ਤਿੰਨ ਐਸ ਪੀ ਐਸ ਈਜ਼ ਨੇ ਨੌਂ ਐਸ ਪੀ ਐਸ ਈਜ਼ ਦੁਆਰਾ ਕਮਾਏ ਕੁੱਲ ਲਾਭ (₹ 284.09 ਕਰੋੜ) ਦੇ ਵਿੱਚ 94.65 *ਪ੍ਰਤੀਸ਼ਤ* ਦਾ ਯੋਗਦਾਨ ਪਾਇਆ। ਅੱਗੇ, ਤਿੰਨ ਸਰਕਾਰ ਦੁਆਰਾ ਨਿਯੰਤਰਿਤ ਹੋਰ ਕੰਪਨੀਆਂ ਦੇ ਅੰਤਮ ਰੂਪ ਦਿੱਤੇ ਨਵੀਨਤਮ ਲੇਖਿਆਂ ਅਨੁਸਾਰ, ਕਿਸੇ ਜੀ ਸੀ ਓ ਸੀ ਨੇ ਸਾਲ 2019-20 ਦੌਰਾਨ ਲਾਭ ਨਹੀਂ ਕਮਾਇਆ, ਜਦਕਿ ਸਾਲ 2018-19 ਵਿੱਚ ਦੋ ਨੇ ਲਾਭ ਕਮਾਇਆ ਸੀ।

### 2.3.2 *ਐਸ ਪੀ ਐਸ ਈਜ਼ ਦੁਆਰਾ ਲਾਭਅੰਸ਼ ਦਾ ਭੁਗਤਾਨ*

2019-20 ਦੌਰਾਨ ਅੱਠ ਐਸ ਪੀ ਐਸ ਈਜ਼, ਜਿਨ੍ਹਾਂ ਵਿੱਚ ਪੰਜਾਬ ਸਰਕਾਰ ਦੀ ਇਕਵਟੀ ਹੋਲਡਿੰਗ ਸੀ ਅਤੇ ਜਿਨ੍ਹਾਂ ਨੇ ਨਵੀਨਤਮ ਲੇਖਿਆਂ ਨੂੰ ਅੰਤਮ ਰੂਪ ਦਿੱਤਾ, ਨੇ ਲਾਭ ਕਮਾਇਆ ਪਰ ਇਹਨਾਂ ਵਿੱਚੋਂ ਸਿਰਫ ਦੋ ਨੇ ਲਾਭਅੰਸ਼ ਦਾ ਭੁਗਤਾਨ ਕੀਤਾ। ਐਸ ਪੀ ਐਸ ਈਜ਼ ਵਿੱਚ ਰਾਜ ਸਰਕਾਰ ਦੀ ਇਕਵਟੀ ਹੋਲਡਿੰਗ, ਲਾਭ ਕਮਾਈ ਅਤੇ ਲਾਭਅੰਸ਼ ਅਦਾਇਗੀ ਦਾ ਵੇਰਵਾ ਹੇਠਾਂ ਦਿੱਤੀ **ਸਾਰਣੀ** 2.12 ਵਿੱਚ ਦਿੱਤਾ ਗਿਆ ਹੈ:

**ਸਾਰਣੀ 2.12: 2017-18 ਤੋਂ 2019-20 ਦੌਰਾਨ ਐਸ ਪੀ ਐਸ ਈਜ਼ ਦੁਆਰਾ ਲਾਭਅੰਸ਼ ਦਾ ਭੁਗਤਾਨ**

(₹ ਕਰੋੜਾਂ ਵਿੱਚ)

| ਸਾਲ | ਕੁੱਲ ਐਸ ਪੀ ਐਸ ਈਜ਼ ਜਿੱਥੇ ਜੀ ਓ ਪੀ ਵੱਲੋਂ ਇਕਵਟੀ ਲਗਾਈ ਗਈ | | ਐਸ ਪੀ ਐਸ ਈਜ਼ ਜਿਨ੍ਹਾਂ ਨੇ ਸਾਲ ਦੌਰਾਨ ਲਾਭਅੰਸ਼ ਕਮਾਇਆ | | ਐਸ ਪੀ ਐਸ ਈਜ਼ ਜਿਨ੍ਹਾਂ ਨੇ ਸਾਲ ਦੌਰਾਨ ਲਾਭਾਂਸ਼ ਘੋਸ਼ਿਤ/ ਭੁਗਤਾਨ ਕੀਤਾ | | ਲਾਭਅੰਸ਼ ਦਾ ਭੁਗਤਾਨ ਅਨੁਪਾਤ (*ਪ੍ਰਤੀਸ਼ਤ* ਵਿੱਚ) |
|---|---|---|---|---|---|---|---|
| | ਗਿਣਤੀ | ਜੀ ਓ ਪੀ ਵੱਲੋਂ ਲਗਾਈ ਇਕਵਟੀ | ਗਿਣਤੀ | ਜੀ ਓ ਪੀ ਵੱਲੋਂ ਲਗਾਈ ਇਕਵਟੀ | ਗਿਣਤੀ | ਐਸ ਪੀ ਐਸ ਈਜ਼ ਵੱਲੋਂ ਘੋਸ਼ਿਤ/ ਭੁਗਤਾਨ ਕੀਤਾ ਲਾਭਅੰਸ਼ | |
| **1** | **2** | **3** | **4** | **5** | **6** | **7** | **8 = 7/5*100** |
| 2017-18 | 22 | 1,140.14 | 9 | 307.98 | 4 | 4.17 | 1.35 |
| 2018-19 | 22 | 1,042.17 | 13 | 318.65 | 3 | 1.67 | 0.52 |
| 2019-20 | 22 | 1,043.26 | 8 | 214.54 | 2 | 1.38 | 0.64 |

*ਸਰੋਤ: ਐਸ ਪੀ ਐਸ ਈਜ਼ ਦੇ ਅੰਤਿਮ ਰੂਪ ਦਿੱਤੇ ਨਵੀਨਤਮ ਲੇਖੇ ।*

2017-18 ਤੋਂ 2019-20 ਦੇ ਸਮੇਂ ਦੌਰਾਨ, ਲਾਭ ਕਮਾਉਣ ਵਾਲੀਆਂ ਐਸ ਪੀ ਐਸ ਈਜ਼ ਦੀ ਗਿਣਤੀ 8 ਅਤੇ 13 ਦੇ ਵਿਚਕਾਰ ਸੀ। ਇਸ ਸਮੇਂ ਦੌਰਾਨ, ਜੀ ਓ ਪੀ ਨੂੰ ਲਾਭਅੰਸ਼ ਘੋਸ਼ਿਤ/ ਭੁਗਤਾਨ ਕਰਨ ਵਾਲੀਆਂ ਐਸ ਪੀ ਐਸ ਈਜ਼ ਦੀ ਗਿਣਤੀ ਦੋ ਅਤੇ ਚਾਰ ਦੇ ਵਿਚਕਾਰ ਸੀ।

2017-18 ਤੋਂ 2019-20 ਦੌਰਾਨ ਲਾਭਅੰਸ਼ ਦਾ ਭੁਗਤਾਨ ਅਨੁਪਾਤ ਸਿਰਫ 0.52 *ਪ੍ਰਤੀਸ਼ਤ* ਤੋਂ 1.35 *ਪ੍ਰਤੀਸ਼ਤ* ਦੇ ਵਿਚਕਾਰ ਸੀ।

ਰਾਜ ਸਰਕਾਰ ਦੁਆਰਾ 22 ਐਸ ਪੀ ਐਸ ਈਜ਼ ਦੀ ਇਕਵਟੀ ਪੂੰਜੀ ਵਿੱਚ ਕੀਤੇ ₹ 1,043.26 ਕਰੋੜ ਦੇ ਕੁਲ ਨਿਵੇਸ਼ ਤੇ ਵਾਪਸੀ 2019-20 ਵਿੱਚ 0.13 *ਪ੍ਰਤੀਸ਼ਤ* ਸੀ, ਜੋ ਕਿ 2018-19 ਦੌਰਾਨ ₹ 1,042.17 ਕਰੋੜ ਤੇ 0.16 *ਪ੍ਰਤੀਸ਼ਤ* ਸੀ। 31 ਦਸੰਬਰ 2020 ਤੱਕ ਹੇਠ ਲਿਖੀਆਂ ਦੋ ਐਸ ਪੀ ਐਸ ਈਜ਼ ਨੇ ਅੰਤਮ ਰੂਪ ਦਿੱਤੇ ਨਵੀਨਤਮ ਲੇਖਿਆਂ ਅਨੁਸਾਰ ਲਾਭਅੰਸ਼ ਘੋਸ਼ਿਤ ਕੀਤਾ:

**ਸਾਰਣੀ 2.13: ਲਾਭ ਕਮਾਇਆ ਅਤੇ ਲਾਭਅੰਸ਼ ਘੋਸ਼ਿਤ ਕੀਤਾ**

(₹ ਕਰੋੜਾਂ ਵਿੱਚ)

| ਐਸ ਪੀ ਐਸ ਈ ਦਾ ਨਾਂ | ਅਦਾ ਕੀਤੀ ਪੂੰਜੀ | ਵਿਆਜ ਅਤੇ ਕਰਾਂ ਤੋਂ ਬਾਅਦ ਦਾ ਨਿਰੋਲ ਲਾਭ | ਲਾਭਅੰਸ਼ ਘੋਸ਼ਿਤ ਕੀਤਾ |
|---|---|---|---|
| ਪੰਜਾਬ ਰਾਜ ਵਣ ਵਿਕਾਸ ਕਾਰਪੋਰੇਸ਼ਨ ਲਿਮਟਡ | 0.25 | 1.73 | 0.13 |
| ਪੰਜਾਬ ਰਾਜ ਕੰਨਟੇਨਰ ਅਤੇ ਵੇਅਰਹਾਊਸਿੰਗ ਕਾਰਪੋਰੇਸ਼ਨ ਲਿਮਟਡ | 25.00 | 15.05 | 1.25 |
| **ਕੁੱਲ** | **25.25** | **16.78** | **1.38** |

ਬਾਕੀ ਰਹਿੰਦੇ ਲਾਭਅੰਸ਼ ਨਾ ਦੇਣ ਵਾਲੇ ਛੇ ਐਸ ਪੀ ਐਸ ਈਜ਼ ਵਿੱਚੋਂ ਦੋ[23] ਦੇ ਸੰਚਿਤ ਘਾਟੇ ਸਨ ਪਰ ਚਾਰ[24] ਐਸ ਪੀ ਐਸ ਈਜ਼ ਨੇ ਸੰਚਿਤ ਲਾਭ ਹੋਣ ਦੇ ਬਾਵਜੂਦ ਲਾਭਅੰਸ਼ ਘੋਸ਼ਿਤ ਨਹੀਂ ਕੀਤਾ।

ਤੇਰ੍ਹਵੇਂ ਵਿੱਤ ਕਮਿਸ਼ਨ ਨੇ ਸਿਫਾਰਸ਼ ਕੀਤੀ (ਦਸੰਬਰ 2009) ਕਿ ਸਾਰੀਆਂ ਸੰਸਥਾਵਾਂ ਦੁਆਰਾ ਸਰਕਾਰ ਦੀ ਇਕਵਟੀ ਦੇ ਘੱਟੋ-ਘੱਟ ਪੰਜ *ਪ੍ਰਤੀਸ਼ਤ* ਲਾਭਾਂਸ਼ ਦਾ ਭੁਗਤਾਨ ਕੀਤਾ ਜਾਣਾ ਚਾਹੀਦਾ ਹੈ। ਰਾਜ ਸਰਕਾਰ ਨੇ ਇਨ੍ਹਾਂ ਸਿਫਾਰਸ਼ਾਂ ਨੂੰ ਅਪਣਾਇਆ ਅਤੇ ਸਾਰੇ ਸਾਰਵਜਨਿਕ ਖੇਤਰ ਅਦਾਰਿਆਂ (ਪੀ ਐਸ ਈਜ਼) ਨੂੰ ਰਾਜ ਸਰਕਾਰ ਦੁਆਰਾ ਨਿਵੇਸ਼ ਕੀਤੇ ਫੰਡਾਂ ਤੇ ਘੱਟੋ-ਘੱਟ ਪੰਜ *ਪ੍ਰਤੀਸ਼ਤ* ਦੀ ਅਦਾਇਗੀ ਕਰਨ ਦਾ ਨਿਰਦੇਸ਼ ਦਿੱਤਾ (ਜੁਲਾਈ 2011)। ਇਸ ਤਰ੍ਹਾਂ, ਵੰਡਣਯੋਗ ਲਾਭ ਦੇ ਬਾਵਜੂਦ, ਚਾਰ ਐਸ ਪੀ ਐਸ ਈਜ਼ ਨੇ ਕੋਈ ਲਾਭਅੰਸ਼ ਘੋਸ਼ਿਤ ਨਹੀਂ ਕੀਤਾ ਜੋ ਕਿ ਰਾਜ ਸਰਕਾਰ ਦੇ ਨਿਰਦੇਸ਼ਾਂ ਦੀ ਗੈਰ ਪਾਲਣਾ ਨੂੰ ਦਰਸਾਉਂਦਾ ਹੈ।

**ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਰਾਜ ਸਰਕਾਰ ਨੂੰ ਆਪਣੇ ਨਾਮਜ਼ਦ ਵਿਅਕਤੀਆਂ ਦੁਆਰਾ ਇਹ ਮਾਮਲਾ ਨਿਰਦੇਸ਼ਕ ਮੰਡਲ ਵਿੱਚ ਉਠਾਉਣਾ ਚਾਹੀਦਾ ਹੈ।**

### 2.3.3 *ਐਸ ਪੀ ਐਸ ਈਜ਼ ਦੀ ਇਕਵਟੀ ਉੱਤੇ ਆਮਦਨ*

ਇਕਵਟੀ ਤੇ ਆਮਦਨ[25] (ਆਰ ਓ ਈ) ਵਿੱਤੀ ਕਾਰਜਕੁਸ਼ਲਤਾ ਦਾ ਇੱਕ ਮਾਪ ਹੈ ਜੋ ਕਿ ਕੰਪਨੀਆਂ ਦੀ ਨਿਰੋਲ ਆਮਦਨ ਨੂੰ ਸ਼ੇਅਰਧਾਰਕਾਂ ਦੀ ਇਕਵਟੀ ਨਾਲ ਵੰਡ ਕੇ ਕੱਢਿਆ ਜਾਂਦਾ ਹੈ। ਇਹ *ਪ੍ਰਤੀਸ਼ਤ* ਦੇ ਰੂਪ ਵਿੱਚ ਦੱਸਿਆ ਜਾਂਦਾ ਹੈ ਅਤੇ ਕਿਸੇ ਵੀ ਉਸ ਕੰਪਨੀ ਲਈ ਗਿਣਿਆ ਜਾ ਸਕਦਾ ਹੈ ਜਿਸਦੀ ਨਿਰੋਲ ਆਮਦਨ ਅਤੇ ਸ਼ੇਅਰਧਾਰਕਾਂ ਦੀ ਇਕਵਟੀ ਦੋਵੇਂ ਸਕਾਰਾਤਮਕ ਸੰਖਿਆਵਾਂ ਹੋਣ।

---

23 ਪੀ ਐਸ ਡਬਲਿਊ ਸੀ ਅਤੇ ਪੀ ਐਫ ਸੀ

24 *ਅਨੁਲੱਗ 4* ਦਾ ਲੜੀ ਨੰ. 2, 6, 7 ਅਤੇ 13

25 ਇਕਵਟੀ ਉਤੇ ਆਮਦਨ = (ਕਰਾਂ ਤੋਂ ਬਾਅਦ ਦਾ ਲਾਭ/ਸ਼ੇਅਰਧਾਰਕ ਦੀ ਇਕਵਟੀ) x 100 ਜਿੱਥੇ ਸ਼ੇਅਰਧਾਰਕ ਦੀ ਇਕਵਟੀ = ਅਦਾ ਕੀਤੀ ਪੂੰਜੀ - ਸੰਚਿਤ ਘਾਟੇ - ਮੁਲਤਵੀ ਰੈਵਿਨਿਯੂ ਖਰਚਾ।

2017-18 ਤੋਂ 2019-20 ਦੇ ਸਮੇਂ ਦੌਰਾਨ ਇਨ੍ਹਾਂ 28 ਐਸ ਪੀ ਐਸ ਈਜ਼ ਨਾਲ ਸਬੰਧਤ ਸ਼ੇਅਰਧਾਰਕਾਂ ਦੀ ਇਕਵਟੀ ਅਤੇ ਆਰ ਓ ਈ ਦੇ ਵੇਰਵੇ ਹੇਠਾਂ **ਸਾਰਣੀ** 2.14 ਵਿੱਚ ਦਿੱਤੇ ਗਏ ਹਨ:

**ਸਾਰਣੀ 2.14: ਇਕਵਟੀ ਤੇ ਆਮਦਨ**

(₹ ਕਰੋੜਾਂ ਵਿੱਚ)

| ਸਾਲ | ਸਾਲ ਦੀ ਨਿਰੋਲ ਆਮਦਨ/ ਕੁਲ ਕਮਾਈ | ਸ਼ੇਅਰਧਾਰਕਾਂ ਦੀ ਇਕਵਟੀ | ਇਕਵਟੀ ਤੇ ਆਮਦਨ (ਪ੍ਰਤੀਸ਼ਤ ਵਿਚ) |
|---|---|---|---|
| 2017-18 | (-) 2,265.70 | (-) 6,268.20 | - |
| 2018-19 | (-) 687.72 | (-) 6,865.80 | - |
| 2019-20 | (-) 204.27 | (-) 7,300.89 | - |

*ਸਰੋਤ: ਐਸ ਪੀ ਐਸ ਈਜ਼ ਦੇ ਅੰਤਿਮ ਰੂਪ ਦਿੱਤੇ ਨਵੀਨਤਮ ਲੇਖੇ*

ਉਪਰੋਕਤ ਸਾਰਣੀ ਵਿੱਚ ਵੇਖਿਆ ਜਾ ਸਕਦਾ ਹੈ ਕਿ 31 ਮਾਰਚ 2020 ਨੂੰ ਸਮਾਪਤ ਪਿਛਲੇ ਤਿੰਨ ਸਾਲਾਂ ਦੌਰਾਨ, ਇਕਵਟੀ ਤੇ ਆਮਦਨ ਦੀ ਗਣਨਾ ਨਹੀਂ ਕੀਤੀ ਜਾ ਸਕੀ ਕਿਉਂਕਿ ਆਮਦਨ ਅਤੇ ਸ਼ੇਅਰਧਾਰਕਾਂ ਦੀ ਇਕਵਟੀ ਦੋਵੇਂ ਨਕਾਰਾਤਮਕ ਸਨ।

## 2.4 ਐਸ ਪੀ ਐਸ ਈਜ਼ ਦੀ ਸੰਚਾਲਣ ਕੁਸ਼ਲਤਾ

### 2.4.1 *ਟਰਨਓਵਰ*

ਐਸ ਪੀ ਐਸ ਈਜ਼ ਨਾਲ ਸਬੰਧਤ ਤਿੰਨ ਸਾਲਾਂ ਦੀ ਅਵਧੀ ਦੌਰਾਨ ਦੀ ਟਰਨਓਵਰ, ਕੁੱਲ ਸੰਪਤੀ ਅਤੇ ਲਗਾਈ ਗਈ ਪੂੰਜੀ ਨੂੰ ਹੇਠ ਦਿੱਤੇ **ਚਾਰਟ** 2.5 ਵਿੱਚ ਦਰਸਾਇਆ ਗਿਆ ਹੈ:

**ਚਾਰਟ 2.5: ਟਰਨਓਵਰ, ਸੰਪਤੀ ਅਤੇ ਲਗਾਈ ਗਈ ਪੂੰਜੀ**




2017-18 ਤੋਂ 2019-20 ਦੌਰਾਨ, ਐਸ ਪੀ ਐਸ ਈਜ਼ ਦਾ ਸੁਭਾਅ, ਉਨ੍ਹਾਂ ਦੀ ਟਰਨਓਵਰ, ਕੁੱਲ ਸੰਪਤੀ ਅਤੇ ਪੂੰਜੀ ਨਿਵੇਸ਼ **ਸਾਰਣੀ** 2.15 ਵਿੱਚ ਦਿੱਤੇ ਗਏ ਹਨ:

**ਸਾਰਣੀ 2.15: ਐਸ ਪੀ ਐਸ ਈਜ਼ ਦਾ ਸੁਭਾਅ, ਉਨ੍ਹਾਂ ਦੀ ਟਰਨਓਵਰ, ਕੁੱਲ ਸੰਪਤੀ ਅਤੇ ਪੂੰਜੀ ਨਿਵੇਸ਼**

**(₹ ਕਰੋੜਾਂ ਵਿੱਚ)**

| ਐਸ ਪੀ ਐਸ ਈਜ਼ ਦਾ ਸੁਭਾਅ | ਟਰਨਓਵਰ | ਕੁੱਲ ਸੰਪਤੀ | ਪੂੰਜੀ ਨਿਵੇਸ਼ |
|---|---|---|---|
| **2017-18** | | | |
| ਸਰਕਾਰੀ ਕੰਪਨੀਆਂ | 29,910.89 | 33,447.13 | 1,517.75 |
| ਅਧਿਨਿਯਮਿਕ ਕਾਰਪੋਰੇਸ਼ਨਾਂ | 6,817.54 | 4,616.98 | 3,027.15 |
| ਜੀ ਸੀ ਓ ਸੀ | - | - | - |
| **ਕੁੱਲ** | **36,728.43** | **38,064.11** | **4,544.90** |
| **2018-19** | | | |
| ਸਰਕਾਰੀ ਕੰਪਨੀਆਂ | 34,039.25 | 30,527.15 | 7,369.48 |
| ਅਧਿਨਿਯਮਿਕ ਕਾਰਪੋਰੇਸ਼ਨਾਂ | 6,844.24 | 6,444.30 | 4,661.87 |
| ਜੀ ਸੀ ਓ ਸੀ | 0.00 | 105.15 | 1.72 |
| **ਕੁੱਲ** | **40,883.49** | **37,076.60** | **12,033.07** |
| **2019-20** | | | |
| ਸਰਕਾਰੀ ਕੰਪਨੀਆਂ | 33,182.49 | 34,705.04 | 6,960.38 |
| ਅਧਿਨਿਯਮਿਕ ਕਾਰਪੋਰੇਸ਼ਨਾਂ | 6,845.03 | 6,444.30 | 4,638.92 |
| ਜੀ ਸੀ ਓ ਸੀ | 0.00 | 285.71 | 0.01 |
| **ਕੁੱਲ** | **40,027.52** | **41,435.05** | **11,599.31** |

*ਸਰੋਤ: ਐਸ ਪੀ ਐਸ ਈਜ਼ ਦੇ ਅੰਤਿਮ ਰੂਪ ਦਿੱਤੇ ਨਵੀਨਤਮ ਲੇਖੇ ।*

ਟਰਨਓਵਰ ਅਤੇ ਪੂੰਜੀ ਨਿਵੇਸ਼ ਵਿੱਚ ਕਮੀ ਆਈ ਹੈ ਜਦੋਂਕਿ ਪਿਛਲੇ ਸਾਲ ਦੇ ਮੁਕਾਬਲੇ ਸਾਲ 2019-20 ਦੌਰਾਨ ਕੁੱਲ ਸੰਪਤੀ ਵਿੱਚ ਵਾਧਾ ਹੋਇਆ ਹੈ।

### 2.4.2 *ਲਗਾਈ ਗਈ ਪੂੰਜੀ ਉਤੇ ਆਮਦਨ*

ਲਗਾਈ ਗਈ ਪੂੰਜੀ ਉੱਤੇ ਆਮਦਨ (ਆਰ ਓ ਸੀ ਈ) ਇਕ ਅਨੁਪਾਤ ਹੈ ਜੋ ਕੰਪਨੀ ਦੇ ਲਾਭ ਅਤੇ ਕਾਰਜਕੁਸ਼ਤਾ ਜਿਸ ਨਾਲ ਇਸ ਦੀ ਪੂੰਜੀ ਲਗਾਈ ਹੈ, ਨੂੰ ਮਾਪਦਾ ਹੈ । ਆਰ ਓ ਸੀ ਈ ਦੀ ਗਣਨਾ ਕੰਪਨੀ ਦੀ ਵਿਆਜ ਅਤੇ ਕਰਾਂ ਤੋਂ ਪਹਿਲਾਂ ਦੀ ਆਮਦਨੀ (ਈ ਬੀ ਆਈ ਟੀ), ਨੂੰ ਲਗਾਈ ਗਈ ਪੂੰਜੀ[26] ਨਾਲ ਭਾਗ ਕਰ ਕੇ ਕੀਤੀ ਜਾਂਦੀ ਹੈ । 2017-18 ਤੋਂ 2019-20 ਦੇ ਸਮੇਂ ਦੌਰਾਨ 28 ਐਸ ਪੀ ਐਸ ਈਜ਼ ਦੇ ਆਰ ਓ ਸੀ ਈ ਦਾ ਵਿਸਥਾਰ ਹੇਠਾ **ਸਾਰਣੀ** 2.16 ਵਿੱਚ ਦਿੱਤਾ ਗਿਆ ਹੈ:

**ਸਾਰਣੀ 2.16: ਲਗਾਈ ਗਈ ਪੂੰਜੀ ਉਤੇ ਆਮਦਨ**

| ਸਾਲ | ਈ ਬੀ ਆਈ ਟੀ (₹ ਕਰੋੜਾਂ ਵਿੱਚ) | ਲਗਾਈ ਗਈ ਪੂੰਜੀ (₹ ਕਰੋੜਾਂ ਵਿੱਚ) | ਆਰ ਓ ਸੀ ਈ (*ਪ੍ਰਤੀਸ਼ਤ* ਵਿੱਚ) |
|---|---|---|---|
| 2017-18 | (-) 1,411.18 | 4,544.90 | (-) 31.05 |
| 2018-19 | (-) 403.48 | 12,033.07 | (-) 3.35 |
| 2019-20 | 174.98 | 11,599.31 | 1.51 |

*ਸਰੋਤ: ਐਸ ਪੀ ਐਸ ਈਜ਼ ਦੇ ਅੰਤਿਮ ਰੂਪ ਦਿੱਤੇ ਨਵੀਨਤਮ ਲੇਖੇ ।*

2017-18 ਤੋਂ 2019-20 ਦੇ ਸਮੇਂ ਦੌਰਾਨ ਐਸ ਪੀ ਐਸ ਈਜ਼ ਦੀ ਆਰ ਓ ਸੀ ਈ (-) 31.05 *ਪ੍ਰਤੀਸ਼ਤ* ਅਤੇ 1.51 *ਪ੍ਰਤੀਸ਼ਤ* ਦੇ ਵਿਚਕਾਰ ਰਹੀ। ਸਾਲ 2019-20 ਦੌਰਾਨ ਆਰ ਓ ਸੀ ਈ ਸਕਾਰਾਤਮਕ ਈ ਬੀ ਆਈ ਟੀ ਕਾਰਨ ਸਕਾਰਾਤਮਕ ਹੋ ਗਿਆ ਜੋ ਕਿ ਮੁੱਖ ਤੌਰ ਤੇ ਰਾਜ ਦੀਆਂ ਅਨਾਜ ਖਰੀਦ ਏਜੰਸੀਆਂ (ਐਸ ਪੀ ਏਜ਼) ਦੇ ਘਾਟੇ ਵਿੱਚ ਕਾਫੀ ਕਮੀ ਦੇ ਕਾਰਨ ਹੈ।

[26] ਲਗਾਈ ਗਈ ਪੂੰਜੀ = ਅਦਾ ਕੀਤੀ ਪੂੰਜੀ + ਫਰੀ ਰਿਜ਼ਰਵ ਅਤੇ ਸਰਪਲੱਸ + ਲੰਬੀ ਮਿਆਦ ਦੇ ਕਰਜ਼ੇ - ਸੰਚਿਤ ਘਾਟੇ - ਮੁਲਤਵੀ ਰੈਵਿਨਿਊ ਖਰਚਾ।

### 2.4.3 *ਨਿਵੇਸ਼ ਦੀ ਮੌਜੂਦਾ ਕੀਮਤ ਦੇ ਅਧਾਰ ਤੇ ਰਿਟਰਨ*

ਹਰੇਕ ਸਾਲ ਦੇ ਅੰਤ ਵਿੱਚ 31 ਮਾਰਚ 2020 ਤੱਕ ਨਿਵੇਸ਼ ਦੀ ਇਤਿਹਾਸਕ ਲਾਗਤ ਨੂੰ ਇਸਦੀ ਮੌਜੂਦਾ ਕੀਮਤ ਤੇ ਲਿਆਉਣ ਲਈ, ਪੁਰਾਣੇ ਨਿਵੇਸ਼/ਜੀ ਓ ਪੀ ਦੁਆਰਾ ਐਸ ਪੀ ਐਸ ਈਜ਼ ਵਿੱਚ ਪ੍ਰਤੀ ਸਾਲ ਕੀਤੇ ਨਿਵੇਸ਼ ਨੂੰ ਸਰਕਾਰ ਦੇ ਉਧਾਰ ਤੇ ਵਿਆਜ ਦੀ ਔਸਤਨ ਦਰ ਤੇ ਮਿਸ਼ਰਿਤ ਕੀਤਾ ਗਿਆ ਹੈ, ਜਿਸ ਨੂੰ ਸੰਬੰਧਿਤ ਸਾਲ ਲਈ ਸਰਕਾਰ ਦੇ ਫੰਡਾਂ ਦੀ ਘੱਟੋ-ਘੱਟ ਲਾਗਤ ਦੇ ਤੌਰ ਤੇ ਮੰਨਿਆ ਜਾਂਦਾ ਹੈ । ਇਸ ਤਰ੍ਹਾਂ, ਰਾਜ ਸਰਕਾਰ ਦੇ ਨਿਵੇਸ਼ ਦੀ ਪੀ ਵੀ ਦੀ ਗਣਨਾ ਉਥੇ ਕੀਤੀ ਗਈ ਸੀ, ਜਿੱਥੇ ਇਨ੍ਹਾਂ ਕੰਪਨੀਆਂ ਦੀ ਸਥਾਪਨਾ ਤੋਂ ਬਾਅਦ 31 ਮਾਰਚ 2020 ਤੱਕ ਰਾਜ ਸਰਕਾਰ ਵੱਲੋਂ ਇਕਵਟੀ ਅਤੇ ਵਿਆਜ ਰਹਿਤ ਕਰਜ਼ੇ ਅਤੇ ਸੰਚਾਲਨ ਅਤੇ ਪ੍ਰਬੰਧਨ ਖਰਚਿਆਂ ਲਈ ਅਨੁਦਾਨ/ਉਪਦਾਨ *ਘਟਾਉ:* ਵਿਨਿਵੇਸ਼ ਦੇ ਰੂਪ ਵਿੱਚ ਫੰਡ ਦਿੱਤੇ ਜਾ ਰਹੇ ਸਨ।

ਐਸ ਪੀ ਐਸ ਈਜ਼ ਵਿੱਚ ਰਾਜ ਸਰਕਾਰ ਦੇ ਨਿਵੇਸ਼ ਦੀ ਪੀ ਵੀ ਦੀ ਗਣਨਾ ਹੇਠਾਂ ਦਿੱਤੀਆਂ ਧਾਰਣਾਵਾਂ ਦੇ ਅਧਾਰ ਤੇ ਕੀਤੀ ਗਈ ਸੀ:

- ਵਿਆਜ ਮੁਕਤ ਕਰਜ਼ਿਆਂ ਨੂੰ ਰਾਜ ਸਰਕਾਰ ਦੇ ਨਿਵੇਸ਼ ਦੇ ਤੌਰ ਤੇ ਮੰਨਿਆ ਗਿਆ ਹੈ ਕਿਉਂਕਿ ਐਸ ਪੀ ਐਸ ਈਜ਼ ਨੇ ਵਿਆਜ ਮੁਕਤ ਕਰਜ਼ਿਆਂ ਦੀ ਕੋਈ ਰਕਮ ਦੀ ਮੁੜ ਅਦਾਇਗੀ ਨਹੀਂ ਕੀਤੀ ਹੈ। ਅੱਗੇ, ਉਹਨਾਂ ਮਾਮਲਿਆਂ ਵਿੱਚ ਜਿੱਥੇ ਐਸ ਪੀ ਐਸ ਈਜ਼ ਨੂੰ ਦਿੱਤੇ ਗਏ ਵਿਆਜ ਰਹਿਤ ਕਰਜ਼ਿਆਂ ਨੂੰ ਬਾਅਦ ਵਿੱਚ ਇਕਵਟੀ ਵਿੱਚ ਬਦਲ ਦਿੱਤਾ ਗਿਆ ਸੀ, ਇਕਵਟੀ ਵਿੱਚ ਬਦਲੇ ਕਰਜ਼ਿਆਂ ਦੀ ਰਕਮ ਨੂੰ ਵਿਆਜ ਰਹਿਤ ਕਰਜ਼ਿਆ ਦੀ ਰਕਮ ਵਿੱਚੋਂ ਘਟਾ ਦਿੱਤਾ ਗਿਆ ਹੈ ਅਤੇ ਉਸ ਸਾਲ ਦੀ ਇਕਵਟੀ ਵਿੱਚ ਜੋੜ ਦਿੱਤਾ ਗਿਆ ਹੈ।
- ਪੀ ਵੀ ਦੀ ਗਣਨਾ ਲਈ, ਸੰਬੰਧਿਤ ਵਿੱਤੀ ਸਾਲ[27] ਲਈ ਸਰਕਾਰ ਦੇ ਉਧਾਰ ਉਤੇ ਔਸਤਨ ਵਿਆਜ ਦੀ ਦਰ ਨੂੰ ਮਿਸ਼ਰਤ ਦਰ ਦੇ ਤੌਰ ਤੇ ਅਪਣਾਇਆ ਗਿਆ ਸੀ ਕਿਉਂਕਿ ਇਹ ਸਰਕਾਰ ਦੁਆਰਾ ਸਾਲ ਵਿੱਚ ਫੰਡਾਂ ਦੇ ਨਿਵੇਸ਼ ਕਰਨ ਲਈ ਕੀਤੀ ਗਈ ਲਾਗਤ ਨੂੰ ਦਰਸਾਉਂਦੇ ਹਨ ਅਤੇ ਇਸ ਲਈ ਸਰਕਾਰ ਦੁਆਰਾ ਕੀਤੇ ਨਿਵੇਸ਼ ਤੇ ਸੰਭਾਵਿਤ ਘੱਟੋ-ਘੱਟ ਆਮਦਨੀ ਦੀ ਦਰ ਦੇ ਤੌਰ ਤੇ ਮੰਨਿਆ ਗਿਆ ।

ਐਸ ਪੀ ਐਸ ਈ ਵਾਰ ਰਾਜ ਸਰਕਾਰ ਦੀ 19 ਐਸ ਪੀ ਐਸ ਈਜ਼ ਵਿੱਚ ਨਿਵੇਸ਼ ਦੀ ਸਥਿਤੀ ਨੂੰ 2010-11 ਤੋਂ 2019-20 ਦੇ ਸਮੇਂ ਲਈ ਇਤਿਹਾਸਕ ਲਾਗਤ ਦੇ ਅਧਾਰ ਤੇ ਇਕਵਟੀ ਅਤੇ ਵਿਆਜ ਰਹਿਤ ਕਰਜ਼ਿਆਂ ਦੇ ਰੂਪ ਵਿੱਚ ***ਅਨੁਲੱਗ 6*** ਵਿੱਚ ਦਰਸਾਇਆ ਗਿਆ ਹੈ। ਉਸੇ ਸਮੇਂ ਲਈ 20[28] ਐਸ ਪੀ ਐਸ ਈਜ਼ ਨਾਲ ਸਬੰਧਤ ਰਾਜ ਸਰਕਾਰ ਦੇ ਨਿਵੇਸ਼ ਦੀ ਪੀ ਵੀ ਅਤੇ ਕੁੱਲ ਆਮਦਨੀ ਦੀ ਏਕੀਕ੍ਰਿਤ ਸਥਿਤੀ ਨੂੰ **ਸਾਰਣੀ** 2.17 ਵਿੱਚ ਦਰਸਾਇਆ ਗਿਆ ਹੈ:

---

27 ਸਰਕਾਰੀ ਉਧਾਰ ਉੱਤੇ ਵਿਆਜ ਦੀ ਔਸਤਨ ਦਰ ਸਟੇਟ ਫਾਇਨਾਸਿਜ਼ (ਜੀ ਓ ਪੀ) ਉੱਤੇ ਸੀ ਏ ਜੀ ਦੀਆਂ ਸੰਬੰਧਿਤ ਸਾਲ ਦੀਆਂ ਰਿਪੋਟਾਂ ਤੋਂ ਅਪਣਾਈ ਗਈ ਸੀ ਜਿਸ ਵਿੱਚ ਵਿਆਜ ਭੁਗਤਾਨ ਦੀ ਔਸਤਨ ਦਰ=ਵਿਆਜ ਅਦਾਇਗੀ/ [(ਪਿਛਲੇ ਸਾਲਾਂ ਦੀਆਂ ਫਿਸਕਲ ਦੇਣਦਾਰੀਆਂ + ਚਾਲੂ ਸਾਲ ਦੀਆਂ ਫਿਸਕਲ ਦੇਣਦਾਰੀਆਂ)/2] x 100

28 ਇਸ ਵਿੱਚ ਇੱਕ ਗੈਰ ਊਰਜਾ ਖੇਤਰ ਐਸ ਪੀ ਐਸ ਈ (ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਲਿਮਟਿਡ) ਸ਼ਾਮਲ ਹੈ ਜਿਸ ਵਿੱਚ ਰਾਜ ਸਰਕਾਰ ਦਾ ਇਕਵਟੀ ਵਜੋਂ ਕੋਈ ਨਿਵੇਸ਼ ਨਹੀਂ ਹੈ ਪਰ ਸਾਲ 2019-20 ਦੌਰਾਨ, ਇਸਨੂ ਸੰਚਾਲਨ ਅਤੇ ਪ੍ਰਬੰਧਨ ਖਰਚਿਆਂ ਲਈ ਅਨੁਦਾਨ ਮਿਲਿਆ ਹੈ।

**ਸਾਰਣੀ 2.17: ਰਾਜ ਸਰਕਾਰ ਦੁਆਰਾ ਨਿਵੇਸ਼ ਦੇ ਸਾਲ-ਵਾਰ ਵੇਰਵੇ ਅਤੇ 2010-11 ਤੋਂ 2019-20 ਦੀ ਮਿਆਦ ਲਈ ਸਰਕਾਰੀ ਨਿਵੇਸ਼ ਦਾ ਮੌਜੂਦਾ ਮੁੱਲ (ਪੀ ਵੀ)**

(₹ ਕਰੋੜਾਂ ਵਿੱਚ)

| ਵਿੱਤੀ ਸਾਲ | ਸਾਲ ਦੇ ਸ਼ੁਰੂ ਵਿੱਚ ਕੁੱਲ ਨਿਵੇਸ਼ ਦੀ ਮੌਜੂਦਾ ਕੀਮਤ | ਸਾਲ ਦੇ ਦੌਰਾਨ ਰਾਜ ਸਰਕਾਰ ਵਲੋਂ ਦਿੱਤੀ ਗਈ ਇਕਵਟੀ | ਸਾਲ ਦੇ ਦੌਰਾਨ ਰਾਜ ਸਰਕਾਰ ਵਲੋਂ ਦਿੱਤੇ ਵਿਆਜ ਮੁਕਤ ਕਰਜੇ | ਸੰਚਾਲਨ ਅਤੇ ਪ੍ਰਬੰਧਨ ਖਰਚਿਆਂ ਲਈ ਸਾਲ ਦੌਰਾਨ ਰਾਜ ਸਰਕਾਰ ਵਲੋਂ ਦਿੱਤੇ ਅਨੁਦਾਨ/ ਉਪਦਾਨ | ਸਾਲ ਦੌਰਾਨ ਕੁੱਲ ਨਿਵੇਸ਼ | ਸਾਲ ਦੇ ਅੰਤ ਤੇ ਕੁੱਲ ਨਿਵੇਸ਼ | ਸਰਕਾਰੀ ਉਧਾਰਾਂ ਤੇ ਵਿਆਜ ਦੀ ਔਸਤਨ ਦਰ (*ਪ੍ਰਤੀਸ਼ਤ* ਵਿੱਚ) | ਸਾਲ ਦੇ ਅੰਤ ਤੇ ਕੁੱਲ ਨਿਵੇਸ਼ ਦਾ ਮੌਜੂਦਾ ਮੁੱਲ | ਸਾਲ ਦੇ ਫੰਡਾਂ ਦੀ ਲਾਗਤ ਦੀ ਵਸੂਲੀ ਲਈ ਉਮੀਦ ਕੀਤੀ ਘੱਟੋ-ਘੱਟ ਆਮਦਨ[29] | ਸਾਲ ਦੀ ਕੁੱਲ ਕਮਾਈ[30] |
|---|---|---|---|---|---|---|---|---|---|---|
| **i** | **ii** | **iii** | **iv** | **v** | **vi = iii + iv + v** | **vii = ii + vi** | **viii** | **ix={vii*(1 + viii/100)}** | **x={vii* viii/100}** | **xi** |
| 2010-11 ਤੱਕ | 789.79[31] | - | - | - | - | 789.79 | 7.73 | 850.84 | 61.05 | - |
| 2011-12 | 850.84 | 196.93 | - | 108.48 | 305.41 | 1,156.25 | 7.96 | 1,248.29 | 92.04 | (-) 220.29 |
| 2012-13 | 1,248.29 | 15.91 | 30.00 | 190.29 | 236.20 | 1,484.49 | 7.79 | 1,600.13 | 115.64 | (-) 375.98 |
| 2013-14 | 1,600.13 | 22.35 | - | 242.25 | 264.60 | 1,864.73 | 8.04 | 2,014.65 | 149.92 | (-) 684.85 |
| 2014-15 | 2,014.65 | 72.07 | - | 337.75 | 409.82 | 2,424.47 | 8.35 | 2,626.91 | 202.44 | (-) 776.98 |
| 2015-16 | 2,626.91 | 32.24 | - | 324.21 | 356.45 | 2,983.36 | 8.09 | 3,224.71 | 241.35 | (-) 622.87 |
| 2016-17 | 3,224.71 | 10.83 | - | 504.28 | 515.11 | 3,739.82 | 7.48 | 4,019.56 | 279.74 | (-) 1,496.07 |
| 2017-18 | 4,019.56 | - | - | 168.62 | 168.62 | 4,188.18 | 8.12 | 4,528.26 | 340.08 | (-) 1,897.47 |
| 2018-19 | 4,528.26 | (-) 97.97[32] | - | 205.76 | 107.79 | 4,636.05 | 8.00 | 5,006.93 | 370.88 | (-) 560.04 |
| 2019-20 | 5,006.93 | 1.09 | - | 160.28 | 161.37 | 5,168.30 | 7.93 | 5,578.15 | 409.85 | (-) 36.82 |
| **ਕੁੱਲ** | | | **30.00** | **2,241.92** | | | | | | |

***ਨੋਟ: ਉਪਰੋਕਤ ਸਾਲਾਂ ਦੌਰਾਨ ਕਿਸੇ ਵਿਆਜ ਰਹਿਤ ਕਰਜ਼ੇ ਨੂੰ ਇਕਵਟੀ ਵਿੱਚ ਤਬਦੀਲ ਅਤੇ ਵਿਨਿਵੇਸ਼ ਨਹੀਂ ਕੀਤਾ ਗਿਆ ਸੀ ।***

ਸਾਲ 2019-20 ਦੇ ਅਖੀਰ ਵਿੱਚ ਇਨ੍ਹਾਂ ਐਸ ਪੀ ਐਸ ਈਜ਼ ਵਿੱਚ ਰਾਜ ਸਰਕਾਰ ਦੁਆਰਾ ਨਿਵੇਸ਼ ਦਾ ਬਕਾਇਆ ਸਾਲ 2010-11 ਵਿੱਚ ₹ 850.84 ਕਰੋੜ ਤੋਂ ਵਧ ਕੇ ₹ 3,315.16 ਕਰੋੜ ਹੋ ਗਿਆ ਰਾਜ ਸਰਕਾਰ ਨੇ 2011-12 ਤੋਂ 2019-20 ਦੌਰਾਨ ਇਕਵਟੀ (₹ 253.45 ਕਰੋੜ) ਅਤੇ ਵਿਆਜ ਮੁਕਤ ਕਰਜ਼ੇ (₹ 30.00 ਕਰੋੜ) ਅਤੇ ਸੰਚਾਲਨ ਅਤੇ ਪ੍ਰਬੰਧਨ ਖਰਚਿਆਂ (₹ 2,241.92 ਕਰੋੜ) ਲਈ ਅਨੁਦਾਨਾਂ/ਉਪਦਾਨਾਂ ਦੇ ਰੂਪ ਵਿੱਚ ਨਿਵੇਸ਼ ਕੀਤਾ ਹੈ। ਰਾਜ ਸਰਕਾਰ ਦੁਆਰਾ 31 ਮਾਰਚ 2020 ਤਕ ਨਿਵੇਸ਼ ਕੀਤੇ ਗਏ ਫੰਡਾਂ ਦਾ ਪੀ ਵੀ ₹ 5,578.15 ਕਰੋੜ ਸੀ। ਇਹਨਾਂ ਐਸ ਪੀ ਐਸ ਈਜ਼ ਵਿੱਚ 2011-12 ਤੋਂ 2019-20 ਦੇ ਦੌਰਾਨ, ਸਾਲ ਲਈ ਕੁੱਲ ਕਮਾਈ ਫੰਡਾਂ ਦੀ ਲਾਗਤ ਦੀ ਵਸੂਲੀ ਲਈ ਘੱਟੋ-ਘੱਟ ਉਮੀਦ ਕੀਤੀ ਆਮਦਨ ਤੋਂ ਘੱਟ ਰਹੀ ।

---

29 ਸਾਲ ਦੇ ਅੰਤ ਵਿੱਚ ਕੁੱਲ ਨਿਵੇਸ਼ ਦਾ ਮੌਜੂਦਾ ਮੁੱਲ ਘਟਾਓ ਸਾਲ ਦੇ ਅੰਤ ਵਿੱਚ ਕੁੱਲ ਨਿਵੇਸ਼

30 ਉਨ੍ਹਾਂ 20 ਐਸ ਪੀ ਐਸ ਈਜ਼ (ਜੀ ਸੀ ਓ ਸੀਜ਼ ਨੂੰ ਛੱਡ ਕੇ) ਜਿਥੇ ਰਾਜ ਸਰਕਾਰ ਦੁਆਰਾ ਫੰਡ ਨਿਵੇਸ਼ ਕੀਤੇ ਗਏ ਸਨ ਨਾਲ ਸਬੰਧਤ ਨਵੀਨਤਮ ਅੰਤਮ ਲੇਖਿਆਂ ਅਨੁਸਾਰ ਕੁੱਲ ਕਮਾਈ (ਲਾਭ/ਹਾਨੀ) ਦਰਸਾਇਆ ਗਿਆ ਹੈ।

31 ਵਿੱਤੀ ਸਾਲ 2010-11 ਦੀ ਸ਼ੁਰੂਆਤ ਵਿੱਚ ਪੰਜਾਬ ਸਰਕਾਰ ਦੁਆਰਾ ਇਤਿਹਾਸਕ ਲਾਗਤ ਦੇ ਅਧਾਰ ਤੇ ₹ 789.79 ਕਰੋੜ ਦਾ ਨਿਵੇਸ਼ ਹੈ।

32 ਸਾਲ 2017-18 ਲਈ ਲੇਖਿਆਂ ਨੂੰ ਅੰਤਮ ਰੂਪ ਦਿੰਦੇ ਹੋਏ, ਪੀ ਡਬਲਿਊ ਆਰ ਐਮ ਡੀ ਸੀ ਨੇ ਟਿਊਬਵੈਲਾਂ ਦੀ ਸਿੰਕਿਗ ਅਤੇ ਇਨਸਟਾਲੇਸ਼ਨ ਲਈ ਰਾਜ ਸਰਕਾਰ ਤੋਂ ਪ੍ਰਾਪਤ ₹ 97.97 ਕਰੋੜ ਦੀ ਪੂੰਜੀਗਤ ਅਨੁਦਾਨ ਨੂੰ ਮੁਲਤਵੀ ਆਮਦਨ ਮੰਨਿਆ ਜਿਸਨੂੰ ਪਹਿਲਾਂ "ਅਲਾਟਮੈਂਟ ਲਈ ਬਕਾਇਆ ਸ਼ੇਅਰ ਐਪਲੀਕੇਸ਼ਨ ਮਨੀ" ਮੰਨਿਆ ਜਾਂਦਾ ਰਿਹਾ ਸੀ।

## 2.5 ਹਾਨੀ ਉਠਾਉਣ ਵਾਲੇ ਐਸ ਪੀ ਐਸ ਈਜ਼

ਸਾਲ 2019-20 ਦੌਰਾਨ 13 ਐਸ ਪੀ ਐਸ ਈਜ਼ ਨੇ ਹਾਨੀ ਉਠਾਈ । ਹਾਨੀ ਸਾਲ 2018-19 ਦੌਰਾਨ ₹ 973.03 ਕਰੋੜ ਤੋਂ ਘੱਟ ਕੇ ਸਾਲ 2019-20 ਦੌਰਾਨ ₹ 488.36 ਕਰੋੜ ਰਹਿ ਗਈ ਜੋ ਹੇਠਾਂ ਦਿੱਤੀ **ਸਾਰਣੀ** 2.18 ਅਨੁਸਾਰ ਹੈ:

**ਸਾਰਣੀ 2.18: 2017-18 ਤੋਂ 2019-20 ਦੇ ਦੌਰਾਨ ਨੁਕਸਾਨ ਉਠਾਉਣ ਵਾਲੇ ਐਸ ਪੀ ਐਸ ਈਜ਼ ਦੀ ਸੰਖਿਆ**

| ਸਾਲ | ਨੁਕਸਾਨ ਉਠਾਉਣ ਵਾਲੇ ਐਸ ਪੀ ਐਸ ਈਜ਼ ਦੀ ਸੰਖਿਆ | ਸਾਲ ਦਾ ਨਿਰੋਲ ਘਾਟਾ (₹ ਕਰੋੜਾਂ ਵਿੱਚ) | ਸੰਚਿਤ ਘਾਟੇ (₹ ਕਰੋੜਾਂ ਵਿੱਚ) | ਨਿਰੋਲ ਮੁੱਲ (₹ ਕਰੋੜਾਂ ਵਿੱਚ) |
|---|---|---|---|---|
| ਸਰਕਾਰੀ ਕੰਪਨੀਆਂ | | | | |
| 2017-18 | 9 | (-) 2,131.74 | (-) 5,394.59 | (-) 5,002.12 |
| 2018-19 | 8 | (-) 967.41 | (-) 6,377.27 | (-) 5,991.46 |
| 2019-20 | 10 | (-) 479.61 | (-) 7,486.20 | (-) 6,999.91 |
| ਅਧਿਨਿਯਮਿਕ ਕਾਰਪੋਰੇਸ਼ਨਾਂ | | | | |
| 2017-18 | 3 | (-) 186.85 | (-) 1,598.54 | (-) 1,120.13 |
| 2018-19 | 2 | (-) 5.62 | (-) 405.54 | 38.39 |
| 2019-20 | 2 | (-) 8.57 | (-) 408.49 | 35.44 |
| ਸਰਕਾਰ ਦੁਆਰਾ ਨਿਯੰਤਰਿਤ ਹੋਰ ਕੰਪਨੀਆਂ | | | | |
| 2017-18 | ਪਹਿਲੇ ਲੇਖੇ ਪ੍ਰਾਪਤ ਨਹੀਂ ਹੋਏ | | | |
| 2018-19 | 0 | 0.00 | 0.00 | 0.00 |
| 2019-20 | 1 | (-) 0.18 | (-) 0.16 | (-) 0.15 |
| ਕੁੱਲ | | | | |
| **2017-18** | **12** | **(-) 2,318.59** | **(-) 6,993.13** | **(-) 6,122.25** |
| **2018-19** | **10** | **(-) 973.03** | **(-) 6,782.81** | **(-) 5,953.07** |
| **2019-20** | **13** | **(-) 488.36** | **(-) 7,894.85** | **(-) 6,964.62** |

13 ਐਸ ਪੀ ਐਸ ਈਜ਼ ਦੀ (-) ₹ 488.36 ਕਰੋੜ ਦੀ ਕੁੱਲ ਹਾਨੀ ਵਿੱਚੋਂ, (-) ₹ 435.96 ਕਰੋੜ ਦੀ ਹਾਨੀ ਉਨ੍ਹਾਂ ਚਾਰ ਐਸ ਪੀ ਐਸ ਈਜ਼ ਨਾਲ ਸੰਬੰਧਤ ਸੀ ਜੋ ਕਿ ਖੇਤੀਬਾੜੀ ਖੇਤਰ ਵਿੱਚ ਕੰਮ ਕਰ ਰਹੇ ਸੀ।

### 2.5.1 *ਐਸ ਪੀ ਐਸ ਈਜ਼ ਵਿੱਚ ਪੂੰਜੀ ਦਾ ਖੁਰਨਾ*

31 ਮਾਰਚ 2020 ਤੱਕ, 14 ਐਸ ਪੀ ਐਸ ਈਜ਼ ਕੋਲ (-) ₹ 9,065.73 ਕਰੋੜ ਦੇ ਸੰਚਿਤ ਘਾਟੇ ਸਨ। ਸਾਲ 2019-2020 ਦੌਰਾਨ 14 ਐਸ ਪੀ ਐਸ ਈਜ਼ ਵਿੱਚੋਂ, 11 ਐਸ ਪੀ ਐਸ ਈਜ਼ ਨੇ (-) ₹ 484.82 ਕਰੋੜ ਦੀ ਹਾਨੀ ਉਠਾਈ ਅਤੇ ਤਿੰਨ ਐਸ ਪੀ ਐਸ ਈਜ਼ ਨੇ ₹ 248.42 ਕਰੋੜ ਦਾ ਲਾਭ ਕਮਾਇਆ, ਭਾਵੇਂ ਉਨ੍ਹਾਂ ਦੇ ਸੰਚਿਤ ਘਾਟੇ (-) ₹ 1,135.64 ਕਰੋੜ ਸੀ।

14 ਵਿੱਚੋਂ 12 ਐਸ ਪੀ ਐਸ ਈਜ਼ ਦਾ ਨਿਰੋਲ ਮੁੱਲ ਸੰਚਿਤ ਘਾਟੇ ਕਾਰਨ ਪੂਰੀ ਤਰ੍ਹਾਂ ਖੁਰ ਗਿਆ ਸੀ ਅਤੇ ਉਨ੍ਹਾਂ ਦਾ ਨਿਰੋਲ ਮੁੱਲ ਨਕਾਰਾਤਮਕ ਹੋ ਗਿਆ ਸੀ। 31 ਮਾਰਚ 2020 ਨੂੰ ਇਨ੍ਹਾਂ 12 ਐਸ ਪੀ ਐਸ ਈਜ਼ ਦਾ ਨਿਰੋਲ ਮੁੱਲ ₹ 534.90 ਕਰੋੜ ਦੇ ਇਕਵਟੀ ਨਿਵੇਸ਼ ਦੇ ਵਿਰੁੱਧ (-) ₹ 8,298.86 ਕਰੋੜ ਸੀ। ਇਸ ਵਿੱਚ ਇੱਕ ਸੂਚੀਬੱਧ ਕੰਪਨੀ ਸ਼ਾਮਲ ਹੈ ਜਿਸ ਦਾ ਨਿਰੋਲ ਮੁੱਲ, ₹ 12.05 ਕਰੋੜ ਦੇ ਇਕਵਟੀ ਨਿਵੇਸ਼ ਦੇ ਵਿਰੁੱਧ (-) ₹ 14.83 ਕਰੋੜ ਸੀ।

31 ਮਾਰਚ 2020 ਤੱਕ 12 ਵਿੱਚੋਂ ਸੱਤ ਐਸ ਪੀ ਐਸ ਈਜ਼, ਜਿਨ੍ਹਾਂ ਦੀ ਪੂੰਜੀ ਖੁਰ ਗਈ ਸੀ, ਵਿੱਚ ₹ 25,091.95 ਕਰੋੜ ਦੀ ਸਰਕਾਰੀ ਕਰਜ਼ਿਆਂ ਦੀ ਰਕਮ ਬਕਾਇਆ ਸੀ।

# ਅਧਿਆਇ – III

# ਸੀ ਏ ਜੀ
# ਦੀ
# ਨਿਗਰਾਨੀ ਭੂਮਿਕਾ

## ਅਧਿਆਇ – III

## ਸੀ ਏ ਜੀ ਦੀ ਨਿਗਰਾਨੀ ਭੂਮਿਕਾ

### 3.1 ਰਾਜ ਸਾਰਵਜਨਿਕ ਖੇਤਰ ਦੇ ਅਦਾਰਿਆਂ (ਐਸ ਪੀ ਐਸ ਈਜ਼) ਦੀ ਲੇਖਾ ਪ੍ਰੀਖਿਆ

ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ (ਸੀ ਏ ਜੀ) ਕੰਪਨੀਜ਼ ਐਕਟ, 2013 ਦੀ ਧਾਰਾ 139 (5) ਅਤੇ (7) ਦੇ ਅਧੀਨ ਰਾਜ ਸਰਕਾਰ ਕੰਪਨੀ[1] ਅਤੇ ਰਾਜ ਸਰਕਾਰ ਦੁਆਰਾ ਨਿਯੰਤਰਿਤ ਹੋਰ ਕੰਪਨੀ, ਦੇ ਅਧਿਨਿਯਮਿਕ ਲੇਖਾ ਪਰੀਖਕਾਂ ਦੀ ਨਿਯੁਕਤੀ ਕਰਦੇ ਹਨ। ਭਾਰਤ ਦੇ ਸੀ ਏ ਜੀ ਨੂੰ ਪੂਰਕ ਲੇਖਾ ਪ੍ਰੀਖਿਆ ਕਰਨ ਅਤੇ ਉਸ ਤੇ ਟਿੱਪਣੀਆਂ ਜ਼ਾਰੀ ਜਾਂ ਅਧਿਨਿਯਮਿਕ ਲੇਖਾ ਪਰੀਖਕ ਦੀ ਲੇਖਾ ਪ੍ਰੀਖਿਆ ਰਿਪੋਰਟ ਨੂੰ ਪੂਰਕ ਕਰਨ ਦਾ ਅਧਿਕਾਰ ਹੈ। ਜੇਕਰ ਉਨ੍ਹਾਂ ਦੇ ਸਬੰਧਤ ਕਨੂੰਨਾਂ ਦੁਆਰਾ ਲੋੜੀਂਦਾ ਹੋਵੇ ਤਾਂ ਭਾਰਤ ਦੇ ਸੀ ਏ ਜੀ ਦੁਆਰਾ ਕਾਰਪੋਰੇਸ਼ਨ ਦੇ ਲੇਖਿਆਂ ਦੀ ਲੇਖਾ ਪ੍ਰੀਖਿਆ ਕੀਤੀ ਜਾਂਦੀ ਹੈ ਅਤੇ ਇੱਕ ਰਿਪੋਰਟ ਰਾਜ ਵਿਧਾਨ ਸਭਾ ਨੂੰ ਸੌਂਪੀ ਜਾਂਦੀ ਹੈ।

### 3.2 ਸੀ ਏ ਜੀ ਦੁਆਰਾ ਐਸ ਪੀ ਐਸ ਈਜ਼ ਦੇ ਅਧਿਨਿਯਮਿਕ ਲੇਖਾ ਪਰੀਖਕਾਂ ਦੀ ਨਿਯੁਕਤੀ

ਕੰਪਨੀਜ਼ ਐਕਟ, 2013 ਦੀ ਧਾਰਾ 139 (5) ਇਹ ਵਿਵਸਥਾ ਕਰਦਾ ਹੈ ਕਿ ਕਿਸੇ ਸਰਕਾਰੀ ਕੰਪਨੀ ਜਾਂ ਸਰਕਾਰ ਦੁਆਰਾ ਨਿਯੰਤਰਿਤ ਹੋਰ ਕੰਪਨੀ ਦੇ ਮਾਮਲੇ ਵਿੱਚ ਅਧਿਨਿਯਮਿਕ ਲੇਖਾ ਪਰੀਖਕ ਦੀ ਨਿਯੁਕਤੀ ਵਿੱਤੀ ਸਾਲ ਦੀ ਸ਼ੁਰੂਆਤ ਤੋਂ 180 ਦਿਨਾਂ ਦੇ ਅੰਦਰ ਭਾਰਤ ਦੇ ਸੀ ਏ ਜੀ ਦੁਆਰਾ ਕੀਤੀ ਜਾਣੀ ਚਾਹੀਦੀ ਹੈ।

ਸਾਲ 2019-20 ਲਈ ਕੰਪਨੀਜ਼ ਐਕਟ, 2013 ਅਧੀਨ ਰਜਿਸਟਰਡ ਐਸ ਪੀ ਐਸ ਈਜ਼ ਅਤੇ ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ ਦੇ ਅਧਿਨਿਯਮਿਕ ਲੇਖਾ ਪਰੀਖਕਾਂ ਦੀ ਨਿਯੁਕਤੀ ਸੀ ਏ ਜੀ ਦੁਆਰਾ ਅਗਸਤ 2019 ਦੌਰਾਨ ਕੀਤੀ ਗਈ ਸੀ। ਅੱਗੇ, ਪੰਜਾਬ ਵਿੱਤ ਕਾਰਪੋਰੇਸ਼ਨ ਦੇ ਅਧਿਨਿਯਮਿਕ ਲੇਖਾ ਪਰੀਖਕਾਂ ਦੀ ਨਿਯੁਕਤੀ ਰਿਜ਼ਰਵ ਬੈਂਕ ਆਫ ਇੰਡੀਆ ਦੁਆਰਾ ਪ੍ਰਵਾਨਿਤ ਲੇਖਾ ਪਰੀਖਕਾਂ ਦੇ ਪੈਨਲ ਵਿੱਚੋਂ ਜਨਰਲ ਮੀਟਿੰਗ ਵਿੱਚ ਸ਼ੇਅਰਧਾਰਕ ਦੁਆਰਾ ਕੀਤੀ ਜਾਂਦੀ ਹੈ।

### 3.3 ਐਸ ਪੀ ਐਸ ਈਜ਼ ਦੁਆਰਾ ਲੇਖਿਆਂ ਨੂੰ ਪੇਸ਼ ਕਰਨਾ

#### 3.3.1 *ਸਮੇਂ ਤੇ ਪੇਸ਼ ਕਰਨ ਦੀ ਜ਼ਰੂਰਤ*

ਕੰਪਨੀਜ਼ ਐਕਟ, 2013 ਦੀ ਧਾਰਾ 394 ਦੇ ਅਨੁਸਾਰ, ਕਿਸੇ ਸਰਕਾਰੀ ਕੰਪਨੀ ਦੀ ਕਾਰਗੁਜ਼ਾਰੀ ਅਤੇ ਮਾਮਲਿਆਂ ਸੰਬੰਧੀ ਸਲਾਨਾ ਰਿਪੋਰਟ ਉਸਦੀ ਸਲਾਨਾ ਜਨਰਲ ਮੀਟਿੰਗ (ਏ ਜੀ ਐਮ) ਦੇ ਤਿੰਨ ਮਹੀਨਿਆਂ ਦੇ ਅੰਦਰ ਤਿਆਰ ਕਰਨੀ ਹੁੰਦੀ ਹੈ ਅਤੇ ਇਸ ਤਿਆਰੀ ਤੋਂ ਬਾਅਦ ਜਿੰਨੀ ਜਲਦੀ ਹੋ ਸਕੇ ਰਾਜ ਵਿਧਾਨ ਸਭਾ ਦੇ ਸਦਨ ਜਾਂ ਦੋਵੇਂ ਸਦਨਾਂ ਵਿੱਚ ਲੇਖਾ ਪ੍ਰੀਖਿਆ ਰਿਪੋਰਟ ਦੀ ਕਾਪੀ ਸਮੇਤ ਅਤੇ ਭਾਰਤ ਦੇ ਸੀ ਏ ਜੀ ਵਲੋਂ ਲੇਖਾ ਪ੍ਰੀਖਿਆ ਰਿਪੋਰਟ ਤੇ ਕੀਤੀਆਂ ਗਈਆਂ ਟਿਪਣੀਆਂ ਜਾਂ

[1] ਕੰਪਨੀਜ਼ ਐਕਟ, 2013 ਦੀ ਧਾਰਾ 2(45) ਵਿੱਚ ਸਰਕਾਰੀ ਕੰਪਨੀ ਦਾ ਮਤਲਬ ਹੈ ਕਿ ਕੋਈ ਕੰਪਨੀ ਜਿਸ ਵਿੱਚ ਘੱਟੋ-ਘੱਟ 51 *ਪ੍ਰਤੀਸ਼ਤ* ਅਦਾ ਕੀਤੀ ਪੂੰਜੀ, ਕੇਂਦਰ ਸਰਕਾਰ ਜਾਂ ਕਿਸੇ ਰਾਜ ਸਰਕਾਰ ਜਾਂ ਆਂਸ਼ਿਕ ਰੂਪ ਵਿੱਚ ਕੇਂਦਰ ਸਰਕਾਰਾਂ ਅਤੇ ਆਂਸ਼ਿਕ ਰੂਪ ਵਿੱਚ ਇੱਕ ਜਾਂ ਵੱਧ ਰਾਜ ਸਰਕਾਰਾਂ ਦੀ ਹੋਵੇ ਅਤੇ ਇਸ ਵਿੱਚ ਉਹ ਕੰਪਨੀ ਜਿਹੜੀ ਅਜਿਹੀ ਸਰਕਾਰੀ ਕੰਪਨੀ ਦੀ ਸਹਾਇਕ ਕੰਪਨੀ ਹੈ, ਵੀ ਸ਼ਾਮਲ ਹੈ ।

ਪੂਰਕ ਵੱਜੋਂ ਲੇਖਾ ਪ੍ਰੀਖਿਆ ਰਿਪੋਰਟ ਪੇਸ਼ ਕਰਨੀ ਹੁੰਦੀ ਹੈ। ਲਗਭਗ ਇਹੋ ਜਿਹੇ ਪ੍ਰਾਵਧਾਨ, ਅਧਿਨਿਯਮਿਕ ਕਾਰਪੋਰੇਸ਼ਨਾਂ ਨੂੰ ਨਿਯਮਿਤ ਕਰਨ ਲਈ ਸੰਬੰਧਤ ਐਕਟ ਵਿੱਚ ਮੌਜੂਦ ਹਨ। ਇਹ ਕਾਰਜਵਿਧੀ ਰਾਜ ਦੇ ਕਨਸੋਲੀਡੇਟਿਡ ਫੰਡ ਵਿੱਚੋ ਕੰਪਨੀਆਂ ਵਿੱਚ ਨਿਵੇਸ਼ ਕੀਤੇ ਜਨਤਕ ਫੰਡਾਂ ਦੀ ਵਰਤੋਂ ਉਤੇ ਵਿਧਾਨ ਸਭਾ ਦਾ ਲੋੜੀਂਦਾ ਨਿਯੰਤਰਣ ਪ੍ਰਦਾਨ ਕਰਦੀ ਹੈ ।

ਕੰਪਨੀਜ਼ ਐਕਟ, 2013 ਦੀ ਧਾਰਾ 96 ਦੇ ਅਨੁਸਾਰ, ਹਰ ਕੰਪਨੀ ਨੂੰ ਕੈਲੇਡੰਰ ਸਾਲ ਵਿੱਚ ਇੱਕ ਵਾਰੀ ਸ਼ੇਅਰਧਾਰਕਾਂ ਦੀ ਏ ਜੀ ਐਮ ਕਰਵਾਣੀ ਲੋੜੀਂਦੀ ਹੈ । ਇਹ ਵੀ ਕਿਹਾ ਗਿਆ ਹੈ, ਕਿ ਇਕ ਏ ਜੀ ਐਮ ਅਤੇ ਅਗਲੀ ਦੀ ਤਰੀਕ ਵਿੱਚ 15 ਮਹੀਨੇ ਤੋਂ ਵੱਧ ਦਾ ਸਮਾਂ ਨਹੀਂ ਹੋਣਾ ਚਾਹੀਦਾ । ਇਸ ਤੋਂ ਅੱਗੇ, ਕੰਪਨੀਜ਼ ਐਕਟ, 2013 ਦੀ ਧਾਰਾ 129 ਵਿੱਚ ਕਿਹਾ ਗਿਆ ਹੈ ਕਿ ਵਿੱਤੀ ਸਾਲ ਦਾ ਲੇਖਾ ਪੜਤਾਲ ਕੀਤਾ ਵਿੱਤੀ ਵਿਵਰਣ ਉਨ੍ਹਾਂ ਦੇ ਵਿਚਾਰਣ ਲਈ ਉਕਤ ਏ ਜੀ ਐਮ ਵਿੱਚ ਰੱਖਿਆ ਜਾਣਾ ਚਾਹੀਦਾ ਹੈ।

ਕੰਪਨੀਜ਼ ਐਕਟ, 2013 ਦੀ ਧਾਰਾ 129 (7) ਦੇ ਤਹਿਤ ਕੰਪਨੀ ਦੇ ਡਾਇਰੈਕਟਰਾਂ ਸਮੇਤ ਉਹ ਵਿਅਕਤੀ ਜੋ ਕੰਪਨੀਜ਼ ਐਕਟ, 2013 ਦੀ ਧਾਰਾ 129 ਦੇ ਉਪਬੰਧਾ ਦੀ ਪਾਲਣਾ ਨਾ ਕਰਣ ਲਈ ਜਿੰਮੇਵਾਰ ਹੋਣਗੇ, ਉਨ੍ਹਾਂ ਨੂੰ ਜੁਰਮਾਨਾ ਲਗਾਉਣ ਅਤੇ ਕੈਦ ਦੀ ਵਿਵਸਥਾ ਕੀਤੀ ਗਈ ਹੈ।

ਉਪਰੋਕਤ ਦੇ ਬਾਵਜੂਦ, 31 ਦਸੰਬਰ 2020 ਤੱਕ ਵੱਖ-ਵੱਖ ਐਸ ਪੀ ਐਸ ਈਜ਼ ਦੇ ਸਾਲਾਨਾ ਲੇਖੇ ਬਕਾਇਆ ਸਨ, ਜਿਸਦਾ ਵੇਰਵਾ ਹੇਠਾਂ ਪੈਰੇ ਵਿੱਚ ਦਿੱਤਾ ਗਿਆ ਹੈ।

### 3.3.2 *ਰਾਜ ਸਰਕਾਰ ਕੰਪਨੀਆਂ ਅਤੇ ਰਾਜ ਸਰਕਾਰ ਦੁਆਰਾ ਨਿਯੰਤਰਿਤ ਹੋਰ ਕੰਪਨੀਆਂ ਦੇ ਲੇਖਿਆਂ ਨੂੰ ਤਿਆਰ ਕਰਨ ਵਿੱਚ ਸਮੇਂ ਸਾਰਤਾ*

31 ਮਾਰਚ 2020 ਤੱਕ, 42 ਰਾਜ ਸਰਕਾਰ ਕੰਪਨੀਆ (ਇੱਕ ਸੂਚੀਬੱਧ ਅਤੇ 41 ਗੈਰ ਸੂਚੀਬੱਧ) ਅਤੇ ਤਿੰਨ ਰਾਜ ਸਰਕਾਰ ਦੁਆਰਾ ਨਿਯੰਤਰਿਤ ਹੋਰ ਕੰਪਨੀਆਂ ਭਾਰਤ ਦੇ ਸੀ ਏ ਜੀ ਦੁਆਰਾ ਲੇਖਾ ਪ੍ਰੀਖਿਆ ਦੇ ਦਾਇਰੇ ਅਧੀਨ ਸਨ । ਇਨ੍ਹਾਂ ਵਿੱਚੋਂ ਸਾਰੀਆਂ 42 ਰਾਜ ਸਰਕਾਰ ਕੰਪਨੀਆਂ ਅਤੇ ਤਿੰਨ ਰਾਜ ਸਰਕਾਰ ਦੁਆਰਾ ਨਿਯੰਤਰਿਤ ਹੋਰ ਕੰਪਨੀਆਂ ਦੇ ਸਾਲ 2019-20 ਲਈ ਲੇਖੇ ਬਕਾਇਆ ਸਨ। ਕੁੱਲ 12 ਸਰਕਾਰੀ ਕੰਪਨੀਆਂ ਨੇ ਆਪਣੇ ਲੇਖੇ ਭਾਰਤ ਦੇ ਸੀ ਏ ਜੀ ਦੁਆਰਾ ਲੇਖਾ ਪ੍ਰੀਖਿਆ ਲਈ 31 ਦਸੰਬਰ 2020 ਨੂੰ ਜਾਂ ਇਸ ਤੋਂ ਪਹਿਲਾਂ ਪੇਸ਼ ਕੀਤੇ ਸਨ। 33 ਰਾਜ ਸਰਕਾਰ ਕੰਪਨੀਆਂ ਦੇ ਲੇਖੇ ਵੱਖ-ਵੱਖ ਕਾਰਣਾਂ ਕਰਕੇ ਬਕਾਇਆ ਸਨ। ਲੇਖੇ ਪੇਸ਼ ਕਰਨ ਵਿੱਚ ਬਕਾਇਆ ਦੇ ਵੇਰਵੇ ਹੇਠਾਂ ਦਿੱਤੇ ਗਏ ਹਨ:

**ਸਾਰਣੀ 3.1: ਰਾਜ ਸਰਕਾਰ ਕੰਪਨੀਆਂ ਅਤੇ ਰਾਜ ਸਰਕਾਰ ਦੁਆਰਾ ਨਿਯੰਤਰਿਤ ਹੋਰ ਕੰਪਨੀਆਂ ਦੁਆਰਾ ਲੇਖੇ ਪੇਸ਼ ਕਰਨ ਵਿੱਚ ਬਕਾਏ**

| ਵੇਰਵੇ | ਰਾਜ ਸਰਕਾਰ ਕੰਪਨੀਆਂ/ ਰਾਜ ਸਰਕਾਰ ਦੁਆਰਾ ਨਿਯੰਤਰਿਤ ਹੋਰ ਕੰਪਨੀਆਂ। | | |
|---|---|---|---|
| | ਰਾਜ ਸਰਕਾਰ ਕੰਪਨੀਆਂ | ਰਾਜ ਸਰਕਾਰ ਦੁਆਰਾ ਨਿਯੰਤਰਿਤ ਹੋਰ ਕੰਪਨੀਆਂ | ਕੁੱਲ |
| 31 ਮਾਰਚ 2020 ਤੱਕ ਸੀ ਏ ਜੀ ਦੁਆਰਾ ਲੇਖਾ ਪ੍ਰੀਖਿਆ ਦੇ ਦਾਇਰੇ ਅਧੀਨ ਕੰਪਨੀਆਂ ਦੀ ਕੁੱਲ ਗਿਣਤੀ | 42 | 3 | 45 |

| | | ਸੂਚੀਬੱਧ | ਗੈਰ-ਸੂਚੀਬੱਧ | ਸੂਚੀਬੱਧ | ਗੈਰ-ਸੂਚੀਬੱਧ | ਸੂਚੀਬੱਧ | ਗੈਰ-ਸੂਚੀਬੱਧ |
|---|---|---|---|---|---|---|---|
| ਸੂਚੀਬੱਧ/ਗੈਰ-ਸੂਚੀਬੱਧ | | 1 | 41 | - | 3 | 1 | 44 |
| *ਘਟਾਓ:* ਨਵੀ ਕੰਪਨੀਆਂ ਜਿਨ੍ਹਾਂ ਤੋਂ 2019-20 ਲਈ ਲੇਖੇ ਬਕਾਇਆ ਨਹੀਂ ਸਨ। | | - | - | - | - | - | - |
| ਕੰਪਨੀਆਂ ਦੀ ਗਿਣਤੀ ਜਿਨ੍ਹਾਂ ਤੋਂ ਸਾਲ 2019-20 ਲਈ ਲੇਖੇ ਬਕਾਇਆ[2] ਸਨ। | | 1 | 41 | - | 3 | 1 | 44 |
| ਕੰਪਨੀਆਂ ਦੀ ਗਿਣਤੀ ਜਿਨ੍ਹਾਂ ਨੇ 31 ਦਸੰਬਰ 2020 ਤੱਕ ਸੀ ਏ ਜੀ ਲੇਖਾ ਪ੍ਰੀਖਿਆ ਲਈ ਲੇਖਿਆਂ ਨੂੰ ਪੇਸ਼ ਕੀਤਾ। | | 1 | 11 | - | - | 1 | 11 |
| ਕੰਪਨੀਆਂ ਦੀ ਗਿਣਤੀ ਜਿੰਨ੍ਹਾਂ ਦੇ ਲੇਖੇ ਬਕਾਇਆ ਸਨ। | | - | 30 | - | 3 | - | 33 |
| ਬਕਾਇਆ ਦਾ ਵੰਡ | (i) ਲਿਕਵਿਡੇਸ਼ਨ ਅਧੀਨ | - | 4 | - | - | - | 4 |
| | (ii) ਬੰਦ ਹੋਈਆਂ | - | 12 | - | - | - | 12 |
| | (iii) ਪੇਸ਼ ਨਾ ਹੋਏ ਪਹਿਲੇ ਲੇਖੇ | - | - | - | - | - | - |
| | (iv) ਹੋਰ | - | 14 | - | 3 | - | 17 |
| 'ਹੋਰਾਂ' ਵਰਗ ਦੇ ਵਿੱਰੁਧ ਬਕਾਇਆ ਦਾ ਸਮੇਂ-ਵਾਰ ਵਿਸ਼ਲੇਸ਼ਣ | ਇਕ ਸਾਲ (2019-20) | - | 6 | - | 3 | - | 9 |
| | ਦੋ ਸਾਲ (2018-19 ਅਤੇ 2019-20) | - | 7 | - | - | - | 7 |
| | ਤਿੰਨ੍ਹ ਸਾਲ ਅਤੇ ਉਸ ਤੋਂ ਵੱਧ | - | 1 | - | - | - | 1 |

*ਸਰੋਤ: ਇਸ ਦਫਤਰ ਵਿੱਚ ਪ੍ਰਾਪਤ ਹੋਏ ਸਾਲਾਨਾ ਲੇਖਿਆਂ ਦੇ ਅਧਾਰ ਤੇ ਤਿਆਰ ਕੀਤੀ ।*

ਕੰਪਨੀਆਂ ਦੇ ਨਾਂ, ਜਿਨ੍ਹਾਂ ਦੇ ਲੇਖੇ ਬਕਾਇਆ ਸਨ ਨੂੰ, *ਅਨੁਲੱਗ 7* ਵਿੱਚ ਦਰਸਾਇਆ ਗਿਆ ਹੈ।

### 3.3.3 *ਅਧਿਨਿਯਮਿਕ ਕਾਰਪੋਰੇਸ਼ਨਾਂ ਦੁਆਰਾ ਲੇਖਿਆਂ ਨੂੰ ਤਿਆਰ ਕਰਨ ਵਿੱਚ ਸਮੇਂ ਸਾਰਤਾ*

ਅਧਿਨਿਯਮਿਕ ਕਾਰਪੋਰੇਸ਼ਨਾਂ ਦੀ ਲੇਖਾ ਪ੍ਰੀਖਿਆ ਉਨ੍ਹਾਂ ਦੇ ਆਪਣੇ ਵਿਧਾਨਾਂ ਅਨੁਸਾਰ ਨਿਯੰਤਰਿਤ ਕੀਤੀ ਜਾਂਦੀ ਹੈ। ਚਾਰ ਅਧਿਨਿਯਮਿਕ ਕਾਰਪੋਰੇਸ਼ਨਾਂ ਵਿੱਚੋਂ, ਸੀ ਏ ਜੀ ਪੰਜਾਬ ਅਨੁਸੂਚਿਤ ਜਾਤੀਆਂ ਭੋਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਅਤੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦਾ ਇਕੱਲਾ ਲੇਖਾ ਪਰੀਖਕ ਹੈ। ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ ਅਤੇ ਪੰਜਾਬ ਵਿੱਤੀ ਕਾਰਪੋਰੇਸ਼ਨ ਦੇ ਸੰਬੰਧ ਵਿੱਚ ਲੇਖਾ ਪ੍ਰੀਖਿਆ, ਅਧਿਨਿਯਮਿਕ ਲੇਖਾ ਪਰੀਖਕ ਅਤੇ ਪੂਰਕ ਲੇਖਾ ਪ੍ਰੀਖਿਆ ਭਾਰਤ ਦੇ ਸੀ ਏ ਜੀ ਦੁਆਰਾ ਕੀਤੀ ਜਾਂਦੀ ਹੈ। ਵਿੱਤ ਸਾਲ 2019-20 ਦੇ 31 ਦਸੰਬਰ 2020 ਤੱਕ ਕਿਸੇ ਵੀ ਅਧਿਨਿਯਮਿਕ ਕਾਰਪੋਰੇਸ਼ਨ ਨੇ ਆਪਣੇ ਲੇਖੇ ਪੇਸ਼ ਨਹੀਂ ਕੀਤੇ ਸਨ।

---

2 ਕੋਵਿਡ ਮਹਾਂਮਾਰੀ ਕਰਕੇ ਆਈਆਂ ਮੁਸ਼ਕਲਾਂ ਦੇ ਕਾਰਨ, ਵਿੱਤੀ ਸਾਲ 2019-20 ਲਈ ਸਲਾਨਾ ਜਨਰਲ ਮੀਟਿੰਗ ਦੇ ਆਯੋਜਨ ਦੀ ਨਿਰਧਾਰਤ ਮਿਤੀ, ਕੰਪਨੀਆਂ ਦੇ ਰਜਿਸਟਰਾਰ ਦੇ 8 ਸਤੰਬਰ 2020 ਦੇ ਆਰਡਰ ਅਨੁਸਾਰ, 31 ਦਸੰਬਰ 2020 ਤੱਕ ਵਧਾ ਦਿੱਤੀ ਗਈ ਹੈ।

ਅਧਿਨਿਯਮਿਕ ਕਾਰਪੋਰੇਸ਼ਨਾਂ ਦੇ ਲੇਖਿਆਂ ਦੇ ਬਕਾਇਆ ਦੀ ਸਥਿਤੀ *ਅਨੁਲੱਗ 7* ਵਿੱਚ ਦਰਸਾਈ ਗਈ ਹੈ।

## 3.4 ਸੀ ਏ ਜੀ ਦੀ ਨਿਗਰਾਨੀ– ਲੇਖਿਆਂ ਦੀ ਲੇਖਾ ਪ੍ਰੀਖਿਆ ਅਤੇ ਪੂਰਕ ਲੇਖਾ ਪ੍ਰੀਖਿਆ

### 3.4.1 *ਵਿੱਤੀ ਰਿਪੋਰਟਿੰਗ ਢਾਂਚਾ*

ਕੰਪਨੀਆਂ ਲਈ ਕੰਪਨੀਜ਼ ਐਕਟ, 2013 ਦੇ ਸ਼ੈਡਿਊਲ-III ਵਿੱਚ ਦਿੱਤੇ ਗਏ ਫਾਰਮੇਟ ਅਤੇ ਕੇਂਦਰ ਸਰਕਾਰ ਦੁਆਰਾ ਨਿਰਧਾਰਿਤ ਕੀਤੇ ਗਏ ਜ਼ਰੂਰੀ ਲੇਖਾਂ ਮਿਆਰਾਂ, ਜੋ ਕਿ ਲੇਖਾਂ ਮਿਆਰਾਂ ਤੇ ਰਾਸ਼ਟਰੀ ਸਲਾਹਕਾਰ ਕਮੇਟੀ, ਜਿਸ ਦਾ ਪੁਨਰ ਨਾਂ ਰਾਸ਼ਟਰੀ ਵਿੱਤੀ ਰਿਪੋਰਟਿੰਗ ਅਥਾਰਟੀ[3] ਹੈ, ਨਾਲ ਵਿਚਾਰ ਵਟਾਂਦਰਾ ਕਰਕੇ ਬਣਾਏ ਗਏ ਹਨ, ਦੀ ਪਾਲਣਾ ਕਰਦਿਆਂ ਵਿੱਤੀ ਵਿਵਰਣੀ ਤਿਆਰ ਕਰਨਾ ਜ਼ਰੂਰੀ ਹੈ। ਅਧਿਨਿਯਮਿਕ ਕਾਰਪੋਰੇਸ਼ਨਾਂ ਨੂੰ ਆਪਣੇ ਲੇਖਿਆਂ ਨੂੰ, ਭਾਰਤ ਦੇ ਸੀ ਏ ਜੀ ਦੀ ਸਲਾਹ ਨਾਲ ਅਤੇ ਕਾਰਪੋਰੇਸ਼ਨਾਂ ਨੂੰ ਗਵਰਨ ਕਰਦੇ ਐਕਟ ਵਿੱਚ ਲੇਖਿਆਂ ਸੰਬੰਧੀ ਕਿਸੇ ਹੋਰ ਖਾਸ ਉਪਬੰਧ ਅਨੁਸਾਰ, ਨਿਯਮਾਂ ਅਧੀਨ ਨਿਰਧਾਰਤ ਫਾਰਮੇਟ ਵਿੱਚ ਤਿਆਰ ਕਰਨਾ ਚਾਹੀਦਾ ਹੈ।

### 3.4.2 *ਅਧਿਨਿਯਮਿਕ ਲੇਖਾ ਪਰੀਖਕਾਂ ਦੁਆਰਾ ਰਾਜ ਸਰਕਾਰ ਕੰਪਨੀਆਂ ਦੇ ਲੇਖਿਆਂ ਦੀ ਲੇਖਾ ਪ੍ਰੀਖਿਆ*

ਕੰਪਨੀਜ਼ ਐਕਟ, 2013 ਦੀ ਧਾਰਾ 139 ਅਧੀਨ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੁਆਰਾ ਨਿਯੁਕਤ ਅਧਿਨਿਯਮਿਕ ਲੇਖਾ ਪਰੀਖਕ, ਰਾਜ ਸਰਕਾਰ ਕੰਪਨੀਆਂ ਦੇ ਲੇਖਿਆਂ ਦੀ ਲੇਖਾ ਪ੍ਰੀਖਿਆ ਕਰਦੇ ਹਨ ਅਤੇ ਕੰਪਨੀਜ਼ ਐਕਟ, 2013 ਦੀ ਧਾਰਾ 143 ਦੇ ਅਨੁਸਾਰ ਉਹਨ੍ਹਾਂ ਦੀਆਂ ਰਿਪੋਰਟਾਂ ਨੂੰ ਪੇਸ਼ ਕਰਦੇ ਹਨ।

ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਨਿਰੀਖਣ ਦੀ ਭੂਮਿਕਾ, ਸਾਰਵਜਨਿਕ ਖੇਤਰ ਦੇ ਅਦਾਰਿਆਂ ਦੀ ਲੇਖਾ ਪ੍ਰੀਖਿਆ ਵਿੱਚ ਅਧਿਨਿਯਮਿਕ ਲੇਖਾ ਪਰੀਖਕਾਂ ਦੇ ਕੰਮ ਦੀ ਨਿਗਰਾਨੀ ਇਕ ਸਮੁੱਚੇ ਉਦੇਸ਼ ਨਾਲ ਕਿ ਅਧਿਨਿਯਮਿਕ ਲੇਖਾ ਪਰੀਖਕ, ਦਿੱਤੇ ਗਏ ਕਾਰਜਾਂ ਨੂੰ ਸਹੀ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਉਂਦੇ ਹਨ, ਅਦਾ ਕਰਨ ਦੀ ਹੁੰਦੀ ਹੈ। ਇਸ ਕਾਰਜ ਨੂੰ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਭਾਇਆ ਜਾਂਦਾ ਹੈ:

- ਕੰਪਨੀਜ਼ ਐਕਟ, 2013 ਦੀ ਧਾਰਾ 143 (5) ਅਧੀਨ ਅਧਿਨਿਯਮਿਕ ਲੇਖਾ ਪਰੀਖਕਾਂ ਨੂੰ ਦਿਸ਼ਾ ਨਿਰਦੇਸ਼ ਜ਼ਾਰੀ ਕਰਨਾ ਅਤੇ
- ਕੰਪਨੀਜ਼ ਐਕਟ, 2013 ਦੀ ਧਾਰਾ 143 (6) ਅਧੀਨ ਅਧਿਨਿਯਮਿਕ ਲੇਖਾ ਪ੍ਰੀਖਿਆ ਰਿਪੋਰਟ ਨੂੰ ਪੂਰਕ ਜਾਂ ਇਸ ਤੇ ਟਿੱਪਣੀ ਕਰਨਾ ।

### 3.4.3 *ਸਰਕਾਰੀ ਕੰਪਨੀਆਂ ਦੇ ਲੇਖਿਆਂ ਦੀ ਪੂਰਕ ਲੇਖਾ ਪ੍ਰੀਖਿਆ*

ਕੰਪਨੀਜ਼ ਐਕਟ, 2013 ਜਾਂ ਹੋਰ ਸੰਬੰਧਤ ਐਕਟ ਅਧੀਨ ਨਿਰਧਾਰਤ ਵਿੱਤੀ ਰਿਪੋਰਟਿੰਗ ਢਾਂਚੇ ਦੇ ਅਨੁਸਾਰ ਵਿੱਤੀ ਵਿਵਰਣੀਆਂ ਨੂੰ ਤਿਆਰ ਕਰਨ ਦੀ ਮੁੱਖ ਜ਼ਿੰਮੇਵਾਰੀ ਇਕਾਈ ਦੇ ਪ੍ਰਬੰਧਨ ਦੀ ਹੁੰਦੀ ਹੈ।

---

[3] 1 ਅਕਤੂਬਰ 2018 ਤੋਂ ਪ੍ਰਭਾਵਸ਼ਾਲੀ ।

ਕੰਪਨੀਜ਼ ਐਕਟ, 2013 ਦੀ ਧਾਰਾ 139 ਅਧੀਨ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੁਆਰਾ ਨਿਯੁਕਤ ਕੀਤੇ ਗਏ ਅਧਿਨਿਯਮਿਕ ਲੇਖਾ ਪਰੀਖਕ ਕੰਪਨੀਜ਼ ਐਕਟ, 2013 ਦੀ ਧਾਰਾ 143 ਅਧੀਨ ਸੁਤੰਤਰ ਲੇਖਾ ਪ੍ਰੀਖਿਆ ਤੇ ਅਧਾਰਿਤ ਸਟੈਂਡਰਡ ਆਡੀਟਿੰਗ ਪਰੈਕਟਿਸਸ ਆਫ ਇੰਨਸਟੀਟਯੂਟ ਆਫ ਚਾਰਟਡ ਅਕਾਉਂਟੈਂਟਸ ਆਫ ਇੰਡੀਆ (ਆਈ ਸੀ ਏ ਆਈ) ਅਤੇ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੁਆਰਾ ਦਿੱਤੇ ਗਏ ਦਿਸ਼ਾ ਨਿਰਦੇਸ਼ਾਂ ਦੇ ਅਨੁਸਾਰ, ਵਿੱਤੀ ਵਿਵਰਣੀਆਂ ਉੱਤੇ ਮੱਤ ਜ਼ਾਹਰ ਕਰਨ ਲਈ ਜ਼ਿਮੇਵਾਰ ਹਨ। ਅਧਿਨਿਯਮਿਕ ਲੇਖਾ ਪਰੀਖਕਾਂ ਨੂੰ ਕੰਪਨੀਜ਼ ਐਕਟ, 2013 ਦੀ ਧਾਰਾ 143 ਅਧੀਨ ਲੇਖਾ ਪ੍ਰੀਖਿਆ ਰਿਪੋਰਟ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਨੂੰ ਪੇਸ਼ ਕਰਨੀ ਹੁੰਦੀ ਹੈ।

ਚੁਣੀਆ ਹੋਈਆਂ ਰਾਜ ਦੀਆਂ ਸਰਕਾਰੀ ਕੰਪਨੀਆਂ ਦੇ ਪ੍ਰਮਾਣਿਤ ਲੇਖਿਆਂ ਦੇ ਨਾਲ ਅਧਿਨਿਯਮਿਕ ਲੇਖਾ ਪਰੀਖਕਾਂ ਦੀ ਰਿਪੋਰਟ ਦੀ, ਭਾਰਤ ਦੇ ਸੀ ਏ ਜੀ ਦੁਆਰਾ ਪੂਰਕ ਲੇਖਾ ਪ੍ਰੀਖਿਆ ਰਾਹੀਂ ਸਮੀਖਿਆ ਕੀਤੀ ਜਾਂਦੀ ਹੈ। ਇਸ ਸਮੀਖਿਆ ਦੇ ਅਧਾਰ ਤੇ ਕੰਪਨੀਜ਼ ਐਕਟ, 2013 ਦੀ ਧਾਰਾ 143 (6) ਦੇ ਅਧੀਨ ਰਿਪੋਰਟ ਕੀਤੀਆ ਗਈਆਂ ਪ੍ਰਮੁੱਖ ਲੇਖਾ ਪ੍ਰੀਖਿਆ ਟਿੱਪਣੀਆਂ, ਜੇ ਕੋਈ ਹੋਣ, ਸਾਲਾਨਾ ਜਨਰਲ ਮੀਟਿੰਗ ਵਿੱਚ ਪੇਸ਼ ਕੀਤੀਆਂ ਜਾਂਦੀਆਂ ਹਨ।

## 3.5 ਸੀ ਏ ਜੀ ਦੀ ਨਿਗਰਾਨੀ ਭੂਮਿਕਾ ਦੇ ਨਤੀਜੇ

### 3.5.1 *ਕੰਪਨੀਜ਼ ਐਕਟ, 2013 ਦੀ ਧਾਰਾ 143 ਅਧੀਨ ਰਾਜ ਸਰਕਾਰ ਕੰਪਨੀਆਂ/ ਰਾਜ ਸਰਕਾਰ ਦੁਆਰਾ ਨਿਯੰਤਰਿਤ ਹੋਰ ਕੰਪਨੀਆਂ ਦੇ ਲੇਖਿਆਂ ਦੀ ਲੇਖਾ ਪ੍ਰੀਖਿਆ*

ਵਿੱਤੀ ਸਾਲ 2019-20 ਲਈ 12 ਕਾਰਜਸ਼ੀਲ ਰਾਜ ਸਰਕਾਰ ਕੰਪਨੀਆਂ ਦੇ ਲੇਖੇ 31 ਦਸੰਬਰ 2020 ਤੱਕ ਪ੍ਰਾਪਤ ਕੀਤੇ ਗਏ ਸਨ। ਇਨ੍ਹਾਂ ਵਿੱਚੋਂ, ਤਿੰਨ ਕੰਪਨੀਆਂ ਨੂੰ ਐਨ ਆਰ ਸੀ[4] ਜਾਰੀ ਕੀਤਾ ਗਿਆ ਅਤੇ ਨੌਂ ਕੰਪਨੀਆਂ[5] ਦੀ ਲੇਖਾ ਪ੍ਰੀਖਿਆ ਕੀਤੀ ਗਈ। ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੁਆਰਾ ਕੀਤੀ ਗਈ ਸਮੀਖਿਆ ਦੇ ਨਤੀਜਿਆਂ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ:

### 3.5.2 *ਰਾਜ ਸਰਕਾਰ ਕੰਪਨੀਆਂ ਤੇ ਅਧਿਨਿਯਮਿਕ ਲੇਖਾ ਪਰੀਖਕਾਂ ਰਿਪੋਰਟਾਂ ਨੂੰ ਪੂਰਕ ਕਰਦਿਆਂ ਸੀ ਏ ਜੀ ਦੁਆਰਾ ਜਾਰੀ ਕੀਤੀਆ ਮਹੱਤਵਪੂਰਨ ਟਿੱਪਣੀਆਂ*

ਅਧਿਨਿਯਮਿਕ ਲੇਖਾ ਪਰੀਖਕਾਂ ਦੁਆਰਾ ਸਾਲ 2019-20 ਲਈ ਵਿੱਤੀ ਵਿਵਰਣੀਆਂ ਦੀ ਲੇਖਾ ਪ੍ਰੀਖਿਆ ਤੋਂ ਬਾਅਦ, ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਨੇ ਰਾਜ ਸਰਕਾਰ ਕੰਪਨੀਆਂ ਦੀ ਵਿੱਤੀ ਵਿਵਰਣੀਆਂ ਦੀ ਪੂਰਕ ਲੇਖਾ ਪ੍ਰੀਖਿਆ ਕੀਤੀ । ਐਸ ਪੀ ਐਸ ਈਜ਼ ਦੀ ਸੂਚੀ ਜਿਨ੍ਹਾਂ ਦੇ ਸਬੰਧ ਵਿੱਚ ਟਿੱਪਣੀਆਂ ਜ਼ਾਰੀ ਕੀਤੀਆਂ ਗਈਆਂ ਸਨ, *ਅਨੁਲੱਗ 8* ਵਿੱਚ ਦਿੱਤੀਆਂ ਗਈਆਂ ਹਨ। ਰਾਜ ਸਰਕਾਰ ਕੰਪਨੀਆਂ ਦੀ ਵਿੱਤੀ ਵਿਵਰਣੀਆਂ ਤੇ ਜ਼ਾਰੀ ਮਹਤੱਵਪੂਰਨ ਟਿੱਪਣੀਆਂ ਹੇਠਾਂ ਦਿੱਤੀਆਂ ਗਈਆਂ ਹਨ। ਸੀ ਏ ਜੀ ਦੀਆਂ ਟਿੱਪਣੀਆਂ ਦਾ ਐਸ ਪੀ ਐਸ ਈਜ਼ ਦੇ ਲਾਭ ਉੱਤੇ ਵਿੱਤੀ ਪ੍ਰਭਾਵ ₹ 1,339.15 ਕਰੋੜ[6] ਸੀ।

---

4 ਗੈਰ-ਸਮੀਖਿਆ ਸਰਟੀਫਿਕੇਟ

5 ਦੋ ਐਸ ਪੀ ਐਸ ਈਜ਼: ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਲਿਮਟਡ ਅਤੇ ਪੰਜਾਬ ਐਗਰੋ ਜੂਸਜ਼ ਲਿਮਟਡ ਤੇ ਟਿੱਪਣੀਆਂ ਨੂੰ ਅੰਤਮ ਰੂਪ ਦਿੱਤਾ ਜਾ ਰਿਹਾ ਹੈ।

6 ਪੀ ਐਸ ਟੀ ਸੀ ਐਲ: ₹ 70.84 ਕਰੋੜ + ਪੀ ਐਸ ਪੀ ਸੀ ਐਲ: ₹ 1,268.31 ਕਰੋੜ।

**ਸਾਰਣੀ 3.2: ਲਾਭ ਤੇ ਟਿੱਪਣੀਆਂ**

| ਲੜੀ ਨੰ. | ਕੰਪਨੀ ਦਾ ਨਾਂ | ਟਿੱਪਣੀਆਂ |
|---|---|---|
| 1. | ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ | ਕੰਪਨੀ ਨੇ ਆਪਣੀ ਲੇਖਾ ਨੀਤੀ ਅਨੁਸਾਰ ਡੀਲੇਅਡ ਪੇਮੈਂਟ ਸਰਚਾਰਜਿਜ਼ (ਡੀ ਪੀ ਐਸ) ਨੂੰ ਐਕਰੂਅਲ ਆਧਾਰ ਤੇ ਅਕਾਊਂਟ ਫਾਰ ਨਹੀਂ ਕੀਤਾ। ਇਸ ਦੇ ਸਿੱਟੇ ਵੱਜੋਂ ਵਪਾਰ ਪ੍ਰਾਪਤੀਆਂ ਨੂੰ ਘੱਟ ਅਤੇ ਹਾਨੀ ਨੂੰ ₹ 53.86 ਕਰੋੜ ਜਿਆਦਾ ਦਿਖਾਇਆ ਗਿਆ ਸੀ। |
| 2. | ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ | ਪੰਜਾਬ ਰਾਜ ਬਿਜਲੀ ਰੈਗੂਲੇਟਰੀ ਅਥਾਰਟੀ ਨੇ ਜਨਵਰੀ 2020 ਤੋਂ ਦਸੰਬਰ 2020 ਦੇ ਸਮੇਂ ਦੌਰਾਨ ਵੱਖ-ਵੱਖ ਵਰਗ ਦੇ ਖਪਤਕਾਰਾਂ ਤੋਂ ਸਰਚਾਰਜ ਦੇ ਰੂਪ ਵਿੱਚ ਕੈਰੀਇੰਗ ਲਾਗਤ ਦੀ ਵਸੂਲੀ ਦੀ ਅਨੁਮਤੀ ਦਿੱਤੀ। ਕੰਪਨੀ ਵਲੋਂ ਅਪ੍ਰੈਲ 2020 ਤੋਂ ਦਸੰਬਰ 2020 ਦੇ ਸਮੇਂ ਨਾਲ ਸੰਬੰਧਤ ₹ 1,177.40 ਕਰੋੜ ਦੀ ਰਾਸ਼ੀ ਦੀ ਕੈਰੀਇੰਗ ਲਾਗਤ ਨੂੰ ਵੀ ਮੌਜੂਦਾ ਸਾਲ (2019-20) ਦੀ ਆਮਦਨੀ ਵਜੋਂ ਆਪਣੀ ਲੇਖਾ ਨੀਤੀ ਦੀ ਉਲੰਘਣਾ ਵਿੱਚ ਬੁੱਕ ਕੀਤਾ ਗਿਆ। ਇਸ ਦੇ ਸਿੱਟੇ ਵਜੋਂ ਹਾਨੀ ਨੂੰ ਉਸ ਰਾਸ਼ੀ ਨਾਲ ਘੱਟ ਦਿਖਾਇਆ ਗਿਆ ਸੀ। |
| | | ਪ੍ਰਸ਼ਾਸਨਿਕ ਅਤੇ ਆਮ ਖਰਚੇ ਵਿੱਚ ਪੰਜਾਬ ਪ੍ਰਦੂਸ਼ਣ ਨਿਯੰਤਰਣ ਬੋਰਡ ਨੂੰ ਦਿੱਤੀ ਜਾਣ ਵਾਲੀ ₹ 2.18 ਕਰੋੜ ਦੀ ਕੰਨਸੈਂਟ ਫੀਸ ਸ਼ਾਮਲ ਨਹੀਂ ਸੀ। |
| | | ਰਾਜ ਸਰਕਾਰ ਨੂੰ ਭੁਗਤਾਨਯੋਗ ਗਰੰਟੀ ਖਰਚਿਆਂ ਅਤੇ ਪੀ ਐਸ ਟੀ ਸੀ ਐਲ ਨੂੰ ਦੇਰੀ ਨਾਲ ਭੁਗਤਾਨ ਸਰਚਾਰਜ ਦੇ ਘੱਟ ਲੇਖਾ-ਜੋਖਾ ਕਾਰਨ ਵਿੱਤੀ ਲਾਗਤ ₹ 85.36 ਕਰੋੜ ਤੋਂ ਘੱਟ ਦਿਖਾਈ ਗਈ। ਨਤੀਜੇ ਵਜੋਂ ਨੁਕਸਾਨ ਨੂੰ ਉਸ ਰਾਸ਼ੀ ਨਾਲ ਘੱਟ ਦਿਖਾਇਆ ਗਿਆ ਸੀ। |

***ਸਰੋਤ: ਸੀ ਏ ਜੀ ਦੁਆਰਾ ਐਸ ਪੀ ਐਸ ਈਜ਼ ਦੀ ਅੰਤਮ ਰੂਪ ਦਿੱਤੀਆਂ ਵਿੱਤੀ ਵਿਵਰਣੀਆਂ ਉੱਤੇ ਟਿੱਪਣੀਆਂ ।***

**ਸਾਰਣੀ 3.3: ਵਿੱਤੀ ਸਥਿਤੀ ਤੇ ਟਿੱਪਣੀਆਂ**

| ਲੜੀ ਨੰ. | ਕੰਪਨੀ ਦਾ ਨਾਂ | ਟਿੱਪਣੀਆਂ |
|---|---|---|
| 1. | ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ | ਕੰਪਨੀ ਦੇ ਬੋਰਡ ਆਫ ਡਾਇਰੈਕਟਰਜ਼ ਦੇ ਫੈਸਲੇ ਅਨੁਸਾਰ ਵੱਟੇ ਖਾਤੇ ਪਾਉਣ ਵਾਲਾ ₹ 1.64 ਕਰੋੜ ਦਾ ਖਰਚਾ, ਚੱਲ ਰਹੇ ਪੂੰਜੀਗਤ ਖਾਤੇ ਵਿੱਚ ਸ਼ਾਮਲ ਸੀ। ਨਤੀਜੇ ਵੱਜੋਂ ਹਾਨੀ ਨੂੰ ਇਸ ਰਾਸ਼ੀ ਨਾਲ ਘੱਟ ਦੱਸਿਆ ਗਿਆ ਸੀ । |
| | | ਪੰਜਾਬ ਪਾਵਰ ਸੈਕਟਰ ਰਿਫਾਰਮਜ਼ ਟਰਾਂਸਫਰ ਸਕੀਮ 2010 ਨੂੰ ਲਾਗੂ ਕਰਨ ਨਾਲ ₹ 338.97 ਕਰੋੜ ਦੇ ਖਪਤਕਾਰ ਦੇ ਯੋਗਦਾਨ, ਅਨੁਦਾਨਾਂ ਅਤੇ ਉਪਦਾਨਾਂ ਨੂੰ ਗਲਤੀ ਨਾਲ ਕੰਪਨੀ ਦੀ ਇਕਵਟੀ ਵਿੱਚ ਰਾਜ ਸਰਕਾਰ ਦੀ ਪੂੰਜੀ ਵਿੱਚ ਤਬਦੀਲ ਕਰ ਦਿੱਤਾ ਸੀ। ਇਸ ਤਰ੍ਹਾਂ ਇਕਵਟੀ ਪੂੰਜੀ ਨੂੰ ਜ਼ਿਆਦਾ ਅਤੇ ਉਸੇ ਰਕਮ ਦੁਆਰਾ ਹੋਰ ਇਕਵਟੀ ਨੂੰ ਘੱਟ ਦੱਸਿਆ ਗਿਆ ਸੀ। |
| 2. | ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ | ਕੰਪਨੀ ਨੇ ਕੰਸਲਟੈਂਸੀ ਸੇਵਾਵਾਂ ਦੇ ਵਰਕ ਆਡਰ ਨੂੰ ਸਮਾਪਤ ਕਰ ਦਿੱਤਾ। ਕੰਪਨੀ ਦੇ ਬੋਰਡ ਆਫ ਡਾਇਰੈਕਟਰਜ਼ ਦੇ ਫੈਸਲੇ ਦੇ ਅਨੁਸਾਰ ₹ 3.37 ਕਰੋੜ ਦਾ ਕੀਤਾ ਸਾਰਾ ਖਰਚਾ ਵੱਟੇ ਖਾਤੇ ਪਾਉਣਾ ਸੀ। ਜਦਕਿ, ਇਹ ਨਹੀਂ ਕੀਤਾ ਗਿਆ। ਇਸ ਪ੍ਰਕਾਰ, ਹੋਰ ਗੈਰ-ਚਾਲੂ ਸੰਪਤੀਆਂ ਨੂੰ ਜ਼ਿਆਦਾ ਅਤੇ ₹ 3.37 ਕਰੋੜ ਦੀ ਹਾਨੀ ਨੂੰ ਘੱਟ ਦੱਸਿਆ ਗਿਆ ਸੀ । |

***ਸਰੋਤ: ਸੀ ਏ ਜੀ ਦੁਆਰਾ ਐਸ ਪੀ ਐਸ ਈਜ਼ ਦੀ ਅੰਤਮ ਰੂਪ ਦਿੱਤੀਆਂ ਵਿੱਤੀ ਵਿਵਰਣੀਆਂ ਉੱਤੇ ਟਿੱਪਣੀਆਂ ।***

**ਸਾਰਣੀ 3.4: ਖੁਲਾਸਿਆਂ ਤੇ ਟਿੱਪਣੀਆਂ**

| ਲੜੀ ਨੰ. | ਕੰਪਨੀ ਦਾ ਨਾਂ | ਟਿੱਪਣੀਆਂ |
|---|---|---|
| 1. | ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ | ਮਾਈਕਰੋ, ਸਮਾਲ ਅਤੇ ਮੀਡੀਅਮ ਇੰਟਰਪਰਾਈਜ਼ਜ਼ ਡਿਵਲੈਪਮੈਂਟ ਐਕਟ, 2006 ਦੇ ਅਨੁਸਾਰ, ਐਕਟ ਵਿੱਚ ਆਉਂਦੀਆਂ ਫਰਮਾਂ ਦੇ ₹ 4.80 ਕਰੋੜ ਦੇ ਦੇਰੀ ਨਾਲ ਕੀਤੇ ਭੁਗਤਾਨ ਦਾ ਖੁਲਾਸਾ ਕਰਨਾ ਚਾਹੀਦਾ ਹੈ। ਜਦੋਂ ਕਿ ਇਹ ਤਿੰਨ ਫਰਮਾਂ ਦੇ ਮਾਮਲੇ ਵਿੱਚ ਨਹੀਂ ਕੀਤਾ ਗਿਆ ਸੀ। |

*ਸਰੋਤ: ਸੀ ਏ ਜੀ ਦੁਆਰਾ ਐਸ ਪੀ ਐਸ ਈਜ਼ ਦੀ ਅੰਤਮ ਰੂਪ ਦਿੱਤੀਆਂ ਵਿੱਤੀ ਵਿਵਰਣੀਆਂ ਉੱਤੇ ਟਿੱਪਣੀਆਂ ।*

## 3.6 ਲੇਖਾ ਮਿਆਰਾਂ/ਇੰਡ ਏ ਐਸ ਦੇ ਉਪਬੰਧਾਂ ਦੀ ਪਾਲਣਾ ਨਾ ਕਰਨਾ

ਕੰਪਨੀਜ਼ ਐਕਟ, 2013 ਦੀ ਧਾਰਾ 469 ਅਧੀਨ ਦਿੱਤੀਆ ਗਈਆਂ ਸ਼ਕਤੀਆਂ ਦੀ ਵਰਤੋਂ ਵਿੱਚ, ਉਪਰੋਕਤ ਐਕਟ ਦੀ ਧਾਰਾ 129 (1), ਧਾਰਾ 132 ਅਤੇ ਧਾਰਾ 133 ਨਾਲ ਪੜ੍ਹਦੇ ਹੋਏ, ਕੇਂਦਰ ਸਰਕਾਰ ਨੇ 1 ਤੋਂ 7 ਅਤੇ 9 ਤੋਂ 29 ਲੇਖਾ ਮਿਆਰਾਂ ਨੂੰ ਨਿਰਧਾਰਿਤ ਕੀਤਾ । ਇਸ ਤੋਂ ਇਲਾਵਾ, ਕੇਂਦਰ ਸਰਕਾਰ ਨੇ ਕੰਪਨੀਜ਼ (ਭਾਰਤੀ ਲੇਖਾ ਮਿਆਰਾਂ) ਨਿਯਮਾਂ 2015 ਅਤੇ ਕੰਪਨੀਜ਼ (ਭਾਰਤੀ ਲੇਖਾ ਮਿਆਰਾਂ) (ਸੋਧ) ਨਿਯਮ, 2016 ਦੇ ਰਾਹੀ 41 ਭਾਰਤੀ ਲੇਖਾ ਦੇ ਮਿਆਰਾਂ (ਇੰਡ ਏ ਐਸ) ਨੂੰ ਅਧਿਸੂਚਿਤ ਕੀਤਾ। ਅਧਿਨਿਯਮਿਕ ਲੇਖਾ ਪਰੀਖਕਾਂ ਦੁਆਰਾ ਰਿਪੋਰਟ ਕੀਤੇ ਗਏ ਲੇਖਾ ਮਿਆਰਾਂ/ਇੰਡ ਏ ਐਸ ਦਾ ਗੈਰ ਅਨੁਪਾਲਣ ***ਅਨੁਲੱਗ 9*** ਵਿੱਚ ਸੂਚੀਬੱਧ ਹੈ।

ਪੂਰਕ ਲੇਖਾ ਪ੍ਰੀਖਿਆ ਦੇ ਸਮੇਂ ਦੌਰਾਨ, ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਨੇ ਵੇਖਿਆ ਕਿ ਹੇਠਾਂ ਲਿਖਤ ਕੰਪਨੀਆਂ ਨੇ ਵੀ ਲੇਖਾ ਮਿਆਰਾਂ/ਇੰਡ ਏ ਐਸ, ਦੀ ਪਾਲਣਾ ਨਹੀਂ ਕੀਤੀ ਸੀ, ਜੋ ਕਿ ਉਨ੍ਹਾਂ ਦੇ ਅਧਿਨਿਯਮਿਕ ਲੇਖਾ ਪਰੀਖਕਾਂ ਦੁਆਰਾ ਰਿਪੋਰਟ ਨਹੀਂ ਕੀਤਾ ਗਿਆ ਸੀ :

**ਸਾਰਣੀ 3.5: ਲੇਖਾ ਮਿਆਰਾਂ/ਇੰਡ ਏ ਐਸ ਦੀ ਗੈਰ ਅਨੁਪਾਲਣਾ**

| ਕੰਪਨੀ ਦਾ ਨਾਂ | ਲੇਖਾ ਮਿਆਰ/ ਇੰਡ ਏ ਐਸ | ਮਿਆਰ/ ਇੰਡ ਏ ਐਸ | ਫੇਰ-ਬਦਲ |
|---|---|---|---|
| ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ | ਇੰਡ ਏ ਐਸ −108 | ਓਪਰੇਟਿੰਗ ਸੈਗਮੈਂਟਸ | ਖੁਲਾਸੇ ਵਿੱਚ ਇਸ ਹੱਦ ਤੱਕ ਕਮੀ ਸੀ ਕਿ ਓਪਰੇਟਿੰਗ ਸੈਗਮੈਂਟ ਨਾਲ ਸੰਬੰਧਤ ਬਿਜਲੀ ਦੀ ਪੈਦਾਵਾਰ ਅਤੇ ਵੰਡ ਦੀ ਇੰਡ ਏ ਐਸ −108 ਦੀ ਜ਼ਰੂਰਤ ਅਨੁਸਾਰ, ਵਿਸਥਾਰਤ ਸੂਚਨਾ (ਜਿਵੇ ਕਿ: ਸੈਗਮੈਂਟ ਦੇ ਨਤੀਜੇ, ਸੰਪਤੀ ਅਤੇ ਦੇਣਦਾਰੀ ਆਦਿ) ਦਾ ਖੁਲਾਸਾ ਨਹੀਂ ਕੀਤਾ ਗਿਆ ਸੀ। |
| | ਇੰਡ ਏ ਐਸ -37 | ਵਿਵਸਥਾਵਾਂ, ਅਚੇਤ ਦੇਣਦਾਰੀਆਂ ਅਤੇ ਅਚੇਤ ਜਾਇਦਾਦਾਂ | ਦਾਮੋਦਰ ਵੈਲੀ ਕਾਰਪੋਰੇਸ਼ਨ ਨੇ 23 ਫਰਵਰੀ 2017 ਤੋਂ 25 ਮਾਰਚ 2018 ਤੱਕ ਦੇ ਨਾਨ-ਸ਼ਡਿਊਲਿੰਗ ਸਮੇਂ ਲਈ ਨਿਰਧਾਰਤ ਲਾਗਤ ਦਾ ਦਾਅਵਾ ਕੀਤਾ ਸੀ। ਪਟੀਸ਼ਨ ਕੇਂਦਰੀ ਬਿਜਲੀ ਰੈਗੂਲੇਟਰੀ ਕਮਿਸ਼ਨ ਕੋਲ ਪੈਡਿੰਗ ਸੀ। ਜਦੋਂ ਕਿ ਇਨ੍ਹਾਂ ਦਾ ਕੰਪਨੀ ਦੀ ਲੇਖਾ ਨੀਤੀ ਅਨੁਸਾਰ ਖੁਲਾਸਾ ਨਹੀਂ ਕੀਤਾ ਗਿਆ ਸੀ। |
| ਪੰਜਾਬ ਰਾਜ ਕੰਟੇਨਰ ਅਤੇ ਵੇਅਰਹਾਊਸਿੰਗ ਕਾਰਪੋਰੇਸ਼ਨ | ਇੰਡ ਏ ਐਸ -17 | ਪੱਟੇ | ਕੰਪਨੀ ਨੇ ₹ 35.00 ਕਰੋੜ ਦੀ ਅਪ-ਫਰੰਟ ਫੀਸ ਨੂੰ ਇੰਡ ਏ ਐਸ 17 ਦੁਆਰਾ ਨਿਰਧਾਰਤ 15 ਸਾਲਾਂ ਦੇ ਪੱਟੇ ਸਮੇਂ ਦੀ ਬਜਾਏ 10 ਸਾਲਾਂ ਵਿੱਚ ਸਟਰੇਟ ਲਾਈਨ ਵਿਧੀ ਉਤੇ ਅਕਾਉਂਟ ਕੀਤਾ ਸੀ। ਇਸ ਦੇ ਨਤੀਜੇ ਵਜੋਂ ਹੋਰ |

| | | | |
|---|---|---|---|
| | | | ਇਕਵਟੀ ਨੂੰ ਜ਼ਿਆਦਾ ਅਤੇ ਹੋਰ ਗੈਰ ਚਾਲੂ ਦੇਣਦਾਰੀਆਂ ਨੂੰ ₹ 4.28 ਕਰੋੜ ਨਾਲ ਘੱਟ ਦਿਖਾਇਆ ਗਿਆ ਸੀ। |
| ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ | ਇੰਡ ਏ ਐਸ-109 | ਵਿੱਤੀ ਸਾਧਨ | ਇੰਡ ਏ ਐਸ -109 ਦੀ ਪਾਲਣਾ ਨਾ ਕਰਦੇ ਹੋਏ ਕੰਪਨੀ ਨੇ ਖਰਚ ਕੀਤੀ ₹ 29.90 ਕਰੋੜ ਦੀ ਗਰੰਟੀ ਫੀਸ ਨੂੰ ਸੰਬੰਧਤ ਕਰਜ਼ੇ ਦੇ ਸੰਬੰਧਤ ਕਾਰਜਕਾਲ ਉਤੇ ਅਮੋਰਟਾਈਜ਼ ਕਰਨ ਦੇ ਬਜਾਏ ਸਾਲ ਦੌਰਾਨ ਬੁਕ ਕੀਤਾ ਸੀ । ਇਸ ਦੁਆਰਾ ਚਾਲੂ ਸੰਪਤੀਆਂ ਨੂੰ ₹ 4.13 ਕਰੋੜ ਨਾਲ ਘੱਟ ਦਿਖਾਇਆ ਗਿਆ: ਗੈਰ ਚਾਲੂ ਸੰਪਤੀਆਂ ਨੂੰ ₹ 14.49 ਕਰੋੜ ਨਾਲ ਘੱਟ ਦਿਖਾਇਆ ਗਿਆ: ਅਤੇ ਘਾਟੇ ਨੂੰ ₹ 18.62 ਕਰੋੜ ਨਾਲ ਜ਼ਿਆਦਾ ਦਿਖਾਇਆ ਗਿਆ। |

***ਸਰੋਤ: ਸੀ ਏ ਜੀ ਦੁਆਰਾ ਅੰਤਿਮ ਰੂਪ ਦਿੱਤੀਆਂ ਟਿੱਪਣੀਆਂ।***

## 3.7 ਪ੍ਰਬੰਧਨ ਪੱਤਰ

ਵਿੱਤੀ ਲੇਖਾ ਪ੍ਰੀਖਿਆ ਦਾ ਇਕ ਉਦੇਸ਼ ਵਿੱਤੀ ਵਿਵਰਣੀਆਂ ਦੀ ਲੇਖਾ ਪ੍ਰੀਖਿਆ ਤੋਂ ਪੈਦਾ ਹੋਏ ਲੇਖਾ ਪ੍ਰੀਖਿਆ ਮਾਮਲਿਆਂ ਨੂੰ ਲੇਖਾ ਪਰੀਖਕ ਅਤੇ ਜਿਹੜੇ ਕਾਰਪੋਰੇਟ ਇਕਾਈ ਦੇ ਸ਼ਾਸਨ ਲਈ ਜ਼ਿੰਮੇਵਾਰ ਹਨ, ਉਨ੍ਹਾਂ ਵਿੱਚ ਸੰਚਾਰ ਪੈਦਾ ਕਰਨਾ ਹੈ।

ਕੰਪਨੀਜ਼ ਐਕਟ, 2013 ਦੀ ਧਾਰਾ 143(6) ਦੇ ਅਧੀਨ ਭਾਰਤ ਦੇ ਸੀ ਏ ਜੀ ਦੁਆਰਾ ਐਸ ਪੀ ਐਸ ਈਜ਼ ਦੀਆਂ ਵਿੱਤੀ ਵਿਵਰਣੀਆਂ ਤੇ ਮਹੱਤਵਪੂਰਣ ਨਿਰੀਖਣਾਂ ਨੂੰ ਟਿੱਪਣੀਆਂ ਦੇ ਤੌਰ ਤੇ ਦੱਸਿਆ ਗਿਆ ਸੀ। ਇਹਨ੍ਹਾਂ ਟਿੱਪਣੀਆਂ ਤੋਂ ਇਲਾਵਾ, ਭਾਰਤ ਦੇ ਸੀ ਏ ਜੀ ਦੁਆਰਾ ਵਿੱਤੀ ਰਿਪੋਰਟਾਂ ਜਾਂ ਰਿਪੋਰਟਿੰਗ ਪ੍ਰਕਿਰਿਆ ਵਿੱਚ ਬੇਨਿਯਮੀਆਂ ਜਾਂ ਕਮੀਆਂ ਸੋਧਮਈ ਕਾਰਵਾਈ ਕਰਨ ਵਾਸਤੇ 'ਪ੍ਰਬੰਧਨ ਪੱਤਰ' ਦੁਆਰਾ ਪ੍ਰਬੰਧਨ ਨੂੰ ਭੇਜੀਆਂ ਗਈਆਂ ਸਨ। ਇਹ ਕਮੀਆਂ ਆਮ ਤੌਰ ਤੇ ਨਿਮਨਲਿਖਤ ਨਾਲ ਸੰਬੰਧਤ ਸਨ:

- ਲੇਖਾ ਨੀਤੀਆਂ ਅਤੇ ਅਭਿਆਸਾਂ ਦੀ ਵਰਤੋਂ ਅਤੇ ਵਿਆਖਿਆ;
- ਲੇਖਾ ਪ੍ਰੀਖਿਆ ਤੋਂ ਉੱਤਪਨ ਹੋਣ ਵਾਲੀਆਂ ਐਡਜੈਸਟਮੈਂਟਸ ਜਿਨ੍ਹਾਂ ਦਾ ਪ੍ਰਮੁੱਖ ਪ੍ਰਭਾਵ ਵਿੱਤੀ ਵਿਵਰਣੀਆ ਤੇ ਪੈ ਸਕਦਾ ਹੈ; ਅਤੇ
- ਕੁਝ ਜਾਣਕਾਰੀ ਦਾ ਨਾਕਾਫ਼ੀ ਜਾਂ ਗੈਰ–ਪ੍ਰਗਟਾਵਾ ਜਿਸ ਤੇ ਸੰਬੰਧਤ ਐਸ ਪੀ ਐਸ ਈਜ਼ ਦੇ ਪ੍ਰਬੰਧਨ ਨੇ ਭਰੋਸਾ ਦਿੱਤਾ ਸੀ ਕਿ ਅਗਲੇ ਸਾਲ ਵਿੱਚ ਸੋਧਮਈ ਕਾਰਵਾਈ ਕੀਤੀ ਜਾਵੇਗੀ।

ਸਾਲ ਦੇ ਦੌਰਾਨ, ਪੂਰਕ ਲੇਖਾ ਪ੍ਰੀਖਿਆ ਦੌਰਾਨ ਵੇਖੀਆਂ ਗਈਆਂ ਵਿੱਤੀ ਰਿਪੋਰਟਾਂ ਜਾਂ ਰਿਪੋਰਟਿੰਗ ਪ੍ਰਕਿਰਿਆ ਵਿੱਚ ਬੇਨਿਯਮੀਆਂ ਅਤੇ ਕਮੀਆਂ, ਜੋ ਕਿ ਮਾਮੂਲੀ ਸਨ, ਸੋਧਮਈ ਕਾਰਵਾਈ ਕਰਨ ਲਈ ਚਾਰ ਐਸ ਪੀ ਐਸ ਈਜ਼ ਦੇ ਪ੍ਰਬੰਧਨ ਨੂੰ 'ਪ੍ਰਬੰਧਨ ਪੱਤਰ' ਦੁਆਰਾ ਦੱਸੀਆ ਗਈਆਂ ਸਨ (***ਅਨੁਲੱਗ 8***)।

# ਅਧਿਆਇ - IV

# ਕਾਰਪੋਰੇਟ ਪ੍ਰਸ਼ਾਸਨ

## ਅਧਿਆਇ – IV

## ਕਾਰਪੋਰੇਟ ਪ੍ਰਸ਼ਾਸਨ

### 4.1 ਭੂਮਿਕਾ

#### 4.1.1 ਕਾਰਪੋਰੇਟ ਪ੍ਰਸ਼ਾਸਨ ਦੀ ਜ਼ਰੂਰਤ

ਕਾਰਪੋਰੇਟ ਪ੍ਰਸ਼ਾਸਨ ਲੰਮੇ ਸਮੇਂ ਦੇ ਰਣਨੀਤਕ ਟੀਚੇ ਨੂੰ ਪ੍ਰਾਪਤ ਕਰਨ ਲਈ ਹਿੱਸੇਦਾਰਾਂ ਨੂੰ ਸਤੁੰਸ਼ਟ ਕਰਨ ਅਤੇ ਕਾਨੂੰਨੀ ਅਤੇ ਰੈਗੂਲੇਟਰੀ ਜ਼ਰੂਰਤਾਂ ਦੀ ਪਾਲਣਾ ਕਰਨ ਦੇ ਵਿਚਾਰ ਨਾਲ ਸੰਗਠਨ ਨੂੰ ਉਸਾਰਨ, ਸੰਚਾਲਿਤ ਤੇ ਨਿਯੰਤਰਣ ਕਰਨ ਦੀ ਇੱਕ ਪ੍ਰਣਾਲੀ ਹੈ। ਕਾਰਪੋਰੇਟ ਪ੍ਰਸ਼ਾਸਨ, ਕੰਪਨੀਆਂ ਵਿੱਚ ਵਧੇਰੀ ਪਾਰਦਰਸ਼ਤਾ ਅਤੇ ਬਿਹਤਰ ਵਿੱਤੀ ਰਿਪੋਰਟਿੰਗ ਨੂੰ ਯਕੀਨੀ ਬਣਾਉਣ ਲਈ, ਨਿਰਦੇਸ਼ਤ ਅਤੇ ਨਿਯੰਤਰਣ ਕਰਨ ਦਾ ਇੱਕ ਤਰੀਕਾ ਹੈ। ਇਹ ਕੰਪਨੀ ਅਤੇ ਪ੍ਰਬੰਧਨ ਦੇ ਨੈਤਿਕਤਾ, ਮੁੱਲਾਂ ਦੇ ਮਾਪਦੰਡ ਅਤੇ ਆਚਰਣ ਨਾਲ ਸੰਬੰਧਤ ਹਨ। ਪ੍ਰਸ਼ਾਸਨ ਦੀ ਚੰਗੀ ਬਣਤਰ ਦੀ ਅਣਹੋਂਦ ਅਤੇ ਪ੍ਰਸ਼ਾਸਨ ਦੇ ਸਿਧਾਂਤਾਂ ਦੀ ਪਾਲਣਾ ਦੀ ਘਾਟ, ਸਾਰਵਜਨਿਕ ਖੇਤਰ ਵਿੱਚ ਪ੍ਰਬੰਧਨ ਦੁਆਰਾ ਭ੍ਰਿਸ਼ਟਾਚਾਰ ਅਤੇ ਸੌਂਪੀ ਗਈ ਸ਼ਕਤੀ ਦੀ ਦੁਰਵਰਤੋਂ ਦੇ ਜੋਖਮ ਨੂੰ ਵਧਾਉਂਦੀ ਹੈ।

#### 4.1.2 ਕੰਪਨੀਜ਼ ਐਕਟ, 2013 ਵਿੱਚ ਸ਼ਾਮਲ ਕੀਤੀਆਂ ਗਈਆਂ ਵਿਵਸਥਾਵਾਂ

ਕੰਪਨੀਜ਼ ਐਕਟ, 2013 ਨੂੰ 29 ਅਗਸਤ 2013 ਨੂੰ ਕੰਪਨੀਜ਼ ਐਕਟ, 1956 ਦੀ ਥਾਂ ਤੇ ਲਾਗੂ ਕੀਤਾ ਗਿਆ ਸੀ। ਇਸਦੇ ਇਲਾਵਾ, ਕਾਰਪੋਰੇਟ ਮਾਮਲਿਆਂ ਦੇ ਮੰਤਰਾਲੇ, ਭਾਰਤ ਸਰਕਾਰ (ਐਮ ਸੀ ਏ) ਨੇ ਕੰਪਨੀਜ਼ (ਨਿਰਦੇਸ਼ਕਾਂ ਦੀ ਨਿਯੁਕਤੀ ਅਤੇ ਯੋਗਤਾਵਾਂ) ਨਿਯਮਾਂ, 2014 ਅਤੇ ਕੰਪਨੀਜ਼ (ਬੋਰਡ ਦੀਆਂ ਮੀਟਿੰਗਾਂ ਅਤੇ ਇਸ ਦੀਆਂ ਸ਼ਕਤੀਆਂ) ਨਿਯਮਾਂ, 2014 ਨੂੰ ਅਧਿਸੂਚਿਤ ਕੀਤਾ (31 ਮਾਰਚ 2014) ਹੈ। ਕੰਪਨੀਜ਼ ਐਕਟ, 2013 ਦੇ ਨਾਲ ਕੰਪਨੀਜ਼ (ਲੇਖਾ) ਨਿਯਮਾਂ, 2014 ਮਿਲ ਕੇ ਕਾਰਪੋਰੇਟ ਪ੍ਰਸ਼ਾਸਨ ਲਈ ਢਾਂਚਾ ਪ੍ਰਦਾਨ ਕਰਦੇ ਹਨ। ਇਹ ਜ਼ਰੂਰਤਾਂ ਇਹ ਵਿਵਸਥਾ ਕਰਦੀਆਂ ਹਨ:

- ਹੇਠ ਲਿਖੀਆਂ ਕੰਪਨੀ ਦੀਆਂ ਕਿਸਮਾਂ ਲਈ ਬੋਰਡ ਦੇ ਸੁਤੰਤਰ ਨਿਰਦੇਸ਼ਕਾਂ ਦੀ ਲਾਜ਼ਮੀ ਨਿਯੁਕਤੀ {ਧਾਰਾ 149 (4) ਕੰਪਨੀਜ਼ (ਨਿਰਦੇਸ਼ਕਾਂ ਦੀ ਨਿਯੁਕਤੀ ਅਤੇ ਯੋਗਤਾਵਾਂ) ਨਿਯਮਾਂ, 2014 ਦੇ ਨਿਯਮ 4 ਨਾਲ ਪੜ੍ਹਦੇ ਹੋਏ}:
  - ਹਰੇਕ ਸੂਚੀਬੱਧ ਸਾਰਵਜਨਿਕ ਕੰਪਨੀ ਕੋਲ ਨਿਰਦੇਸ਼ਕਾਂ ਦੀ ਕੁੱਲ ਸੰਖਿਆ ਦੀ ਘੱਟੋ-ਘੱਟ ਇੱਕ ਤਿਹਾਈ ਹਿੱਸੇਦਾਰੀ ਸੁਤੰਤਰ ਨਿਰਦੇਸ਼ਕਾ ਵੱਜੋਂ ਹੋਵੇਗੀ; ਅਤੇ
  - ₹ ਦੱਸ ਕਰੋੜ ਜਾਂ ਵੱਧ ਦੀ ਅਦਾ ਕੀਤੀ ਸ਼ੇਅਰ ਪੂੰਜੀ, ਜਾਂ ₹ 100 ਕਰੋੜ ਜਾਂ ਇਸ ਤੋਂ ਵੱਧ ਦੇ ਟਰਨਓਵਰ, ਜਾਂ ਕੁੱਲ ਬਕਾਇਆ ₹ 50 ਕਰੋੜ ਤੋਂ ਵੱਧ ਦੇ ਕਰਜ਼ੇ, ਡਿਬੈਂਚਰ ਅਤੇ ਜਮ੍ਹਾਂ ਰਕਮ ਵਾਲੀ ਹਰ ਸਾਰਵਜਨਿਕ ਕੰਪਨੀ ਦੇ ਬੋਰਡ ਵਿੱਚ ਘੱਟੋ-ਘੱਟ ਦੋ ਸੁਤੰਤਰ ਨਿਰਦੇਸ਼ਕ ਹੋਣਗੇ।

- ਸੁਤੰਤਰ ਨਿਰਦੇਸ਼ਕਾਂ ਲਈ ਯੋਗਤਾਵਾਂ ਦੇ ਨਾਲ ਨਾਲ ਕਰਤੱਵ ਅਤੇ ਪੇਸ਼ੇਵਰ ਵਿਹਾਰ ਲਈ ਦਿਸ਼ਾ ਨਿਰਦੇਸ਼ {ਧਾਰਾ 149 (6) ਕੰਪਨੀਜ਼ (ਨਿਰਦੇਸ਼ਕਾਂ ਦੀ ਨਿਯੁਕਤੀ ਅਤੇ ਯੋਗਤਾਵਾਂ) ਨਿਯਮਾਂ, 2014 ਦੇ ਨਿਯਮ 5 ਨਾਲ ਪੜ੍ਹਦੇ ਹੋਏ}।

- ਹੇਠ ਲਿਖੀਆਂ ਕੰਪਨੀ ਦੀਆਂ ਕਿਸਮਾਂ ਲਈ ਬੋਰਡ ਤੇ ਇੱਕ ਮਹਿਲਾ ਨਿਰਦੇਸ਼ਕ ਦੀ ਲਾਜ਼ਮੀ ਨਿਯੁਕਤੀ {ਧਾਰਾ 149 (1) ਕੰਪਨੀਜ਼ (ਨਿਰਦੇਸ਼ਕਾਂ ਦੀ ਨਿਯੁਕਤੀ ਅਤੇ ਯੋਗਤਾਵਾਂ) ਨਿਯਮਾਂ, 2014 ਦੇ ਨਿਯਮ 3 ਨਾਲ ਪੜ੍ਹਦੇ ਹੋਏ}:
    - ➢ ਹਰੇਕ ਸੂਚੀਬੱਧ ਸਾਰਵਜਨਿਕ ਕੰਪਨੀ ਦੇ ਬੋਰਡ ਵਿੱਚ ਘੱਟੋ-ਘੱਟ ਇਕ ਮਹਿਲਾ ਨਿਰਦੇਸ਼ਕ ਹੋਵੇਗੀ; ਅਤੇ
    - ➢ ₹ 100 ਕਰੋੜ ਜਾਂ ਇਸ ਤੋਂ ਵੱਧ ਦੀ ਅਦਾ ਕੀਤੀ ਸ਼ੇਅਰ ਪੂੰਜੀ; ਜਾਂ ₹ 300 ਕਰੋੜ ਜਾਂ ਵੱਧ ਦੇ ਟਰਨਓਵਰ ਵਾਲੀ ਹਰ ਦੂਜੀ ਸਾਰਵਜਨਿਕ ਕੰਪਨੀ ਦੇ ਬੋਰਡ ਵਿੱਚ ਘੱਟੋ-ਘੱਟ ਇੱਕ ਮਹਿਲਾ ਨਿਰਦੇਸ਼ਕ ਹੋਵੇਗੀ ।
- ਹੇਠ ਲਿਖੀਆਂ ਕੰਪਨੀ ਦੀਆਂ ਕਿਸਮਾਂ ਲਈ ਕੁੱਝ ਕਮੇਟੀਆਂ ਦੀ ਲਾਜ਼ਮੀ ਸਥਾਪਨਾ ਜਿਵੇਂ ਕਿ ਲੇਖਾ ਪ੍ਰੀਖਿਆ ਕਮੇਟੀ {ਧਾਰਾ 177 (1)}, ਨਾਮਜ਼ਦਗੀ ਅਤੇ ਮਿਹਨਤਾਨਾ ਕਮੇਟੀ {ਧਾਰਾ 178 (1)}
    - ➢ ਹਰੇਕ ਸੂਚੀਬੱਧ ਕੰਪਨੀ; ਅਤੇ
    - ➢ ₹ ਦੱਸ ਕਰੋੜ ਜਾਂ ਵੱਧ ਦੀ ਅਦਾ ਕੀਤੀ ਸ਼ੇਅਰ ਪੂੰਜੀ; ਜਾਂ ₹ 100 ਕਰੋੜ ਜਾਂ ਵੱਧ ਦੇ ਟਰਨਓਵਰ; ਜਾਂ ₹ 50 ਕਰੋੜ ਜਾਂ ਵੱਧ ਦੇ ਬਕਾਇਆ ਕਰਜ਼ੇ ਜਾਂ ਉਧਾਰ ਜਾਂ ਡਿਬੈਂਚਰ ਅਤੇ ਜਮ੍ਹਾਂ ਰਕਮ ਵਾਲੀ ਹਰ ਸਾਰਵਜਨਿਕ ਕੰਪਨੀ ।
- ਹਰ ਸਾਲ ਬੋਰਡ ਆਫ ਡਾਇਰੈਕਟਰਜ਼ ਦੀਆਂ ਘੱਟੋ-ਘੱਟ ਚਾਰ ਮੀਟਿੰਗਾਂ ਇਸ ਤਰੀਕੇ ਨਾਲ ਆਯੋਜਿਤ ਕਰਨਾ ਕਿ ਬੋਰਡ ਦੀਆਂ ਲਗਾਤਾਰ ਦੋ ਮੀਟਿੰਗਾਂ ਵਿੱਚ 120 ਦਿਨਾਂ ਤੋਂ ਵੱਧ ਦਾ ਸਮਾਂ ਨਹੀਂ ਹੋਵੇਗਾ {ਧਾਰਾ 173 (1)}।

### 4.1.3 ਕਾਰਪੋਰੇਟ ਪ੍ਰਸ਼ਾਸਨ ਤੇ ਸੇਬੀ ਦੇ ਦਿਸ਼ਾ ਨਿਰਦੇਸ਼

ਕੰਪਨੀਜ਼ ਐਕਟ, 2013 ਦੇ ਲਾਗੂ ਹੋਣ ਤੋਂ ਬਾਅਦ, ਸਿਕਉਰਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ (ਸੇਬੀ) ਨੇ ਇਕਵਟੀ ਲਿਸਟਿੰਗ ਐਗਰੀਮੈਂਟ ਦੀ ਧਾਰਾ 49 ਨੂੰ ਕੰਪਨੀਜ਼ ਐਕਟ, 2013 ਵਿੱਚ ਦੱਸੇ ਗਏ ਕਾਰਪੋਰੇਟ ਪ੍ਰਸ਼ਾਸਨ ਦੀਆਂ ਵਿਵਸਥਾਵਾਂ ਨਾਲ ਇਕਸਾਰ ਕਰਨ ਲਈ ਸੋਧਿਤ (ਅਪ੍ਰੈਲ ਅਤੇ ਸਤੰਬਰ 2014) ਕੀਤਾ।

ਪਿਛਲਿਆਂ ਵਿਵਸਥਾਵਾਂ ਨੂੰ ਰੱਦ ਕਰਦੇ ਹੋਏ, ਸਿਕਉਰਿਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ ਨੇ ਸੇਬੀ (ਸੂਚੀਬੱਧ ਕਰਨ ਦੀਆਂ ਜ਼ਿੰਮੇਵਾਰੀਆਂ ਅਤੇ ਖੁਲਾਸੇ ਦੀਆਂ ਜ਼ਰੂਰਤਾਂ) ਨਿਯਮਾਂ, 2015 ਨੂੰ ਅਧਿਸੂਚਿਤ ਕੀਤਾ (2 ਸਤੰਬਰ 2015) ਜੋ ਕਿ 1 ਦਸੰਬਰ 2015 ਤੋਂ ਲਾਗੂ ਹੋਏ ਸਨ।

ਅੱਗੇ, ਸੇਬੀ ਨੇ ਸਾਰੀਆਂ ਕਿਸਮਾਂ ਦੀਆਂ ਸਿਕਉਰਿਟੀਆਂ ਲਈ ਇਕ ਜੈਸਾ ਲਿਸਟਿੰਗ ਐਗਰੀਮੈਂਟ ਫਾਰਮੈਟ ਜ਼ਾਰੀ ਕੀਤਾ (13 ਅਕਤੂਬਰ 2015) ਜਿਸ ਲਈ ਸੂਚੀਬੱਧ ਇਕਾਈ ਨੂੰ ਸੇਬੀ (ਸੂਚੀਬੱਧ ਕਰਨ ਦੀਆਂ ਜ਼ਿੰਮੇਵਾਰੀਆਂ ਅਤੇ ਖੁਲਾਸੇ ਦੀਆਂ ਜ਼ਰੂਰਤਾਂ) ਨਿਯਮਾਂ, 2015 ਦੀਆਂ ਵਿਵਸਥਾਵਾਂ ਦੀ ਪਾਲਣਾ ਕਰਨ ਦੀ ਲੋੜ ਸੀ। ਇਨ੍ਹਾਂ ਨਿਯਮਾਂ ਵਿੱਚ ਸਮੇਂ-ਸਮੇਂ ਤੇ ਸੋਧ ਕੀਤੀ ਗਈ ਸੀ।

### 4.1.4 ਕਾਰਪੋਰੇਟ ਪ੍ਰਸ਼ਾਸਨ ਵਿਵਸਥਾਵਾਂ ਦੀ ਚੋਣਵੀਆਂ ਐਸ ਪੀ ਐਸ ਈਜ਼ ਦੁਆਰਾ ਪਾਲਣਾ ਦੀ ਸਮੀਖਿਆ

31 ਮਾਰਚ 2020 ਤੱਕ, ਪੰਜਾਬ ਰਾਜ ਵਿੱਚ 45 ਰਾਜ ਸਾਰਵਜਨਿਕ ਖੇਤਰ ਦੇ ਅਦਾਰੇ (ਐਸ ਪੀ ਐਸ ਈਜ਼) (ਤਿੰਨ ਰਾਜ ਸਰਕਾਰ ਦੁਆਰਾ ਨਿਯੰਤਰਿਤ ਹੋਰ ਕੰਪਨੀਆਂ ਸਮੇਤ) ਕੰਪਨੀ ਐਕਟ ਅਧੀਨ ਰਜਿਸਟਰਡ ਅਤੇ ਭਾਰਤ ਦੇ ਸੀ ਏ ਜੀ ਦੀ ਲੇਖਾ ਪ੍ਰੀਖਿਆ ਖੇਤਰ ਅਧੀਨ ਸਨ (ਜਿਵੇਂ ਕਿ ***ਅਨੁਲੱਗ 10*** ਵਿੱਚ ਵਿਸਤ੍ਰਿਤ ਹੈ)। ਇਸ ਅਧਿਆਇ ਵਿੱਚ, 31 ਮਾਰਚ 2020 ਨੂੰ ਸਮਾਪਤ ਹੋਏ ਸਾਲ ਲਈ, 29 ਕਾਰਜਸ਼ੀਲ ਐਸ ਪੀ ਐਸ ਈਜ਼ ਦੀ ਸਮੀਖਿਆ ਸ਼ਾਮਲ ਹੈ। ਇਨ੍ਹਾਂ 29 ਐਸ ਪੀ ਐਸ ਈਜ਼ ਵਿੱਚੋਂ ਸਿਰਫ ਇੱਕ ਐਸ ਪੀ ਐਸ ਈ, ਜੋ ਕਿ ਪੰਜਾਬ ਕਮਿਊਨੀਕੇਸ਼ਨਸ ਲਿਮਟਡ ਹੈ, ਸੂਚੀਬੱਧ[1] ਕੰਪਨੀ ਹੈ। ਇਸ ਅਧਿਆਇ ਵਿੱਚ ਸ਼ਾਮਲ ਕਾਰਜਸ਼ੀਲ ਐਸ ਪੀ ਐਸ ਈਜ਼ ਅਤੇ ਬਾਹਰ ਰੱਖੇ ਗਏ ਗੈਰ-ਕਾਰਜਸ਼ੀਲ ਐਸ ਪੀ ਐਸ ਈਜ਼ ਦੀ ਸੂਚੀ ***ਅਨੁਲੱਗ 10*** ਵਿੱਚ ਦਿੱਤੀ ਗਈ ਹੈ।

ਸਮੀਖਿਆ ਦੇ ਉਦੇਸ਼ ਲਈ ਮੁਲਾਂਕਣ, ਕੰਪਨੀਜ਼ ਐਕਟ, 2013 ਵਿੱਚ ਦੱਸੇ ਗਏ ਉਪਬੰਧਾਂ ਅਤੇ ਕਾਰਪੋਰੇਟ ਪ੍ਰਸ਼ਾਸਨ ਤੇ ਸੇਬੀ ਦੇ ਜ਼ਾਰੀ ਕੀਤੇ (ਅਪ੍ਰੈਲ ਅਤੇ ਸਤੰਬਰ 2014) ਦਿਸ਼ਾ ਨਿਰਦੇਸ਼ਾਂ/ ਨਿਯਮਾਂ ਅਤੇ ਐਸ ਪੀ ਐਸ ਈਜ਼ ਦੁਆਰਾ ਪਾਲਣਾ ਦੇ ਆਧਾਰ ਤੇ ਕੀਤਾ ਗਿਆ ਸੀ।

## 4.2 ਬੋਰਡ ਆਫ ਡਾਇਰੈਕਟਜ਼ ਦੀ ਬਣਤਰ

### 4.2.1 ਸੁਤੰਤਰ ਨਿਰਦੇਸ਼ਕ

ਕੰਪਨੀਜ਼ ਐਕਟ, 2013 ਦੀ ਧਾਰਾ 149(6) ਦੇ ਅਨੁਸਾਰ ਸੁਤੰਤਰ ਨਿਰਦੇਸ਼ਕ ਦਾ ਅਰਥ ਕੰਪਨੀ ਦੇ ਮੈਨੇਜਿੰਗ ਨਿਰਦੇਸ਼ਕ ਜਾਂ ਪੂਰੇ ਸਮੇਂ ਲਈ ਨਿਰਦੇਸ਼ਕ ਜਾਂ ਨਾਮਜ਼ਦ ਨਿਰਦੇਸ਼ਕ ਤੋਂ ਇਲਾਵਾ ਇੱਕ ਨਿਰਦੇਸ਼ਕ ਹੋਵੇਗਾ। ਬੋਰਡ ਵਿੱਚ, ਪ੍ਰਬੰਧਨ ਦੇ ਫੈਸਲਿਆਂ ਤੇ ਸੁਤੰਤਰ ਵਿਚਾਰ ਰੱਖਣ ਵਾਲੇ, ਸੁਤੰਤਰ ਨਿਰਦੇਸ਼ਕ ਦੀ ਮੌਜੂਦਗੀ, ਸ਼ੇਅਰਧਾਰਕਾਂ ਅਤੇ ਹੋਰ ਹਿੱਸੇਦਾਰਾਂ ਦੇ ਹਿੱਤਾਂ ਦੀ ਰੱਖਿਆ ਕਰਨ ਦਾ ਵਿਆਪਕ ਤੌਰ ਤੇ ਮੁੱਖ ਸਾਧਨ ਮੰਨਿਆ ਜਾਂਦਾ ਹੈ। ਕੰਪਨੀਜ਼ ਐਕਟ, 2013 ਦੀ ਧਾਰਾ 149(4) ਦੇ ਅਨੁਸਾਰ, ਹਰੇਕ ਸੂਚੀਬੱਧ ਸਾਰਵਜਨਿਕ ਕੰਪਨੀ ਵਿੱਚ ਕੁੱਲ ਨਿਰਦੇਸ਼ਕਾਂ ਦੀ ਘੱਟੋ-ਘੱਟ ਇੱਕ ਤਿਹਾਈ ਹਿੱਸੇਦਾਰੀ ਸੁਤੰਤਰ ਨਿਰਦੇਸ਼ਕਾ ਵੱਜੋਂ ਹੋਵੇਗੀ। ਅੱਗੇ, ਕੰਪਨੀਜ਼ (ਨਿਰਦੇਸ਼ਕਾਂ ਦੀ ਨਿਯੁਕਤੀ ਅਤੇ ਯੋਗਤਾਵਾਂ) ਨਿਯਮਾਂ, 2014 ਦਾ ਨਿਯਮ 4 ਵਿਵਸਥਾ ਕਰਦਾ ਹੈ ਕਿ ਹਰੇਕ ਗੈਰ-ਸੂਚੀਬੱਧ ਸਾਰਵਜਨਿਕ ਕੰਪਨੀ ਜਿਸ ਦੀ ਅਦਾ ਕੀਤੀ ਗਈ ਸ਼ੇਅਰ ਪੂੰਜੀ ₹ ਦੱਸ ਕਰੋੜ ਜਾਂ ਉਸ ਤੋਂ ਵੱਧ; ਟਰਨਓਵਰ ₹ 100 ਕਰੋੜ ਜਾਂ ਉਸ ਤੋਂ ਵੱਧ; ਜਾਂ ਇੱਕਠੇ ਹੋਏ ਬਕਾਇਆ ਕਰਜ਼ੇ, ਡਿਬੈਂਚਰ ਅਤੇ ਜਮ੍ਹਾਂ ਰਕਮ ₹ 50 ਕਰੋੜ ਤੋਂ ਵੱਧ ਹੋਣ ਤਾਂ ਉਨ੍ਹਾਂ ਦੇ ਬੋਰਡ ਚ ਘੱਟੋ-ਘੱਟ ਦੋ ਸੁਤੰਤਰ ਨਿਰਦੇਸ਼ਕ ਹੋਣਗੇ। ਕੰਪਨੀਜ਼ ਐਕਟ, 2013 ਦੀ ਧਾਰਾ 149 ਦੇ ਕਲਾਜ਼ 6 (ਏ) ਵਿੱਚ ਇਹ ਵਿਵਸਥਾ ਹੈ ਕਿ ਐਸ ਪੀ ਐਸ ਈਜ਼ ਦੇ ਸੁਤੰਤਰ ਨਿਰਦੇਸ਼ਕ ਦੀ ਨਿਯੁਕਤੀ ਸਰਕਾਰ ਦੇ ਮੰਤਰਾਲੇ ਜਾਂ ਵਿਭਾਗ, ਜੋ ਕੰਪਨੀ ਦਾ ਪ੍ਰਬੰਧਕੀ ਤੌਰ ਤੇ ਇੰਚਾਰਜ ਹੈ, ਦੁਆਰਾ ਕੀਤੀ ਜਾਣੀ ਚਾਹੀਦੀ ਹੈ। ਐਮ ਸੀ ਏ ਦੀ ਨੋਟੀਫਿਕੇਸ਼ਨ ਜੀ ਐਸ ਆਰ 466 (ਈ) ਮਿਤੀ 05 ਜੂਨ 2015 ਦੇ ਅਨੁਸਾਰ, ਕੰਪਨੀਜ਼ ਐਕਟ, 2013 ਦੀ ਧਾਰਾ 8 (ਭਾਵ ਚੈਰੀਟੇਬਲ ਅੱਗੇ ਵਧਾਉਣ ਜਾਂ ਲਾਭ ਦੇ ਉਦੇਸ਼ਾਂ ਨਾਲ ਨਹੀਂ ਸਥਾਪਤ ਕੀਤੀ ਗਈ ਕੰਪਨੀ) ਦੇ ਅਧੀਨ ਰਜਿਸਟਰਡ ਕੰਪਨੀ ਨੂੰ

[1] ਬੰਬੇ ਸਟਾਕ ਐਕਸਚੇਂਜ ਤੇ ਸੂਚੀਬੱਧ ।

ਸੁਤੰਤਰ ਨਿਰਦੇਸ਼ਕ ਨਿਯੁਕਤ ਕਰਨ ਦੀ ਜ਼ਰੂਰਤ ਨਹੀਂ ਹੈ। ਇਸ ਤੋਂ ਇਲਾਵਾ, ਐਮ ਸੀ ਏ ਦੇ ਸਰਕੂਲਰ ਨੰਬਰ 09/2017 ਮਿਤੀ 05 ਸਤੰਬਰ 2017 ਦੇ ਅਨੁਸਾਰ, ਇੱਕ ਗੈਰ ਸੂਚੀਬੱਧ ਸਾਰਵਜਨਿਕ ਕੰਪਨੀ, ਜੋ ਕਿ ਪੂਰੀ ਮਲਕੀਅਤ ਵਾਲੀ ਸਹਾਇਕ ਕੰਪਨੀ ਹੈ, ਨੂੰ ਸੁਤੰਤਰ ਨਿਰਦੇਸ਼ਕ ਨਿਯੁਕਤ ਕਰਨ ਦੀ ਜਰੂਰਤ ਨਹੀਂ ਹੈ।

ਸੁਤੰਤਰ ਨਿਰਦੇਸ਼ਕਾਂ ਦੀ ਨਿਯੁਕਤੀ ਨਾਲ ਸੰਬੰਧਤ ਮਾਪਦੰਡਾਂ ਨੂੰ ਪੂਰਾ ਕਰਦੀਆਂ ਅੱਠ ਐਸ ਪੀ ਐਸ ਈਜ਼ ਦੀ ਸੂਚੀ ***ਅਨੁਲੱਗ 11*** ਵਿੱਚ ਦਿੱਤੀ ਗਈ ਹੈ।

31 ਮਾਰਚ 2020 ਤੱਕ, ਇਨ੍ਹਾਂ ਅੱਠ ਐਸ ਪੀ ਐਸ ਈਜ਼ ਵਿੱਚੋਂ ਚਾਰ ਐਸ ਪੀ ਐਸ ਈਜ਼ ਦੇ ਬੋਰਡ ਵਿੱਚ ਕੋਈ ਸੁਤੰਤਰ ਨਿਰਦੇਸ਼ਕ ਨਹੀਂ ਸੀ ਜਿਵੇਂ ਕਿ **ਸਾਰਣੀ** 4.1 ਵਿੱਚ ਵਿਸਤ੍ਰਿਤ ਹੈ। ਬਾਕੀ ਚਾਰ ਐਸ ਪੀ ਐਸ ਈਜ਼ ਵਿੱਚੋਂ, ਤਿੰਨ[2] ਉਨ੍ਹਾਂ ਦੇ ਬੋਰਡ ਵਿੱਚ ਘੱਟੋ-ਘੱਟ ਦੋ ਸੁਤੰਤਰ ਨਿਰਦੇਸ਼ਕਾਂ ਹੋਣ ਦੇ ਮਾਪਦੰਡਾਂ ਦੀ ਜ਼ਰੂਰਤ ਨੂੰ ਪੂਰਾ ਕਰਦੀਆਂ ਸਨ। ਪੰਜਾਬ ਰਾਜ ਕੰਨਟੇਨਰ ਅਤੇ ਵੇਅਰਹਾਊਸਿੰਗ ਕਾਰਪੋਰੇਸ਼ਨ ਲਿਮਟਡ (ਕੰਨਵੇਅਰ) ਵਿੱਚ, ਸਿਰਫ ਇੱਕ ਸੁਤੰਤਰ ਨਿਰਦੇਸ਼ਕ ਸੀ ।

**ਸਾਰਣੀ 4.1: ਐਸ ਪੀ ਐਸ ਈਜ਼ ਜਿੰਨ੍ਹਾਂ ਵਿੱਚ ਕੋਈ ਵੀ ਸੁਤੰਤਰ ਨਿਰਦੇਸ਼ਕ ਨਹੀਂ ਸਨ**

| ਲੜੀ ਨੰ. | ਐਸ ਪੀ ਐਸ ਈ ਦਾ ਨਾਂ |
|---|---|
| 1. | ਪੰਜਾਬ ਜੈਨਕੋ ਲਿਮਟਡ |
| 2. | ਪੰਜਾਬ ਰਾਜ ਗ੍ਰੇਨਜ਼ ਪ੍ਰੋਕਿਊਰਮੇਂਟ ਕਾਰਪੋਰੇਸ਼ਨ ਲਿਮਟਡ |
| 3. | ਪੰਜਾਬ ਜਲ ਸਰੋਤ ਪ੍ਰਬੰਧਨ ਅਤੇ ਵਿਕਾਸ ਕਾਰਪੋਰੇਸ਼ਨ ਲਿਮਟਡ |
| 4. | ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ |

***ਸਰੋਤ: ਐਸ ਪੀ ਐਸ ਈਜ਼ ਤੋਂ ਪ੍ਰਾਪਤ ਸੂਚਨਾ ਅਨੁਸਾਰ ਕੰਪਾਇਲ ਕੀਤੀ ।***

ਪੰਜਾਬ ਜੈਨਕੋ ਲਿਮਟਡ ਨੇ ਦੱਸਿਆ (ਮਾਰਚ 2021) ਕਿ ਬੋਰਡ ਆਫ ਡਾਇਰੈਕਟਜ ਦੇ ਹਰੇਕ ਮੈਂਬਰ ਦੀ ਨਿਯੁਕਤੀ ਰਾਜ ਸਰਕਾਰ ਦੁਆਰਾ ਕੀਤੀ ਜਾਂਦੀ ਹੈ ਅਤੇ ਬੋਰਡ ਆਫ ਡਾਇਰੈਕਟਜ ਕੋਲ ਕਿਸੇ ਵਿਅਕਤੀ ਨੂੰ ਸੁਤੰਤਰ ਨਿਰਦੇਸ਼ਕ ਨਿਯੁਕਤ ਕਰਨ ਦੀ ਸ਼ਕਤੀ ਨਹੀਂ ਹੈ। ਐਪਰ, ਤੱਥ ਇਹ ਹੈ ਕਿ ਰਾਜ ਸਰਕਾਰ ਨੇ ਨਿਰਦੇਸ਼ਕਾਂ ਨੂੰ ਵੱਖਰੇ ਤੌਰ ਤੇ ਸੁਤੰਤਰ ਨਿਰਦੇਸ਼ਕ ਵੱਜੋਂ ਨਾਮਜ਼ਦ ਨਹੀਂ ਕੀਤਾ ਹੈ ਅਤੇ ਉਨ੍ਹਾਂ ਨੂੰ ਸੁਤੰਤਰ ਨਿਰਦੇਸ਼ਕ ਵੱਜੋਂ ਨਾਮਜ਼ਦ ਕਰਨ ਲਈ ਕੰਪਨੀ ਨੂੰ ਰਾਜ ਸਰਕਾਰ ਨਾਲ ਗੱਲ ਕਰਨੀ ਚਾਹੀਦੀ ਸੀ ।

ਪੰਜਾਬ ਜਲ ਸਰੋਤ ਪ੍ਰਬੰਧਨ ਅਤੇ ਵਿਕਾਸ ਕਾਰਪੋਰੇਸ਼ਨ ਲਿਮਟਡ ਨੇ ਜਵਾਬ ਦਿੱਤਾ (ਮਾਰਚ 2021) ਕਿ ਰਾਜ ਸਰਕਾਰ ਨਾਲ ਗੱਲਬਾਤ ਕਰਨ ਤੋਂ ਬਾਅਦ, ਲੋੜੀਂਦੀ ਪਾਲਣਾ ਸਮੇਂ ਸਿਰ ਕੀਤੀ ਜਾਵੇਗੀ।

ਪੰਜਾਬ ਰਾਜ ਗ੍ਰੇਨਜ਼ ਪ੍ਰੋਕਿਊਰਮੇਂਟ ਕਾਰਪੋਰੇਸ਼ਨ ਲਿਮਟਡ ਦੇ ਜਵਾਬ ਦਾ ਇੰਤਜ਼ਾਰ ਸੀ (ਜੂਨ 2021) ।

ਕੰਨਵੇਅਰ ਨੇ ਜਵਾਬ ਦਿੱਤਾ (ਫਰਵਰੀ 2021) ਕਿ ਇੱਕ ਹੋਰ ਸੁਤੰਤਰ ਨਿਰਦੇਸ਼ਕ ਦੀ ਨਿਯੁਕਤੀ, ਲਾਗੂ ਕਾਨੂੰਨਾਂ ਦੇ ਅਨੁਸਾਰ ਰਾਜ ਸਰਕਾਰ ਨੂੰ ਭੇਜ ਦਿੱਤੀ ਗਈ ਹੈ।

[2] ਪੰਜਾਬ ਕਮਿਊਨਿਕੇਸ਼ਨਸ ਲਿਮਟਡ, ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਡ ਅਤੇ ਪੰਜਾਬ ਰਾਜ ਬੱਸ ਸਟੈਂਡ ਮੈਨੇਜਮੈਂਟ ਕੰਪਨੀ ਲਿਮਟਡ।

ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ ਵਿੱਚ, ਦੋ ਸੁਤੰਤਰ ਨਿਰਦੇਸ਼ਕਾਂ ਦੀ ਲੋੜ ਦੇ ਵਿਰੁੱਧ ਸਾਲ 2019-20 (17 ਦਸੰਬਰ 2019 ਤੱਕ) ਦੇ ਸਮੇਂ ਦੌਰਾਨ ਇੱਕ ਸੁਤੰਤਰ ਨਿਰਦੇਸ਼ਕ ਸੀ। ਇਸ ਤੋਂ ਬਾਅਦ, ਸੁਤੰਤਰ ਨਿਰਦੇਸ਼ਕ ਦੇ ਅਹੁਦੇ ਖਾਲੀ ਰਹੇ ਅਤੇ 11 ਸਤੰਬਰ 2020 ਤੋਂ ਭਰੇ ਗਏ।

### 4.2.2 *ਬੋਰਡ ਆਫ ਡਾਇਰੈਕਟਜ਼ ਵਿੱਚ ਮਹਿਲਾ ਨਿਰਦੇਸ਼ਕ ਦੀ ਨੁਮਾਇੰਦਗੀ*

ਕੰਪਨੀਜ਼ ਐਕਟ, 2013 ਦੀ ਧਾਰਾ 149 (1), ਕੰਪਨੀਜ਼ (ਨਿਰਦੇਸ਼ਕਾਂ ਦੀ ਨਿਯੁਕਤੀ ਅਤੇ ਯੋਗਤਾਵਾਂ) ਨਿਯਮਾਂ, 2014 ਦੇ ਨਿਯਮ 3 ਨਾਲ ਪੜ੍ਹਦੇ ਹੋਏ, ਇਹ ਵਿਵਸਥਾ ਕਰਦੀ ਹੈ ਕਿ ਹਰੇਕ ਸੂਚੀਬੱਧ ਸਾਰਵਜਨਿਕ ਕੰਪਨੀ ਦੇ ਬੋਰਡ ਵਿੱਚ ਘੱਟੋ-ਘੱਟ ਇਕ ਮਹਿਲਾ ਨਿਰਦੇਸ਼ਕ ਹੋਵੇਗੀ ਅਤੇ ਹਰ ਦੂਜੀ ਸਾਰਵਜਨਿਕ ਕੰਪਨੀ ਜਿਸ ਦੀ ਅਦਾ ਕੀਤੀ ਗਈ ਸ਼ੇਅਰ ਪੂੰਜੀ ₹ 100 ਕਰੋੜ ਜਾਂ ਉਸ ਤੋਂ ਵੱਧ; ਜਾਂ ਟਰਨਓਵਰ ₹ 300 ਕਰੋੜ ਜਾਂ ਉਸ ਤੋਂ ਵੱਧ ਹੋਵੇ, ਦੇ ਬੋਰਡ ਵਿੱਚ ਘੱਟੋ-ਘੱਟ ਇੱਕ ਮਹਿਲਾ ਨਿਰਦੇਸ਼ਕ ਹੋਵੇਗੀ। ਹਾਲਾਂਕਿ, ਐਮ ਸੀ ਏ ਦੀ ਨੋਟੀਫਿਕੇਸ਼ਨ ਜੀ ਐਸ ਆਰ 466 (ਈ) ਮਿਤੀ 05 ਜੂਨ 2015 ਦੇ ਅਨੁਸਾਰ, ਕੰਪਨੀਜ਼ ਐਕਟ, 2013 ਦੀ ਧਾਰਾ 8 ਦੇ ਅਧੀਨ ਰਜਿਸਟਰਡ ਕੰਪਨੀ ਨੂੰ ਮਹਿਲਾ ਨਿਰਦੇਸ਼ਕ ਨਿਯੁਕਤ ਕਰਨ ਦੀ ਜ਼ਰੂਰਤ ਨਹੀਂ ਹੈ।

ਪੰਜਾਬ ਵਿੱਚ ਇਨ੍ਹਾਂ ਮਾਪਦੰਡਾਂ ਨੂੰ ਪੂਰੀ ਕਰਦੀਆਂ ਸੱਤ ਅਜਿਹੀਆਂ ਐਸ ਪੀ ਐਸ ਈਜ਼ ਦੀ ਸੂੱਚੀ ***ਅਨੁੱਲਗ 12*** ਵਿੱਚ ਦਿੱਤੀ ਗਈ ਹੈ। ਇਨ੍ਹਾਂ ਸਾਰੇ ਸੱਤ ਐਸ ਪੀ ਐਸ ਈਜ਼ ਦੇ ਬੋਰਡ ਵਿੱਚ ਇੱਕ ਮਹਿਲਾ ਨਿਰਦੇਸ਼ਕ ਹੈ।

### 4.2.3 *ਸੂਚੀਬੱਧ ਕੰਪਨੀ ਦੇ ਬੋਰਡ ਤੇ ਗੈਰ-ਕਾਰਜਕਾਰੀ ਨਿਰਦੇਸ਼ਕ*

ਬੋਰਡ, ਕਾਰਪੋਰੇਟ ਪ੍ਰਸ਼ਾਸਨ ਦਾ ਸਭ ਤੋਂ ਮਹੱਤਵਪੂਰਨ ਸਾਧਨ ਹੈ। ਲਿਸਟਿੰਗ ਐਗਰੀਮੈਂਟ ਐਂਡ ਰੈਗੂਲੇਸ਼ਨ ਦਾ ਕਲਾਜ਼ 49(I)(ਏ)(i) ਅਤੇ ਸੇਬੀ (ਸੂਚੀਬੱਧ ਕਰਨ ਦੀਆਂ ਜ਼ਿੰਮੇਵਾਰੀਆਂ ਅਤੇ ਖੁਲਾਸੇ ਦੀਆਂ ਜ਼ਰੂਰਤਾਂ) ਨਿਯਮਾਂ, 2015 ਦਾ ਨਿਯਮ 17 (1)(ਏ) ਇਹ ਨਿਰਧਾਰਤ ਕਰਦਾ ਹੈ ਕਿ ਕੰਪਨੀ ਦੇ ਬੋਰਡ ਆਫ ਡਾਇਰੈਕਟਰਜ਼ ਵਿੱਚ ਕਾਰਜਕਾਰੀ ਅਤੇ ਗੈਰ-ਕਾਰਜਕਾਰੀ ਨਿਰਦੇਸ਼ਕਾਂ ਦਾ ਸਰਵੋਤਮ ਸੁਮੇਲ ਹੋਵੇਗਾ ਜਿਸ ਵਿੱਚ ਗੈਰ-ਕਾਰਜਕਾਰੀ ਨਿਰਦੇਸ਼ਕ ਬੋਰਡ ਆਫ ਡਾਇਰੈਕਟਜ਼ ਦੇ 50 *ਪ੍ਰਤੀਸ਼ਤ* ਤੋਂ ਘੱਟ ਨਹੀਂ ਹੋਣਗੇ।

ਕੰਪਨੀ ਦੇ ਬੋਰਡ ਤੇ ਘੱਟੋ-ਘੱਟ 50 *ਪ੍ਰਤੀਸ਼ਤ* ਗੈਰ-ਕਾਰਜਕਾਰੀ ਨਿਰਦੇਸ਼ਕਾਂ ਦਾ ਕਲਾਜ਼ ਇੱਕੋ-ਇੱਕ ਸੂਚੀਬੱਧ ਐਸ ਪੀ ਐਸ ਈ (ਪੰਜਾਬ ਕਮਿਊਨਿਕੇਸ਼ਨਸ ਲਿਮਟਡ) ਤੇ ਹੀ ਲਾਗੂ ਸੀ। ਸਾਲ 2019-20 ਦੌਰਾਨ ਕੰਪਨੀ ਦੇ ਬੋਰਡ ਆਫ ਡਾਇਰੈਕਟਜ਼ ਵਿੱਚ ਗੈਰ-ਕਾਰਜਕਾਰੀ ਨਿਰਦੇਸ਼ਕਾਂ ਦੀ ਲੋੜੀਂਦੀ ਸੰਖਿਆ ਸੀ।

## 4.3 ਸੁਤੰਤਰ ਨਿਰਦੇਸ਼ਕਾਂ ਦੀ ਨਿਯੁਕਤੀ ਅਤੇ ਕੰਮਕਾਜ

### 4.3.1 *ਨਿਯੁਕਤੀ ਦਾ ਉਪਚਾਰਿਕ ਪੱਤਰ ਜਾਰੀ ਕਰਨਾ*

ਕੰਪਨੀਜ਼ ਐਕਟ, 2013 ਦੇ ਸੈਡਿਊਲ-IV ਦੇ ਕਲਾਜ਼ IV(4) ਅਨੁਸਾਰ, ਸੁਤੰਤਰ ਨਿਰਦੇਸ਼ਕਾਂ ਦੀ ਨਿਯੁਕਤੀ ਦਾ ਪੱਤਰ ਜੋ ਕਿ ਨਿਯੁਕਤੀ ਦੇ ਨਿਯਮਾਂ ਅਤੇ ਸ਼ਰਤਾਂ ਨੂੰ ਤਹਿ ਕਰੇਗਾ ਦੁਆਰਾ ਉਪਚਾਰਿਕ ਕੀਤਾ ਜਾਵੇਗਾ। ਐਪਰ, ਇਹ ਦੇਖਿਆ ਗਿਆ ਕਿ ਚਾਰ ਐਸ ਪੀ ਐਸ ਈਜ਼, ਜਿਨ੍ਹਾਂ ਵਿੱਚ ਸੁਤੰਤਰ ਨਿਰਦੇਸ਼ਕਾਂ ਦੀ ਨਿਯੁਕਤੀ ਕੀਤੀ ਗਈ ਸੀ, ਵਿੱਚੋਂ ਸਿਰਫ ਦੋ ਐਸ ਪੀ ਐਸ ਈਜ਼ (ਪੰਜਾਬ ਕਮਿਊਨਿਕੇਸ਼ਨਸ ਲਿਮਟਡ ਅਤੇ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਡ) ਨੇ

ਨਿਯੁਕਤੀ ਪੱਤਰ ਜਾਰੀ ਕੀਤਾ ਸੀ ਅਤੇ ਦੋ[3] ਐਸ ਪੀ ਐਸ ਈਜ਼ ਵਿੱਚ, ਸੁਤੰਤਰ ਨਿਰਦੇਸ਼ਕਾਂ ਦੀ ਨਿਯੁਕਤੀ ਰਾਜ ਸਰਕਾਰ ਦੇ ਹੁਕਮਾਂ ਦੁਆਰਾ ਕੀਤੀ ਗਈ ਸੀ ਅਤੇ ਨਿਯਮਾਂ ਅਤੇ ਸ਼ਰਤਾਂ ਦਾ ਵੇਰਵਾ ਦਿੰਦੇ ਹੋਏ ਨਿਯੁਕਤੀ ਪੱਤਰ ਜਾਰੀ ਨਹੀਂ ਕੀਤੇ ਗਏ ਸਨ।

ਪੰਜਾਬ ਰਾਜ ਬੱਸ ਸਟੈਂਡ ਮੈਨੇਜਮੈਂਟ ਕੰਪਨੀ ਲਿਮਟਡ ਅਤੇ ਪੰਜਾਬ ਰਾਜ ਕੰਨਟੇਨਰ ਅਤੇ ਵੇਅਰਹਾਊਸਿੰਗ ਕਾਰਪੋਰੇਸ਼ਨ ਲਿਮਟਡ ਨੇ ਉਨ੍ਹਾਂ ਦੇ ਜਵਾਬ (ਫਰਵਰੀ 2021) ਵਿੱਚ ਮੰਨਿਆ ਕਿ ਕੰਪਨੀ ਦੁਆਰਾ ਨਿਯੁਕਤੀ ਦਾ ਕੋਈ ਰਸਮੀ ਪੱਤਰ ਨਹੀਂ ਭੇਜਿਆ ਗਿਆ ਸੀ।

### 4.3.2 *ਕਾਰੋਬਾਰੀ ਨੈਤਿਕਤਾ ਦਾ ਕੋਡ*

ਕੰਪਨੀਜ਼ ਐਕਟ, 2013 ਦੇ ਸੈਡਿਊਲ-IV ਦਾ ਕਲਾਜ਼ IV(4) (ਈ) ਇਹ ਮੰਗ ਕਰਦਾ ਹੈ ਕਿ ਸੁਤੰਤਰ ਨਿਰਦੇਸ਼ਕਾਂ ਦੀ ਨਿਯੁਕਤੀ ਦੇ ਪੱਤਰ ਵਿੱਚ ਕਾਰੋਬਾਰੀ ਨੈਤਿਕਤਾ ਦਾ ਕੋਡ ਸ਼ਾਮਲ ਹੋਵੇਗਾ ਜਿਸਦੀ ਪਾਲਣਾ ਦੀ ਉਮੀਦ ਕੰਪਨੀ ਆਪਣੇ ਨਿਰਦੇਸ਼ਕਾਂ ਤੋਂ ਕਰਦੀ ਹੈ। ਸੇਬੀ (ਸੂਚੀਬੱਧ ਕਰਨ ਦੀਆਂ ਜ਼ਿੰਮੇਵਾਰੀਆਂ ਅਤੇ ਖੁਲਾਸੇ ਦੀਆਂ ਜ਼ਰੂਰਤਾਂ) ਨਿਯਮਾਂ, 2015 (ਐਲ ਓ ਡੀ ਆਰ) ਦਾ ਨਿਯਮ 17(5) ਬੀ ਇਹ ਨਿਰਧਾਰਤ ਕਰਦਾ ਹੈ ਕਿ ਸੂਚੀਬੱਧ ਕੰਪਨੀ ਦੇ ਬੋਰਡ ਆਫ ਡਾਇਰੈਕਟਰਜ਼ ਦੁਆਰਾ ਨਿਰਧਾਰਤ ਕੋਡ ਆਫ ਕੰਡਕਟ ਵਿੱਚ ਕੰਪਨੀਜ਼ ਐਕਟ, 2013 ਵਿੱਚ ਨਿਰਧਾਰਿਤ ਕੀਤੇ ਗਏ ਸੁਤੰਤਰ ਨਿਰਦੇਸ਼ਕਾਂ ਦੇ ਕਰੱਤਵ ਉਚਿਤ ਤੌਰ ਤੇ ਸ਼ਾਮਲ ਹੋਣਗੇ। ਸੁਤੰਤਰ ਨਿਰਦੇਸ਼ਕਾਂ ਦੇ ਕਰੱਤਵਾਂ ਨੂੰ ਐਕਟ ਦੇ ਸੈਡਿਊਲ-IV ਦੇ ਕਲਾਜ਼ III ਵਿੱਚ ਰੱਖਿਆ ਗਿਆ ਹੈ।

ਇਹ ਵੇਖਿਆ ਗਿਆ ਕਿ ਚਾਰ ਐਸ ਪੀ ਐਸ ਈਜ਼, ਜਿੱਥੇ ਕਿ ਸੁਤੰਤਰ ਨਿਰਦੇਸ਼ਕਾਂ ਦੀ ਨਿਯੁਕਤੀ ਕੀਤੀ ਗਈ ਸੀ, ਵਿੱਚੋਂ ਦੋ[4] ਐਸ ਪੀ ਐਸ ਈਜ਼ ਨੇ ਉਪਰੋਕਤ ਜ਼ਰੂਰਤਾਂ ਦੀ ਪਾਲਣਾ ਕੀਤੀ ਅਰਥਾਤ ਬੋਰਡ ਆਫ ਡਾਇਰੈਕਟਰਜ਼ ਦੁਆਰਾ ਸੁਤੰਤਰ ਨਿਰਦੇਸ਼ਕ ਦੇ ਕਰਤੱਵਾਂ ਨੂੰ ਨਿਰਧਾਰਤ ਕੋਡ ਆਫ ਕੰਡਕਟ ਵਿੱਚ ਸ਼ਾਮਲ ਕੀਤਾ। ਬਾਕੀ ਦੋ[5] ਐਸ ਪੀ ਐਸ ਈਜ਼ ਵਿੱਚ, ਬੋਰਡ ਦੁਆਰਾ ਕੋਈ ਵੀ ਕੋਡ ਆਫ ਕੰਡਕਟ ਨਿਰਧਾਰਤ ਨਹੀਂ ਕੀਤਾ ਗਿਆ ਸੀ।

ਪੰਜਾਬ ਰਾਜ ਬੱਸ ਸਟੈਂਡ ਮੈਨੇਜਮੈਂਟ ਕੰਪਨੀ ਲਿਮਟਡ ਨੇ ਜਵਾਬ ਦਿੱਤਾ (ਫਰਵਰੀ 2021) ਕਿ ਸੇਬੀ (ਐਲ ਓ ਡੀ ਆਰ) ਦਾ ਨਿਯਮ 17(5) ਉਨ੍ਹਾਂ ਤੇ ਲਾਗੂ ਨਹੀਂ ਹੁੰਦਾ ਹੈ । ਪ੍ਰਬੰਧਨ ਦੀ ਦਲੀਲ ਸਵੀਕਾਰਯੋਗ ਨਹੀਂ ਹੈ ਕਿਉਂਕਿ ਕੰਪਨੀਜ਼ ਐਕਟ, 2013 ਦੇ ਸੈਡਿਊਲ-IV ਦੁਆਰਾ ਨਿਰਧਾਰਤ ਕੋਡ ਆਫ ਕੰਡਕਟ ਕੰਪਨੀ ਤੇ ਲਾਗੂ ਹੁੰਦਾ ਹੈ ਚਾਹੇ ਤੱਥ ਇਹ ਹੈ ਕਿ ਇਹ ਇਕ ਸੂਚੀਬੱਧ ਕੰਪਨੀ ਨਹੀਂ ਹੈ। ਕੰਪਨੀ ਨੂੰ ਆਪਣੇ ਸੁਤੰਤਰ ਨਿਰਦੇਸ਼ਕਾਂ ਲਈ ਕੋਡ ਆਫ ਕੰਡਕਟ ਨਿਰਧਾਰਤ ਕਰਨਾ ਚਾਹੀਦਾ ਸੀ।

ਪੰਜਾਬ ਰਾਜ ਕੰਨਟੇਨਰ ਅਤੇ ਵੇਅਰਹਾਊਸਿੰਗ ਕਾਰਪੋਰੇਸ਼ਨ ਲਿਮਟਡ ਦੇ ਜਵਾਬ (ਫਰਵਰੀ 2021) ਨੇ ਆਪਣੇ ਸੁਤੰਤਰ ਨਿਰਦੇਸ਼ਕਾਂ ਲਈ ਨਿਰਧਾਰਤ ਕੋਡ ਆਫ ਕੰਡਕਟ ਦੇ ਵੇਰਵੇ ਨਹੀਂ ਦਿੱਤੇ।

---

3 ਪੰਜਾਬ ਰਾਜ ਬੱਸ ਸਟੈਂਡ ਮੈਨੇਜਮੈਂਟ ਕੰਪਨੀ ਲਿਮਟਡ ਅਤੇ ਪੰਜਾਬ ਰਾਜ ਕੰਨਟੇਨਰ ਅਤੇ ਵੇਅਰਹਾਊਸਿੰਗ ਕਾਰਪੋਰੇਸ਼ਨ ਲਿਮਟਡ।

4 ਪੰਜਾਬ ਕਮਿਊਨੀਕੇਸ਼ਨਸ ਲਿਮਟਡ ਅਤੇ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਡ।

5 ਪੰਜਾਬ ਰਾਜ ਬੱਸ ਸਟੈਂਡ ਮੈਨੇਜਮੈਂਟ ਕੰਪਨੀ ਲਿਮਟਡ ਅਤੇ ਪੰਜਾਬ ਰਾਜ ਕੰਨਟੇਨਰ ਅਤੇ ਵੇਅਰਹਾਊਸਿੰਗ ਕਾਰਪੋਰੇਸ਼ਨ ਲਿਮਟਡ।

### 4.3.3 *ਸੁਤੰਤਰ ਨਿਰਦੇਸ਼ਕਾਂ ਦੀ ਸਿਖਲਾਈ*

ਕੰਪਨੀਜ਼ ਐਕਟ, 2013 ਦੇ ਸੈਡਿਊਲ-IV ਦਾ ਕਲਾਜ਼ (III)(1) ਨਿਰਧਾਰਤ ਕਰਦਾ ਹੈ ਕਿ ਸੁਤੰਤਰ ਨਿਰਦੇਸ਼ਕ ਉਚਿਤ ਇੰਡਕਸ਼ਨ ਸਿਖਲਾਈ ਲੈਣਗੇ ਅਤੇ ਨਿਯਮਤ ਤੌਰ ਤੇ ਆਪਣੇ ਹੁਨਰ, ਗਿਆਨ ਅਤੇ ਕੰਪਨੀ ਨਾਲ ਜਾਣੂ ਹੋਣ ਨੂੰ ਅਪਡੇਟ ਅਤੇ ਨਵੀਨਤਮ ਕਰਨਗੇ। ਐਪਰ, ਇਹ ਵੇਖਿਆ ਗਿਆ ਕਿ ਚਾਰ ਐਸ ਪੀ ਐਸ ਈਜ਼, ਜਿਨ੍ਹਾਂ ਵਿੱਚ ਸੁਤੰਤਰ ਨਿਰਦੇਸ਼ਕਾਂ ਦੀ ਨਿਯੁਕਤੀ ਕੀਤੀ ਗਈ ਸੀ, ਵਿੱਚੋਂ ਸਿਰਫ ਇੱਕ ਐਸ ਪੀ ਐਸ ਈ (ਪੰਜਾਬ ਕਮਿਊਨੀਕੇਸ਼ਨਸ ਲਿਮਟਡ) ਨੇ ਉਨ੍ਹਾਂ ਦੇ ਸੁਤੰਤਰ ਨਿਰਦੇਸ਼ਕਾਂ ਨੂੰ ਸਿਖਲਾਈ ਦਿੱਤੀ ਅਤੇ ਤਿੰਨ[6] ਐਸ ਪੀ ਐਸ ਈਜ਼ ਵਿੱਚ, ਸਾਲ 2019-20 ਦੌਰਾਨ ਬੋਰਡ ਤੇ ਸੁਤੰਤਰ ਨਿਰਦੇਸ਼ਕਾਂ ਵਾਸਤੇ ਅਜਿਹੀ ਕਿਸੇ ਵੀ ਸਿਖਲਾਈ ਦਾ ਸੰਚਾਲਨ ਨਹੀਂ ਕੀਤਾ ਗਿਆ ਸੀ।

ਪੰਜਾਬ ਰਾਜ ਬੱਸ ਸਟੈਂਡ ਮੈਨੇਜਮੈਂਟ ਕੰਪਨੀ ਲਿਮਟਡ ਅਤੇ ਪੰਜਾਬ ਰਾਜ ਕੰਨਟੇਨਰ ਅਤੇ ਵੇਅਰਹਾਊਸਿੰਗ ਕਾਰਪੋਰੇਸ਼ਨ ਲਿਮਟਡ ਨੇ ਉਨ੍ਹਾਂ ਦੇ ਜਵਾਬ (ਫਰਵਰੀ 2021) ਵਿੱਚ ਲੇਖਾ ਪ੍ਰੀਖਿਆ ਦੀ ਦਲੀਲ ਨਾਲ ਸਹਿਮਤੀ ਪ੍ਰਗਟ ਕੀਤੀ। ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਡ ਨੇ ਜਵਾਬ ਦਿੱਤਾ (ਫਰਵਰੀ 2021) ਕਿ ਕੋਵਿਡ-19 ਦੇ ਪ੍ਰਕੋਪ ਦੇ ਕਾਰਨ ਕੰਪਨੀ ਸੁਤੰਤਰ ਨਿਰਦੇਸ਼ਕਾਂ ਨੂੰ ਸਿਖਲਾਈ ਨਹੀਂ ਦੇ ਸਕੀ ਅਤੇ ਸੁਤੰਤਰ ਨਿਰਦੇਸ਼ਕਾਂ ਦੀ ਸਿਖਲਾਈ ਦਾ ਪ੍ਰਬੰਧ ਜਲਦੀ ਹੀ ਕੀਤਾ ਜਾਵੇਗਾ।

### 4.3.4 *ਬੋਰਡ ਆਫ ਡਾਇਰੈਕਟਰਜ਼ ਅਤੇ ਬੋਰਡ ਕਮੇਟੀਆਂ ਦੀਆਂ ਮੀਟਿੰਗਾਂ*

#### 4.3.4.1 *ਬੋਰਡ ਆਫ ਡਾਇਰੈਕਟਰਜ਼ ਦੀਆਂ ਮੀਟਿੰਗਾਂ*

ਬੋਰਡ ਕਾਰਪੋਰੇਟ ਪ੍ਰਸ਼ਾਸਨ ਦਾ ਸਭ ਤੋਂ ਮਹੱਤਵਪੂਰਨ ਸਾਧਨ ਹੈ। ਇਹ ਪ੍ਰਸ਼ਾਸਨ ਦੀਆਂ ਨੀਤੀਆਂ ਅਤੇ ਪਰੰਪਰਾਂਵਾਂ ਨੂੰ ਲਾਗੂ ਕਰਨ ਲਈ ਇਕ ਏਜੰਸੀ ਹੈ। ਇਹ ਲਾਜ਼ਮੀ ਹੈ ਕਿ ਬੋਰਡ ਕਾਰਪੋਰੇਟ ਪ੍ਰਸ਼ਾਸਨ ਵੱਲ ਲੋੜੀਂਦਾ ਧਿਆਨ ਦੇਵੇ ਅਤੇ ਲੋੜੀਂਦੀ ਪ੍ਰਤੀਨਿਧਤਾ ਨਾਲ ਲੈਸ ਹੋਵੇ ਅਤੇ ਇਸ ਦੇ ਮੈਂਬਰਾਂ ਨੂੰ ਨਿਯਮਿਤ ਤੌਰ ਤੇ ਮਿਲਣਾ ਚਾਹੀਦਾ ਹੈ। ਕੰਪਨੀਜ਼ ਐਕਟ, 2013 ਦੀ ਧਾਰਾ 173(1) ਨਿਰਧਾਰਤ ਕਰਦੀ ਹੈ ਕਿ ਬੋਰਡ, ਦੋ ਲਗਾਤਾਰ ਮੀਟਿੰਗਾਂ ਦੇ ਵਿਚਕਾਰ 120 ਦਿਨ੍ਹਾਂ ਦੇ ਅਧਿਕਤਮ ਅੰਤਰਾਲ ਨਾਲ, ਸਾਲ ਵਿੱਚ ਘੱਟੋ-ਘੱਟ ਚਾਰ ਵਾਰੀ ਮਿਲਣਗੇ। ਹਾਲਾਂਕਿ, ਕੰਪਨੀਜ਼ ਐਕਟ, 2013 ਦੀ ਧਾਰਾ ਅੱਠ ਅਧੀਨ ਰਜਿਸਟਰ ਕੰਪਨੀ ਦੇ ਬੋਰਡ ਆਫ ਡਾਇਰੈਕਟਰਜ਼ ਨੂੰ ਹਰ ਛੇ ਮਹੀਨੇ ਵਿੱਚ ਇੱਕ ਮੀਟਿੰਗ ਕਰਨ ਦੀ ਲੋੜ ਸੀ।

**ਸਾਰਣੀ** 4.2, 13 ਐਸ ਪੀ ਐਸ ਈਜ਼, ਜਿੱਥੇ ਸਾਲ 2019-20 ਦੌਰਾਨ ਸਾਲ ਵਿੱਚ ਬੋਰਡ ਆਫ ਡਾਇਰੈਕਟਰਜ਼ ਦੀਆਂ ਆਯੋਜਿਤ ਮੀਟਿੰਗਾਂ ਦੀ ਲੋੜੀਂਦੀ ਗਿਣਤੀ ਦੀ ਪਾਲਣਾ ਨਹੀਂ ਕੀਤੀ ਗਈ ਸੀ, ਨੂੰ ਦਰਸਾਉਂਦੀ ਹੈ ।

---

[6] ਪੰਜਾਬ ਰਾਜ ਬੱਸ ਸਟੈਂਡ ਮੈਨੇਜਮੈਂਟ ਕੰਪਨੀ ਲਿਮਟਡ, ਪੰਜਾਬ ਰਾਜ ਕੰਨਟੇਨਰ ਅਤੇ ਵੇਅਰਹਾਊਸਿੰਗ ਕਾਰਪੋਰੇਸ਼ਨ ਲਿਮਟਡ ਅਤੇ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਡ।

**ਸਾਰਣੀ 4.2: ਐਸ ਪੀ ਐਸ ਈਜ਼ ਦਾ ਵੇਰਵਾ ਜਿੱਥੇ ਕਿ ਲੋੜੀਂਦਾ ਨਾਲੋਂ ਘੱਟ ਬੋਰਡ ਮੀਟਿੰਗਾਂ ਆਯੋਜਿਤ ਕੀਤੀਆਂ ਗਈਆਂ**

| ਲੜੀ ਨੰ. | ਕੰਪਨੀ ਦਾ ਨਾਂ | ਆਯੋਜਿਤ ਕੀਤੀਆਂ ਮੀਟਿੰਗਾਂ ਦੀ ਗਿਣਤੀ |
|---|---|---|
| 1. | ਅੰਮ੍ਰਿਤਸਰ ਸਮਾਰਟ ਸਿਟੀ ਲਿਮਟਡ | 2 |
| 2. | ਗਿੱਦੜਬਾਹਾ ਪਾਵਰ ਲਿਮਟਡ | 2 |
| 3. | ਜਲੰਧਰ ਸਮਾਰਟ ਸਿਟੀ ਲਿਮਟਡ | 2 |
| 4. | ਲੁਧਿਆਣਾ ਸਮਾਰਟ ਸਿਟੀ ਲਿਮਟਡ | 2 |
| 5. | ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਲਿਮਟਡ | 3 |
| 6. | ਪੰਜਾਬ ਮਿਊਨੀਸਿਪਲ ਇੰਫ੍ਰਾਸਟਰਕਚਰ ਵਿਕਾਸ ਕੰਪਨੀ[7] | 0 |
| 7. | ਪੰਜਾਬ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਲਿਮਟਡ | 3 |
| 8. | ਪੰਜਾਬ ਪੁਲਿਸ ਸਿਕਊਰਟੀ ਕਾਰਪੋਰੇਸ਼ਨ ਲਿਮਟਡ | 2 |
| 9. | ਪੰਜਾਬ ਰਾਜ ਵਣ ਵਿਕਾਸ ਕਾਰਪੋਰੇਸ਼ਨ ਲਿਮਟਡ | 3 |
| 10. | ਪੰਜਾਬ ਰਾਜ ਗ੍ਰੇਨਜ਼ ਪ੍ਰੋਕਿਊਰਮੇਂਟ ਕਾਰਪੋਰੇਸ਼ਨ ਲਿਮਟਡ | 3 |
| 11. | ਪੰਜਾਬ ਰਾਜ ਬੀਜ ਕਾਰਪੋਰੇਸ਼ਨ ਲਿਮਟਡ | 2 |
| 12. | ਪੰਜਾਬ ਥਰਮਲ ਜਨਰੇਸ਼ਨ ਲਿਮਟਡ | 2 |
| 13. | ਪੰਜਾਬ ਜਲ ਸਰੋਤ ਪ੍ਰਬੰਧਨ ਅਤੇ ਵਿਕਾਸ ਕਾਰਪੋਰੇਸ਼ਨ ਲਿਮਟਡ | 3 |

***ਸਰੋਤ: ਐਸ ਪੀ ਐਸ ਈਜ਼ ਤੋਂ ਪ੍ਰਾਪਤ ਸੂਚਨਾ ਦੇ ਆਧਾਰ ਤੇ ਕੰਪਾਇਲ ਕੀਤੀ।***

ਪੰਜਾਬ ਥਰਮਲ ਜਨਰੇਸ਼ਨ ਲਿਮਟਡ ਅਤੇ ਗਿੱਦੜਬਾਹਾ ਪਾਵਰ ਲਿਮਟਡ ਨੇ ਜਵਾਬ ਦਿੱਤਾ (ਫਰਵਰੀ 2021) ਕਿ ਕਾਰੋਬਾਰ ਸ਼ੁਰੂ ਨਾ ਹੋਣ ਕਾਰਨ ਅਤੇ ਤਾਲਾਬੰਦੀ ਹੋਣ ਕਾਰਨ ਉਹ ਲੋੜੀਂਦੀ ਗਿਣਤੀ ਵਿੱਚ ਮੀਟਿੰਗ ਨਹੀਂ ਕਰ ਸਕੇ।

ਅੰਮ੍ਰਿਤਸਰ ਸਮਾਰਟ ਸਿਟੀ ਲਿਮਟਡ, ਜਲੰਧਰ ਸਮਾਰਟ ਸਿਟੀ ਲਿਮਟਡ, ਲੁਧਿਆਣਾ ਸਮਾਰਟ ਸਿਟੀ ਲਿਮਟਡ, ਪੰਜਾਬ ਮਿਊਨੀਸਿਪਲ ਇੰਫ੍ਰਾਸਟਰਕਚਰ ਵਿਕਾਸ ਕੰਪਨੀ, ਪੰਜਾਬ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਲਿਮਟਡ ਅਤੇ ਪੰਜਾਬ ਪੁਲਿਸ ਸਿਕਊਰਟੀ ਕਾਰਪੋਰੇਸ਼ਨ ਲਿਮਟਡ ਨੇ ਆਪਣੇ ਜਵਾਬਾਂ (ਮਾਰਚ 2021) ਵਿੱਚ ਦੱਸਿਆ ਕਿ ਇਨ੍ਹਾਂ ਕੰਪਨੀਆਂ ਵਿੱਚ ਬੋਰਡ ਆਫ ਡਾਇਰੈਕਟਰਜ਼ ਵਿੱਚ ਸੀਨੀਅਰ ਸਰਕਾਰੀ ਅਧਿਕਾਰੀ ਸ਼ਾਮਲ ਹਨ ਜੋ ਉਨ੍ਹਾਂ ਦੇ ਦਫਤਰ ਬਾਹਰੀ ਸਮਰੱਥਾ ਦੇ ਹਿਸਾਬ ਨਾਲ ਰੱਖਦੇ ਹਨ। ਮੀਟਿੰਗਾਂ ਉਨ੍ਹਾਂ ਦੀ ਉਪਲੱਬਧਤਾ ਦੇ ਅਧਾਰ ਤੇ ਤਹਿ ਕੀਤੀਆਂ ਜਾਂਦੀਆਂ ਹਨ।

ਪੰਜਾਬ ਜਲ ਸਰੋਤ ਪ੍ਰਬੰਧਨ ਅਤੇ ਵਿਕਾਸ ਕਾਰਪੋਰੇਸ਼ਨ ਲਿਮਟਡ ਨੇ ਜਵਾਬ ਦਿੱਤਾ (ਮਾਰਚ 2021) ਕਿ ਕੰਪਨੀ ਕੋਵਿਡ ਮਹਾਂਮਾਰੀ ਕਾਰਨ ਬੋਰਡ ਆਫ ਡਾਇਰੈਕਟਰਜ਼ ਦੀਆਂ ਚਾਰ ਮੀਟਿੰਗਾਂ ਨਹੀਂ ਕਰ ਸਕੀ।

ਪੰਜਾਬ ਰਾਜ ਬੀਜ ਕਾਰਪੋਰੇਸ਼ਨ ਲਿਮਟਡ ਨੇ ਜਵਾਬ ਦਿੱਤਾ (ਮਾਰਚ 2021) ਕਿ ਨਿਰਦੇਸ਼ਕਾਂ ਦੀ ਗੈਰ-ਉਪਲੱਬਧਤਾ ਕਾਰਨ ਲੋੜੀਂਦੀ ਗਿਣਤੀ ਵਿੱਚ ਬੋਰਡ ਮੀਟਿੰਗਾਂ ਨਹੀਂ ਹੋ ਸਕੀਆਂ ਅਤੇ ਭਰੋਸਾ ਦਿੱਤਾ ਕਿ ਅਗਲੇ ਸਾਲ ਇਸ ਨਿਯਮ ਦੀ ਪਾਲਣਾ ਕਰਨ ਲਈ ਲੋੜੀਂਦੇ ਕਦਮ ਚੁੱਕੇ ਜਾਣਗੇ।

ਪੰਜਾਬ ਰਾਜ ਵਣ ਵਿਕਾਸ ਕਾਰਪੋਰੇਸ਼ਨ ਲਿਮਟਡ, ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਲਿਮਟਡ ਨੇ ਜਵਾਬ (ਮਾਰਚ 2021 ਅਤੇ ਜਨਵਰੀ 2021) ਵਿੱਚ ਦੱਸਿਆ ਕਿ 25 ਮਾਰਚ 2020

[7] ਧਾਰਾ 8 ਕੰਪਨੀ ਹੋਣ ਕਾਰਨ ਪੀ ਐਮ ਆਈ ਡੀ ਸੀ ਨੂੰ ਸਿਰਫ ਦੋ ਬੋਰਡ ਮੀਟਿੰਗਾਂ ਕਰਨ ਦੀ ਲੋੜ ਸੀ ।

ਨੂੰ ਤਹਿ ਕੀਤੀ ਚੌਥੀ ਮੀਟਿੰਗ ਰਾਸ਼ਟਰੀ ਤਾਲਾਬੰਦੀ ਹੋਣ ਕਾਰਨ ਨਹੀਂ ਕਰ ਸਕੇ। ਕੰਪਨੀਆਂ ਦਾ ਜਵਾਬ ਸਵੀਕਾਰਯੋਗ ਨਹੀਂ ਹੈ ਕਿਉਂਕਿ ਇਹ ਕਾਰਪੋਰੇਟ ਮਾਮਲਿਆਂ ਦੇ ਮੰਤਰਾਲੇ ਦੁਆਰਾ ਸਰਕੂਲਰ ਨੰਬਰ 11/2020 ਮਿਤੀ 24 ਮਾਰਚ 2020 ਦੇ ਆਧਾਰ ਤੇ ਛੋਟ ਦੀ ਮਿਆਦ, ਜੋ ਕਿ 30 ਸਤੰਬਰ 2020 ਤੱਕ ਸੀ, ਦੌਰਾਨ ਵੀ ਬੋਰਡ ਮੀਟਿੰਗਾਂ ਨਹੀਂ ਕਰਾ ਸਕੇ।

ਪੰਜਾਬ ਰਾਜ ਗ੍ਰੇਨਜ਼ ਪ੍ਰੋਕਿਊਰਮੈਂਟ ਕਾਰਪੋਰੇਸ਼ਨ ਲਿਮਟਡ ਦੇ ਜਵਾਬ ਦੀ ਉਡੀਕ ਸੀ।

### 4.3.4.2 *ਬੋਰਡ ਕਮੇਟੀਆਂ ਦੀਆਂ ਮੀਟਿੰਗਾਂ*

ਕੰਪਨੀਜ਼ ਐਕਟ, 2013 ਦੇ ਸੈਡਿਊਲ-IV ਦਾ ਕਲਾਜ਼ III(3) ਵਿਵਸਥਾ ਕਰਦਾ ਹੈ ਕਿ ਸੁਤੰਤਰ ਨਿਰਦੇਸ਼ਕ ਨੂੰ ਬੋਰਡ ਆਫ ਡਾਇਰੈਕਟਰਜ਼ ਅਤੇ ਬੋਰਡ ਕਮੇਟੀਆਂ ਦੀਆਂ ਸਾਰੀਆਂ ਮੀਟਿੰਗਾਂ, ਜਿਸ ਦਾ ਉਹ ਮੈਂਬਰ ਹੈ, ਵਿੱਚ ਸ਼ਾਮਲ ਹੋਣ ਲਈ ਕੋਸ਼ਿਸ ਕਰਨੀ ਚਾਹੀਦੀ ਹੈ। ਕੁੱਝ ਸੁਤੰਤਰ ਨਿਰਦੇਸ਼ਕ, ਹਾਲਾਂਕਿ, ਇਹਨਾਂ ਕੁੱਝ ਮੀਟਿੰਗਾਂ ਵਿੱਚ ਸ਼ਾਮਲ ਨਹੀਂ ਹੋਏ ਸਨ। ਹੇਠਾਂ **ਸਾਰਣੀ** 4.3 ਅਜਿਹੇ ਸੁਤੰਤਰ ਨਿਰਦੇਸ਼ਕਾਂ ਦੀ ਗਿਣਤੀ ਬਾਰੇ ਸੰਕੇਤ ਕਰਦੀ ਹੈ ਜਿਹੜੇ ਕਿ 2019-20 ਦੌਰਾਨ ਬੋਰਡ ਅਤੇ ਕਮੇਟੀਆਂ ਦੀ ਮੀਟਿੰਗ ਵਿੱਚ ਸ਼ਾਮਲ ਨਹੀਂ ਹੋਏ ਸਨ:

**ਸਾਰਣੀ 4.3: ਸਾਲ 2019-20 ਦੌਰਾਨ ਬੋਰਡ ਅਤੇ ਕਮੇਟੀਆਂ ਦੀਆਂ ਮੀਟਿੰਗਾਂ ਜਿਨ੍ਹਾਂ ਵਿੱਚ ਸੁਤੰਤਰ ਨਿਰਦੇਸ਼ਕ ਸ਼ਾਮਲ ਨਹੀਂ ਹੋਏ ਸਨ**

| ਲੜੀ ਨੰ. | ਐਸ ਪੀ ਐਸ ਈ ਦਾ ਨਾਂ | ਬੋਰਡ ਦੀ ਮੀਟਿੰਗਾਂ ਦੀ ਗਿਣਤੀ ਜਿੰਨ੍ਹਾਂ ਵਿੱਚ ਇੱਕ ਜਾਂ ਵੱਧ ਸੁਤੰਤਰ ਨਿਰਦੇਸ਼ਕ ਸ਼ਾਮਲ ਨਹੀਂ ਹੋਏ ਸਨ | ਲੇਖਾ ਪ੍ਰੀਖਿਆ ਕਮੇਟੀ ਦੀ ਮੀਟਿੰਗਾਂ ਦੀ ਗਿਣਤੀ ਜਿੰਨ੍ਹਾਂ ਵਿੱਚ ਇੱਕ ਜਾਂ ਵੱਧ ਸੁਤੰਤਰ ਨਿਰਦੇਸ਼ਕ ਸ਼ਾਮਲ ਨਹੀਂ ਹੋਏ ਸਨ | ਨਾਮਜ਼ਦਗੀ ਅਤੇ ਮਿਹਨਤਾਨਾ ਕਮੇਟੀ ਦੀ ਮੀਟਿਗਾਂ ਦੀ ਗਿਣਤੀ ਜਿੰਨ੍ਹਾਂ ਵਿੱਚ ਇੱਕ ਜਾਂ ਵੱਧ ਸੁਤੰਤਰ ਨਿਰਦੇਸ਼ਕ ਸ਼ਾਮਲ ਨਹੀਂ ਹੋਏ ਸਨ |
|---|---|---|---|---|
| 1. | ਪੰਜਾਬ ਕਮਿਊਨੀਕੇਸ਼ਨਸ ਲਿਮਟਡ | ਚਾਰ ਮੀਟਿੰਗਾਂ ਵਿੱਚੋਂ ਤਿੰਨ ਮੀਟਿੰਗਾਂ ਵਿੱਚ ਸ਼ਾਮਲ ਨਹੀਂ ਹੋਏ | ਚਾਰ ਮੀਟਿੰਗਾਂ ਵਿੱਚੋਂ ਇੱਕ ਮੀਟਿੰਗ ਵਿੱਚ ਸ਼ਾਮਲ ਨਹੀਂ ਹੋਏ | ਕੋਈ ਮੀਟਿੰਗ ਨਹੀਂ ਹੋਈ |
| 2. | ਪੰਜਾਬ ਰਾਜ ਬੱਸ ਸਟੈਂਡ ਮੈਨੇਜਮੈਂਟ ਕੰਪਨੀ ਲਿਮਟਡ | ਚਾਰ ਮੀਟਿੰਗਾਂ ਵਿੱਚੋਂ ਤਿੰਨ ਮੀਟਿੰਗਾਂ ਵਿੱਚ ਸ਼ਾਮਲ ਨਹੀਂ ਹੋਏ | ਦੋ ਮੀਟਿੰਗਾਂ ਵਿੱਚੋਂ ਇੱਕ ਮੀਟਿੰਗ ਵਿੱਚ ਸ਼ਾਮਲ ਨਹੀਂ ਹੋਏ | ਇੱਕ ਮੀਟਿੰਗ ਹੋਈ ਜਿਸ ਵਿੱਚ ਸ਼ਾਮਲ ਨਹੀਂ ਹੋਏ |

*ਸਰੋਤ: ਐਸ ਪੀ ਐਸ ਈਜ਼ ਤੋਂ ਪ੍ਰਾਪਤ ਸੂਚਨਾ ਦੇ ਆਧਾਰ ਤੇ ਕੰਪਾਇਲ ਕੀਤੀ ।*

ਪੰਜਾਬ ਰਾਜ ਬੱਸ ਸਟੈਂਡ ਮੈਨੇਜਮੈਂਟ ਕੰਪਨੀ ਲਿਮਟਡ ਨੇ ਜਵਾਬ ਦਿੱਤਾ (ਫਰਵਰੀ 2021) ਕਿ ਹਰ ਮੀਟਿੰਗ ਦਾ ਨੋਟਿਸ ਨਿਰਦੇਸ਼ਕਾਂ ਨੂੰ ਦਿੱਤਾ ਜਾਂਦਾ ਹੈ ਅਤੇ ਨਿਰਦੇਸ਼ਕਾਂ ਦੀ ਹਾਜ਼ਰੀ ਨੂੰ ਯਕੀਨੀ ਬਣਾਉਣ ਲਈ ਯਤਨ ਕੀਤੇ ਜਾਣਗੇ।

ਪੰਜਾਬ ਕਮਿਊਨੀਕੇਸ਼ਨਸ ਲਿਮਟਡ ਨੇ ਜਵਾਬ ਦਿੱਤਾ (ਫਰਵਰੀ 2021) ਕਿ ਹਰ ਸੁਤੰਤਰ ਨਿਰਦੇਸ਼ਕ ਨੂੰ ਬੋਰਡ ਮੀਟਿੰਗ ਵਿੱਚ ਹਾਜ਼ਰ ਹੋਣਾ ਜ਼ਰੂਰੀ ਨਹੀਂ ਹੈ। ਹਾਲਾਂਕਿ, ਲੇਖਾ ਪ੍ਰੀਖਿਆ ਦਾ ਵਿਚਾਰ ਹੈ ਕਿ ਕੰਪਨੀ ਸੁਤੰਤਰ ਨਿਰਦੇਸ਼ਕਾਂ ਨੂੰ ਬੋਰਡ ਮੀਟਿੰਗਾਂ ਵਿੱਚ ਹਾਜ਼ਰ ਹੋਣ ਲਈ ਮਨਾ ਸਕਦੀ ਹੈ ਤਾਂ ਜੋ ਭਾਗੀਦਾਰਾਂ ਦੇ ਹਿੱਤ ਵਿੱਚ ਮੈਨੇਜਮੈਂਟ ਦੇ ਫੈਸਲਿਆਂ ਤੇ ਸੁਤੰਤਰ ਵਿਚਾਰ ਰੱਖੇ ਜਾ ਸਕਣ।

#### 4.3.4.3 *ਕੰਪਨੀ ਦੀਆਂ ਜਨਰਲ ਮੀਟਿੰਗਾਂ ਵਿੱਚ ਸ਼ਾਮਲ ਹੋਣਾ*

ਕੰਪਨੀਜ਼ ਐਕਟ, 2013 ਦੇ ਸੈਡਿਊਲ-IV ਦਾ ਕਲਾਜ਼ III(5) ਇਹ ਵਿਵਸਥਾ ਕਰਦਾ ਹੈ ਕਿ ਸੁਤੰਤਰ ਨਿਰਦੇਸ਼ਕ ਕੰਪਨੀ ਦੀਆਂ ਜਨਰਲ ਮੀਟਿੰਗਾਂ ਵਿੱਚ ਸ਼ਾਮਲ ਹੋਣ ਦੀ ਕੋਸ਼ਿਸ਼ ਕਰਨਗੇ। ਚਾਰ ਐਸ ਪੀ ਐਸ ਈਜ਼ ਜਿੰਨ੍ਹਾਂ ਵਿੱਚ ਸੁਤੰਤਰ ਨਿਰਦੇਸ਼ਕਾਂ ਦੀ ਨਿਯੁਕਤੀ ਕੀਤੀ ਗਈ ਸੀ, ਵਿੱਚੋਂ ਸਿਰਫ ਇੱਕ[8] ਐਸ ਪੀ ਐਸ ਈ ਵਿੱਚ ਸੁਤੰਤਰ ਨਿਰਦੇਸ਼ਕ ਸਾਰੀਆਂ ਜਨਰਲ ਮੀਟਿੰਗਾਂ ਵਿੱਚ ਸ਼ਾਮਲ ਹੋਏ ਸਨ। **ਸਾਰਣੀ** 4.4 ਉਨ੍ਹਾਂ ਤਿੰਨ ਐਸ ਪੀ ਐਸ ਈਜ਼ ਜਿੰਨ੍ਹਾਂ ਵਿੱਚ ਸੁਤੰਤਰ ਨਿਰਦੇਸ਼ਕ ਸਾਲ 2019-20 ਦੌਰਾਨ ਜਨਰਲ ਮੀਟਿੰਗਾਂ ਵਿੱਚ ਸ਼ਾਮਲ ਨਹੀਂ ਹੋਏ ਸਨ ਬਾਰੇ ਸੰਕੇਤ ਕਰਦੀ ਹੈ।

**ਸਾਰਣੀ 4.4: ਜਨਰਲ ਮੀਟਿੰਗਾਂ ਜਿੰਨ੍ਹਾਂ ਵਿੱਚ ਇੱਕ ਜਾਂ ਵੱਧ ਸੁਤੰਤਰ ਨਿਰਦੇਸ਼ਕ ਸ਼ਾਮਲ ਨਹੀਂ ਹੋਏ ਸਨ**

| ਲੜੀ ਨੰ. | ਐਸ ਪੀ ਐਸ ਈ ਦਾ ਨਾਂ | ਜਨਰਲ ਮੀਟਿੰਗਾਂ ਦੀ ਗਿਣਤੀ ਜਿੰਨ੍ਹਾਂ ਵਿੱਚ ਇੱਕ ਜਾਂ ਇੱਕ ਤੋਂ ਵੱਧ ਸੁਤੰਤਰ ਨਿਰਦੇਸ਼ਕ ਸ਼ਾਮਲ ਨਹੀਂ ਹੋਏ ਸਨ |
|---|---|---|
| 1. | ਪੰਜਾਬ ਕਮਿਊਨੀਕੇਸ਼ਨਸ ਲਿਮਟਡ | ਦੋ ਵਿੱਚੋਂ ਇੱਕ ਏ ਜੀ ਐਮ ਵਿੱਚ ਸ਼ਾਮਲ ਨਹੀਂ ਹੋਏ |
| 2. | ਪੰਜਾਬ ਰਾਜ ਬੱਸ ਸਟੈਂਡ ਮੈਨੇਜਮੈਂਟ ਕੰਪਨੀ ਲਿਮਟਡ | ਤਿੰਨ ਵਿੱਚੋਂ ਇੱਕ ਏ ਜੀ ਐਮ ਵਿੱਚ ਸ਼ਾਮਲ ਨਹੀਂ ਹੋਏ |
| 3. | ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਡ | ਚਾਰ ਏ ਜੀ ਐਮ ਅਤੇ ਦੋ ਈ ਜੀ ਐਮ ਵਿੱਚੋਂ ਇੱਕ ਈ ਜੀ ਐਮ ਵਿੱਚ ਸ਼ਾਮਲ ਨਹੀਂ ਹੋਏ |

*ਸਰੋਤ: ਐਸ ਪੀ ਐਸ ਈਜ਼ ਤੋਂ ਪ੍ਰਾਪਤ ਸੂਚਨਾ ਦੇ ਆਧਾਰ ਤੇ ਕੰਪਾਇਲ ਕੀਤੀ ।*

ਪੰਜਾਬ ਕਮਿਊਨੀਕੇਸ਼ਨਸ ਲਿਮਟਡ ਨੇ ਜਵਾਬ ਦਿੱਤਾ (ਫਰਵਰੀ 2021) ਕਿ ਹਰੇਕ ਸੁਤੰਤਰ ਨਿਰਦੇਸ਼ਕ ਨੂੰ ਕੰਪਨੀ ਦੀ ਸਾਲਾਨਾ ਜਨਰਲ ਮੀਟਿੰਗ ਵਿੱਚ ਸ਼ਾਮਲ ਹੋਣਾ ਜ਼ਰੂਰੀ ਨਹੀਂ ਹੈ। ਹਾਲਾਂਕਿ ਲੇਖਾ ਪ੍ਰੀਖਿਆ ਦਾ ਵਿਚਾਰ ਹੈ ਕਿ ਕੰਪਨੀ ਸੁਤੰਤਰ ਨਿਰਦੇਸ਼ਕਾਂ ਨੂੰ ਜਨਰਲ ਮੀਟਿੰਗਾਂ ਵਿੱਚ ਹਾਜ਼ਰ ਹੋਣ ਲਈ ਮਨਾ ਸਕਦੀ ਹੈ ਤਾਂ ਜੋ ਭਾਗੀਦਾਰਾਂ ਦੇ ਹਿੱਤ ਵਿੱਚ ਮੈਨੇਜਮੈਂਟ ਦੇ ਫੈਸਲਿਆਂ ਤੇ ਸੁਤੰਤਰ ਵਿਚਾਰ ਰੱਖੇ ਜਾ ਸਕਣ।

ਪੰਜਾਬ ਰਾਜ ਬੱਸ ਸਟੈਂਡ ਮੈਨੇਜਮੈਂਟ ਕੰਪਨੀ ਲਿਮਟਡ ਨੇ ਜਵਾਬ ਦਿੱਤਾ (ਫਰਵਰੀ 2021) ਕਿ ਹਰ ਏ ਜੀ ਐਮ/ਈ ਜੀ ਐਮ ਦਾ ਨੋਟਿਸ ਸੁਤੰਤਰ ਨਿਰਦੇਸ਼ਕਾਂ ਨੂੰ ਵੀ ਦਿੱਤਾ ਜਾਂਦਾ ਹੈ ਅਤੇ ਨਿਰਦੇਸ਼ਕਾਂ ਦੀ ਹਾਜ਼ਰੀ ਨੂੰ ਯਕੀਨੀ ਬਣਾਉਣ ਲਈ ਯਤਨ ਕੀਤੇ ਜਾਣਗੇ।

## 4.4 ਨਿਰਦੇਸ਼ਕਾਂ ਅਤੇ ਕੰਪਨੀ ਸਕੱਤਰ ਦੇ ਪਦਾਂ ਦੀ ਭਰਤੀ

ਨਿਰਦੇਸ਼ਕਾਂ ਦੇ ਅਹੁਦੇ ਤੇ ਖਾਲੀ ਅਸਾਮੀਆਂ ਨੂੰ ਸਮੇਂ ਸਿਰ ਭਰਨਾ ਕੰਪਨੀ ਦੇ ਪ੍ਰਬੰਧਨ ਵਿੱਚ ਲੋੜੀਂਦੇ ਹੁਨਰ ਅਤੇ ਮਹਾਰਤ ਦੀ ਉਪਲੱਬਧਤਾ ਨੂੰ ਯਕੀਨੀ ਬਣਾਉਂਦਾ ਹੈ। ਖਾਲੀ ਅਸਾਮੀਆਂ ਨੂੰ ਭਰਨ ਵਿੱਚ ਕੋਈ ਦੇਰੀ, ਫੈਸਲੇ ਲੈਣ ਦੀ ਪ੍ਰਕਿਰਿਆ ਦੇ ਪ੍ਰਭਾਵ ਲਈ ਅੜਚਨ ਪੈਦਾ ਕਰ ਸਕਦੀ ਹੈ। ਕੰਪਨੀਜ਼ ਐਕਟ, 2013 ਦੀ ਧਾਰਾ 203(4) ਨਿਰਧਾਰਤ ਕਰਦੀ ਹੈ ਕਿ ਜੇਕਰ ਪੂਰੇ ਸਮੇਂ ਦੇ ਮੁੱਖ ਪ੍ਰਬੰਧਕੀ ਅਧਿਕਾਰੀ ਦਾ ਦਫਤਰ ਖਾਲੀ ਹੋਇਆ ਹੈ ਤਾਂ ਨਤੀਜੇ ਵਜੋਂ ਖਾਲੀ ਅਸਾਮੀ ਨੂੰ ਬੋਰਡ ਦੁਆਰਾ ਖਾਲੀ ਹੋਣ ਦੀ ਮਿੱਤੀ ਤੋਂ ਛੇ ਮਹੀਨਿਆਂ ਦੇ ਅੰਦਰ ਬੋਰਡ ਦੀ ਮੀਟਿੰਗ ਵਿੱਚ ਭਰਿਆ ਜਾਵੇਗਾ।

---

8 ਪੰਜਾਬ ਰਾਜ ਕੰਨਟੇਨਰ ਅਤੇ ਵੇਅਰਹਾਊਸਿੰਗ ਕਾਰਪੋਰੇਸ਼ਨ ਲਿਮਟਡ

ਇਹ ਵੇਖਿਆ ਗਿਆ ਕਿ ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ ਵਿੱਚ, ਕਾਰਜਕਾਰੀ ਨਿਰਦੇਸ਼ਕ (ਪ੍ਰਸ਼ਾਸਨ) ਦਾ ਪਦ 27 ਮਹੀਨਿਆਂ (2 ਮਈ 2017 ਤੋਂ 26 ਅਗਸਤ 2019 ਤੱਕ) ਦੇ ਸਮੇਂ ਲਈ ਖਾਲੀ ਰਿਹਾ ਅਤੇ ਕਾਰਜਕਾਰੀ ਨਿਰਦੇਸ਼ਕ (ਵਿੱਤ ਅਤੇ ਵਪਾਰਕ) ਦਾ ਪਦ 18 ਮਹੀਨਿਆਂ (13 ਅਪ੍ਰੈਲ 2018 ਤੋਂ 23 ਅਕਤੂਬਰ 2019 ਤੱਕ) ਲਈ ਖਾਲੀ ਰਿਹਾ ਸੀ। 2019-20 ਵਿੱਚ ਦੋਵੇਂ ਨਿਰਦੇਸ਼ਕ ਦੀਆਂ ਅਸਾਮੀਆਂ ਭਰਿਆਂ ਗਈਆਂ (27 ਅਗਸਤ 2019 ਨੂੰ ਈ ਡੀ/ਪ੍ਰਸਾਸ਼ਨ ਅਤੇ 24 ਅਕਤੂਬਰ 2019 ਨੂੰ ਈ ਡੀ/ਵਿੱਤ ਅਤੇ ਵਪਾਰਕ)।

ਕੰਪਨੀਜ਼ (ਪ੍ਰਬੰਧਕੀ ਅਧਿਕਾਰੀਆਂ ਦੀ ਨਿਯੁਕਤੀ ਅਤੇ ਮਿਹਨਤਾਨਾ) ਸੋਧ ਨਿਯਮਾਂ 2020 ਦੇ ਨਿਯਮ 8 ਏ ਦੇ ਅਨੁਸਾਰ, ₹ ਪੰਜ ਕਰੋੜ ਜਾਂ ਇਸ ਤੋਂ ਵੱਧ[9] ਦੀ ਅਦਾ ਕੀਤੀ ਸ਼ੇਅਰ ਪੂੰਜੀ ਵਾਲੀ ਹਰ ਇੱਕ ਸੂਚੀਬੱਧ ਕੰਪਨੀ ਅਤੇ ਹਰ ਦੂਜੀ ਸਾਰਵਜਨਿਕ ਕੰਪਨੀ ਵਿੱਚ ਪੂਰੇ ਸਮੇਂ ਦਾ ਕੰਪਨੀ ਸਕੱਤਰ ਹੋਵੇਗਾ।

ਹਾਲਾਂਕਿ, 2019-20 ਦੌਰਾਨ ਇਸ ਮਾਪਦੰਡ ਨੂੰ ਪੂਰਾ ਕਰਨ ਵਾਲੀ ਚਾਰ[10] ਕੰਪਨੀਆਂ ਕੋਲ ਪੂਰੇ ਸਮੇਂ ਦਾ ਕੰਪਨੀ ਸਕੱਤਰ ਨਹੀਂ ਸੀ।

## 4.5 ਲੇਖਾ ਪ੍ਰੀਖਿਆ ਕਮੇਟੀ

### 4.5.1 *ਲੇਖਾ ਪ੍ਰੀਖਿਆ ਕਮੇਟੀ ਦੀ ਬਣਤਰ*

ਕੰਪਨੀਜ਼ ਐਕਟ, 2013 ਦੀ ਧਾਰਾ 177 (1) ਅਤੇ 177 (2) ਕੰਪਨੀਜ਼ (ਬੋਰਡ ਦੀਆਂ ਮੀਟਿੰਗਾਂ ਅਤੇ ਇਸ ਦੀਆਂ ਸ਼ਕਤੀਆਂ) ਨਿਯਮਾਂ, 2014 ਦੇ ਨਿਯਮ 6 ਦੇ ਨਾਲ ਪੜ੍ਹਦੇ ਹੋਏ ਇਹ ਵਿਵਸਥਾ ਕਰਦੀ ਹੈ ਕਿ ਕੰਪਨੀਜ਼ (ਨਿਰਦੇਸ਼ਕਾਂ ਦੀ ਨਿਯੁਕਤੀ ਅਤੇ ਯੋਗਤਾ) ਨਿਯਮਾਂ, 2014 ਦੇ ਨਿਯਮ 4[11] ਦੇ ਅਧੀਨ ਆਉਂਦੀ ਹਰ ਸੂਚੀਬੱਧ ਸਾਰਵਜਨਿਕ ਕੰਪਨੀ ਅਤੇ ਕੰਪਨੀਆਂ, ਇੱਕ ਲੇਖਾ ਪ੍ਰੀਖਿਆ ਕਮੇਟੀ ਦਾ ਗਠਨ ਕਰਨਗੀਆਂ ਜਿਸ ਵਿੱਚ ਘੱਟੋ-ਘੱਟ ਤਿੰਨ ਨਿਰਦੇਸ਼ਕ ਮੈਂਬਰ ਹੋਣਗੇ, ਜਿੰਨ੍ਹਾਂ ਵਿੱਚੋਂ ਬਹੁਗਿਣਤੀ ਦੇ ਸੁਤੰਤਰ ਨਿਰਦੇਸ਼ਕ ਹੋਣਗੇ।

ਉਪਰੋਕਤ ਸ਼ਰਤਾਂ ਦੇ ਅਨੁਸਾਰ, ***ਅਨੁਲੱਗ 11*** ਵਿੱਚ ਦਰਸਾਈਆਂ ਅੱਠ ਐਸ ਪੀ ਐਸ ਈਜ਼ ਨੂੰ ਲੇਖਾ ਪ੍ਰੀਖਿਆ ਕਮੇਟੀ ਬਣਾਉਣੀ ਚਾਹੀਦੀ ਸੀ। ਇਨ੍ਹਾਂ ਸਾਰੇ ਐਸ ਪੀ ਐਸ ਈਜ਼ ਨੇ ਲੇਖਾ ਪ੍ਰੀਖਿਆ ਕਮੇਟੀ ਦਾ ਗਠਨ ਕੀਤੀ ਸੀ।

---

9 ਨੋਟੀਫਿਕੇਸ਼ਨ ਜੀ ਐਸ ਆਰ 13 (ਈ) ਮਿਤੀ 3 ਜਨਵਰੀ 2020 ਦੁਆਰਾ 1 ਅਪ੍ਰੈਲ 2020 ਤੋਂ ₹ ਪੰਜ ਕਰੋੜ ਦੀ ਸੀਮਾ ਨੂੰ ਸੋਧ ਕੇ ₹ ਦੱਸ ਕਰੋੜ ਕਰ ਦਿੱਤਾ ਗਿਆ ਹੈ।

10 ਪੰਜਾਬ ਰਾਜ ਬੀਜ ਕਾਰਪੋਰੇਸ਼ਨ ਲਿਮਟਡ, ਪੰਜਾਬ ਸੈਰ ਸਪਾਟਾ ਵਿਕਾਸ ਕਾਰਪੋਰੇਸ਼ਨ ਲਿਮਟਡ, ਪੰਜਾਬ ਜਲ ਸਰੋਤ ਪ੍ਰਬੰਧਨ ਅਤੇ ਵਿਕਾਸ ਕਾਰਪੋਰੇਸ਼ਨ ਲਿਮਟਡ ਅਤੇ ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ ਲਿਮਟਡ।

11 ₹ ਦੱਸ ਕਰੋੜ ਜਾਂ ਵੱਧ ਦੀ ਅਦਾ ਕੀਤੀ ਸ਼ੇਅਰ ਪੂੰਜੀ; ਜਾਂ ₹ 100 ਕਰੋੜ ਜਾਂ ਵੱਧ ਦੇ ਟਰਨਓਵਰ; ਜਾਂ ₹ 50 ਕਰੋੜ ਜਾਂ ਵੱਧ ਦੇ ਬਕਾਇਆ ਕਰਜ਼ੇ, ਡਿਬੈਂਚਰ ਅਤੇ ਜਮ੍ਹਾਂ ਰਕਮ ਵਾਲੀ ਹਰ ਸੂਚੀਬੱਧ ਕੰਪਨੀ ਅਤੇ ਹਰ ਸਾਰਵਜਨਿਕ ਕੰਪਨੀ ਦੇ ਬੋਰਡ ਵਿੱਚ ਘੱਟੋ-ਘੱਟ ਦੋ ਸੁਤੰਤਰ ਨਿਰਦੇਸ਼ਕ ਹੋਣਗੇ।

ਇਸ ਤੋਂ ਇਲਾਵਾ, ਇਨ੍ਹਾਂ ਅੱਠ ਐਸ ਪੀ ਐਸ ਈਜ਼ ਵਿੱਚੋਂ ਪੰਜ[12] ਵਿੱਚ ਲੇਖਾ ਪ੍ਰੀਖਿਆ ਕਮੇਟੀ ਦੇ ਜਿਆਦਾਤਰ ਮੈਂਬਰ ਸੁਤੰਤਰ ਨਿਰਦੇਸ਼ਕ ਨਹੀਂ ਸਨ ਕਿਉਂਕਿ ਜਾਂ ਤਾਂ ਉਨ੍ਹਾਂ ਦੇ ਬੋਰਡ ਵਿੱਚ ਸੁਤੰਤਰ ਨਿਰਦੇਸ਼ਕ ਨਹੀਂ ਸਨ ਜਾਂ ਕੰਨਵੇਅਰ ਦੇ ਮਾਮਲੇ ਵਿੱਚ ਇਸਦੇ ਬੋਰਡ ਵਿੱਚ ਇੱਕ ਸੁਤੰਤਰ ਨਿਰਦੇਸ਼ਕ ਦੀ ਅਸਾਮੀ ਖਾਲੀ ਸੀ। ਇਸ ਤੋਂ ਇਲਾਵਾ, ਲੇਖਾ ਪ੍ਰੀਖਿਆ ਕਮੇਟੀ ਨੇ ਹੇਠਾਂ ਦਿੱਤੀ **ਸਾਰਣੀ** 4.5 ਦੇ ਅਨੁਸਾਰ ਕੰਪਨੀਜ਼ ਐਕਟ, 2013 ਦੀ ਧਾਰਾ 177 ਵਿੱਚ ਨਿਰਧਾਰਤ ਕਰਤੱਵਾਂ ਨੂੰ ਪੂਰਾ ਨਹੀਂ ਕੀਤਾ।

**ਸਾਰਣੀ 4.5: ਲੇਖਾ ਪ੍ਰੀਖਿਆ ਕਮੇਟੀਆਂ ਦੁਆਰਾ ਕੀਤੇ ਗਏ ਕਾਰਜਾਂ ਦੀ ਸਮੀਖਿਆ**

| ਲੜੀ ਨੰ. | ਐਸ ਪੀ ਐਸ ਈ ਦਾ ਨਾਂ | ਲੇਖਾ ਪ੍ਰੀਖਿਆ ਕਮੇਟੀ ਨੇ ਵਿਚਾਰ ਕੀਤਾ | ਲੇਖਾ ਪ੍ਰੀਖਿਆ ਕਮੇਟੀ ਨੇ ਵਿਚਾਰ ਨਹੀਂ ਕੀਤਾ |
|---|---|---|---|
| 1. | ਪੰਜਾਬ ਕਮਿਊਨੀਕੇਸ਼ਨਸ ਲਿਮਟਡ | • ਅਧਿਨਿਯਮਿਕ ਲੇਖਾ ਪਰੀਖਕ ਦੀ ਰਿਪੋਰਟ ਅਤੇ ਸੀ ਏ ਜੀ ਦੀ ਪੂਰਕ ਲੇਖਾ ਪ੍ਰੀਖਿਆ ਰਿਪੋਰਟ।<br>• ਅੰਦਰੂਨੀ ਲੇਖਾ ਪਰੀਖਕ ਦੀ ਨਿਯੁਕਤੀ ਅਤੇ ਅੰਦਰੂਨੀ ਲੇਖਾ ਪ੍ਰੀਖਿਆ ਰਿਪੋਰਟ।<br>• ਸਾਲਾਨਾ ਵਿੱਤੀ ਵਿਵਰਣੀਆਂ ਦੀ ਸਮੀਖਿਆ।<br>• ਕੰਪਨੀ ਵਿੱਚ ਅੰਦਰੂਨੀ ਨਿਯੰਤਰਣ ਪ੍ਰਣਾਲੀਆਂ ਦੀ ਸਮੀਖਿਆ।<br>• ਅੰਦਰੂਨੀ ਲੇਖਾ ਪ੍ਰੀਖਿਆ ਕਾਰਜਾਂ ਦੀ ਵਾਜਬਤਾ ਦੀ ਸਮੀਖਿਆ। | |
| 2. | ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਡ | • ਅਧਿਨਿਯਮਿਕ ਲੇਖਾ ਪਰੀਖਕ ਦੀ ਰਿਪੋਰਟ ਅਤੇ ਸੀ ਏ ਜੀ ਦੀ ਪੂਰਕ ਲੇਖਾ ਪ੍ਰੀਖਿਆ ਰਿਪੋਰਟ।<br>• ਅੰਦਰੂਨੀ ਲੇਖਾ ਪਰੀਖਕ ਦੀ ਨਿਯੁਕਤੀ ਅਤੇ ਅੰਦਰੂਨੀ ਲੇਖਾ ਪ੍ਰੀਖਿਆ ਰਿਪੋਰਟ।<br>• ਸਾਲਾਨਾ ਵਿੱਤੀ ਵਿਵਰਣੀਆਂ ਦੀ ਸਮੀਖਿਆ। | • ਕੰਪਨੀ ਵਿੱਚ ਅੰਦਰੂਨੀ ਨਿਯੰਤਰਣ ਪ੍ਰਣਾਲੀਆਂ ਦੀ ਸਮੀਖਿਆ।<br>• ਅੰਦਰੂਨੀ ਲੇਖਾ ਪ੍ਰੀਖਿਆ ਕਾਰਜਾਂ ਦੀ ਵਾਜਬਤਾ ਦੀ ਸਮੀਖਿਆ। |
| 3. | ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ | • ਅਧਿਨਿਯਮਿਕ ਲੇਖਾ ਪਰੀਖਕ ਦੀ ਰਿਪੋਰਟ ਅਤੇ ਸੀ ਏ ਜੀ ਦੀ ਪੂਰਕ ਲੇਖਾ ਪ੍ਰੀਖਿਆ ਰਿਪੋਰਟ।<br>• ਸਾਲਾਨਾ ਵਿੱਤੀ ਵਿਵਰਣੀਆਂ ਦੀ ਸਮੀਖਿਆ। | • ਕੰਪਨੀ ਵਿੱਚ ਅੰਦਰੂਨੀ ਨਿਯੰਤਰਣ ਪ੍ਰਣਾਲੀਆਂ ਦੀ ਸਮੀਖਿਆ।<br>• ਅੰਦਰੂਨੀ ਲੇਖਾ ਪ੍ਰੀਖਿਆ ਕਾਰਜਾਂ ਦੀ ਵਾਜਬਤਾ ਦੀ ਸਮੀਖਿਆ।<br>• ਅੰਦਰੂਨੀ ਲੇਖਾ ਪਰੀਖਕ ਦੀ ਨਿਯੁਕਤੀ ਅਤੇ ਅੰਦਰੂਨੀ ਲੇਖਾ ਪ੍ਰੀਖਿਆ ਰਿਪੋਰਟ। |
| 4. | ਪੰਜਾਬ ਜੈਨਕੋ ਲਿਮਟਡ | • ਕੰਪਨੀ ਵਿੱਚ ਅੰਦਰੂਨੀ ਨਿਯੰਤਰਣ ਪ੍ਰਣਾਲੀਆਂ ਦੀ ਸਮੀਖਿਆ।<br>• ਅੰਦਰੂਨੀ ਲੇਖਾ ਪ੍ਰੀਖਿਆ ਕਾਰਜਾਂ ਦੀ ਵਾਜਬਤਾ ਦੀ ਸਮੀਖਿਆ। | • ਸਾਲਾਨਾ ਵਿੱਤੀ ਵਿਵਰਣੀਆਂ ਦੀ ਸਮੀਖਿਆ।<br>• ਅਧਿਨਿਯਮਿਕ ਲੇਖਾ ਪਰੀਖਕ ਦੀ ਰਿਪੋਰਟ ਅਤੇ ਸੀ ਏ ਜੀ ਦੀ ਪੂਰਕ ਲੇਖਾ ਪ੍ਰੀਖਿਆ ਰਿਪੋਰਟ। |

[12] ਇਸ ਰਿਪੋਰਟ ਦੇ ਪੈਰ੍ਹਾ 4.2.1 ਦੇ ਤਹਿਤ ਸਾਰਣੀ 4.1 ਵਿੱਚ ਸੂਚੀਬੱਧ ਅਤੇ ਪੰਜਾਬ ਰਾਜ ਕੰਨਟੇਨਰ ਅਤੇ ਵੇਅਰਹਾਊਸਿੰਗ ਕਾਰਪੋਰੇਸ਼ਨ ਲਿਮਟਡ।

| ਲੜੀ ਨੰ. | ਐਸ ਪੀ ਐਸ ਈ ਦਾ ਨਾਂ | ਲੇਖਾ ਪ੍ਰੀਖਿਆ ਕਮੇਟੀ ਨੇ ਵਿਚਾਰ ਕੀਤਾ | ਲੇਖਾ ਪ੍ਰੀਖਿਆ ਕਮੇਟੀ ਨੇ ਵਿਚਾਰ ਨਹੀਂ ਕੀਤਾ |
|---|---|---|---|
| | | | • ਅੰਦਰੂਨੀ ਲੇਖਾ ਪਰੀਖਕ ਦੀ ਨਿਯੁਕਤੀ ਅਤੇ ਅੰਦਰੂਨੀ ਲੇਖਾ ਪ੍ਰੀਖਿਆ ਰਿਪੋਰਟ। |
| 5. | ਪੰਜਾਬ ਰਾਜ ਗ੍ਰੇਨਜ਼ ਪ੍ਰੋਕਿਊਰਮੇਂਟ ਕਾਰਪੋਰੇਸ਼ਨ ਲਿਮਟਡ | • ਅਧਿਨਿਯਮਿਕ ਲੇਖਾ ਪਰੀਖਕ ਦੀ ਰਿਪੋਰਟ ਅਤੇ ਸੀ ਏ ਜੀ ਦੀ ਪੂਰਕ ਲੇਖਾ ਪ੍ਰੀਖਿਆ ਰਿਪੋਰਟ।<br>• ਅੰਦਰੂਨੀ ਲੇਖਾ ਪਰੀਖਕ ਦੀ ਨਿਯੁਕਤੀ ਅਤੇ ਅੰਦਰੂਨੀ ਲੇਖਾ ਪ੍ਰੀਖਿਆ ਰਿਪੋਰਟ।<br>• ਸਾਲਾਨਾ ਵਿੱਤੀ ਵਿਵਰਣੀਆਂ ਦੀ ਸਮੀਖਿਆ।<br>• ਕੰਪਨੀ ਵਿੱਚ ਅੰਦਰੂਨੀ ਨਿਯੰਤਰਣ ਪ੍ਰਣਾਲੀਆਂ ਦੀ ਸਮੀਖਿਆ।<br>• ਅੰਦਰੂਨੀ ਲੇਖਾ ਪ੍ਰੀਖਿਆ ਕਾਰਜਾਂ ਦੀ ਵਾਜਬਤਾ ਦੀ ਸਮੀਖਿਆ। | |
| 6. | ਪੰਜਾਬ ਰਾਜ ਬੱਸ ਸਟੈਂਡ ਮੈਨੇਜਮੈਂਟ ਕੰਪਨੀ ਲਿਮਟਡ | • ਸਾਲਾਨਾ ਵਿੱਤੀ ਵਿਵਰਣੀਆਂ ਦੀ ਸਮੀਖਿਆ। | • ਅਧਿਨਿਯਮਿਕ ਲੇਖਾ ਪਰੀਖਕ ਦੀ ਰਿਪੋਰਟ ਅਤੇ ਸੀ ਏ ਜੀ ਦੀ ਪੂਰਕ ਲੇਖਾ ਪ੍ਰੀਖਿਆ ਰਿਪੋਰਟ।<br>• ਅੰਦਰੂਨੀ ਲੇਖਾ ਪਰੀਖਕ ਦੀ ਨਿਯੁਕਤੀ ਅਤੇ ਅੰਦਰੂਨੀ ਲੇਖਾ ਪ੍ਰੀਖਿਆ ਰਿਪੋਰਟ।<br>• ਕੰਪਨੀ ਵਿੱਚ ਅੰਦਰੂਨੀ ਨਿਯੰਤਰਣ ਪ੍ਰਣਾਲੀਆਂ ਦੀ ਸਮੀਖਿਆ।<br>• ਅੰਦਰੂਨੀ ਲੇਖਾ ਪ੍ਰੀਖਿਆ ਕਾਰਜਾਂ ਦੀ ਵਾਜਬਤਾ ਦੀ ਸਮੀਖਿਆ। |
| 7. | ਪੰਜਾਬ ਰਾਜ ਕੰਨਟੇਨਰ ਅਤੇ ਵੇਅਰਹਾਊਸਿੰਗ ਕਾਰਪੋਰੇਸ਼ਨ ਲਿਮਟਡ | • ਅਧਿਨਿਯਮਿਕ ਲੇਖਾ ਪਰੀਖਕ ਦੀ ਰਿਪੋਰਟ ਅਤੇ ਸੀ ਏ ਜੀ ਦੀ ਪੂਰਕ ਲੇਖਾ ਪ੍ਰੀਖਿਆ ਰਿਪੋਰਟ।<br>• ਅੰਦਰੂਨੀ ਲੇਖਾ ਪਰੀਖਕ ਦੀ ਨਿਯੁਕਤੀ ਅਤੇ ਅੰਦਰੂਨੀ ਲੇਖਾ ਪ੍ਰੀਖਿਆ ਰਿਪੋਰਟ।<br>• ਸਾਲਾਨਾ ਵਿੱਤੀ ਵਿਵਰਣੀਆਂ ਦੀ ਸਮੀਖਿਆ।<br>• ਕੰਪਨੀ ਵਿੱਚ ਅੰਦਰੂਨੀ ਨਿਯੰਤਰਣ ਪ੍ਰਣਾਲੀਆਂ ਦੀ ਸਮੀਖਿਆ।<br>• ਅੰਦਰੂਨੀ ਲੇਖਾ ਪ੍ਰੀਖਿਆ ਕਾਰਜਾਂ ਦੀ ਵਾਜਬਤਾ ਦੀ ਸਮੀਖਿਆ। | |
| 8. | ਪੰਜਾਬ ਜਲ ਸਰੋਤ ਪ੍ਰਬੰਧਨ ਅਤੇ ਵਿਕਾਸ ਕਾਰਪੋਰੇਸ਼ਨ ਲਿਮਟਡ | | • ਅਧਿਨਿਯਮਿਕ ਲੇਖਾ ਪਰੀਖਕ ਦੀ ਰਿਪੋਰਟ ਅਤੇ ਸੀ ਏ ਜੀ ਦੀ ਪੂਰਕ ਲੇਖਾ ਪ੍ਰੀਖਿਆ ਰਿਪੋਰਟ।<br>• ਅੰਦਰੂਨੀ ਲੇਖਾ ਪਰੀਖਕ ਦੀ ਨਿਯੁਕਤੀ ਅਤੇ ਅੰਦਰੂਨੀ ਲੇਖਾ ਪ੍ਰੀਖਿਆ ਰਿਪੋਰਟ। |

| ਲੜੀ ਨੰ. | ਐਸ ਪੀ ਐਸ ਈ ਦਾ ਨਾਂ | ਲੇਖਾ ਪ੍ਰੀਖਿਆ ਕਮੇਟੀ ਨੇ ਵਿਚਾਰ ਕੀਤਾ | ਲੇਖਾ ਪ੍ਰੀਖਿਆ ਕਮੇਟੀ ਨੇ ਵਿਚਾਰ ਨਹੀਂ ਕੀਤਾ |
|---|---|---|---|
| | | | • ਸਾਲਾਨਾ ਵਿੱਤੀ ਵਿਵਰਣੀਆਂ ਦੀ ਸਮੀਖਿਆ।<br>• ਕੰਪਨੀ ਵਿੱਚ ਅੰਦਰੂਨੀ ਨਿਯੰਤਰਣ ਪ੍ਰਣਾਲੀਆਂ ਦੀ ਸਮੀਖਿਆ।<br>• ਅੰਦਰੂਨੀ ਲੇਖਾ ਪ੍ਰੀਖਿਆ ਕਾਰਜਾਂ ਦੀ ਵਾਜਬਤਾ ਦੀ ਸਮੀਖਿਆ। |

*ਸਰੋਤ: ਐਸ ਪੀ ਐਸ ਈਜ਼ ਤੋਂ ਪ੍ਰਾਪਤ ਸੂਚਨਾ ਦੇ ਆਧਾਰ ਤੇ ਕੰਪਾਇਲ ਕੀਤੀ ।*

ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ ਨੇ ਲੇਖਾ ਪ੍ਰੀਖਿਆ ਦੀ ਟਿੱਪਣੀਆਂ ਦਾ ਲੇਖਾ ਪ੍ਰੀਖਿਆ ਕਮੇਟੀ ਦੁਆਰਾ ਭਵਿੱਖ ਵਿੱਚ ਕੀਤੇ ਜਾਣ ਵਾਲੇ ਕਾਰਜਾਂ ਦੌਰਾਨ ਪਾਲਣਾ ਦਾ ਭਰੋਸਾ ਦਿੱਤਾ (ਫਰਵਰੀ 2021)। ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਡ, ਪੰਜਾਬ ਜੈਨਕੋ ਲਿਮਟਡ, ਪੰਜਾਬ ਰਾਜ ਬੱਸ ਸਟੈਂਡ ਮੈਨੇਜਮੈਂਟ ਕੰਪਨੀ ਲਿਮਟਡ ਅਤੇ ਪੰਜਾਬ ਰਾਜ ਕੰਨਟੇਨਰ ਅਤੇ ਵੇਅਰਹਾਊਸਿੰਗ ਕਾਰਪੋਰੇਸ਼ਨ ਲਿਮਟਡ ਨੇ ਖਾਸ ਜਵਾਬ ਨਹੀਂ ਦਿੱਤੇ।

## 4.6 ਹੋਰ ਕਮੇਟੀਆਂ

### 4.6.1 *ਨਾਮਜ਼ਦਗੀ ਅਤੇ ਮਿਹਨਤਾਨਾ ਕਮੇਟੀ*

ਕੰਪਨੀਜ਼ ਐਕਟ, 2013 ਦੀ ਧਾਰਾ 178 (1) ਕੰਪਨੀਜ਼ (ਬੋਰਡ ਦੀਆਂ ਮੀਟਿੰਗਾਂ ਅਤੇ ਇਸ ਦੀਆਂ ਸ਼ਕਤੀਆਂ) ਨਿਯਮਾਂ, 2014 ਦੇ ਨਿਯਮ 6 ਦੇ ਨਾਲ ਪੜ੍ਹਦੇ ਹੋਏ ਇਹ ਵਿਵਸਥਾ ਕਰਦੀ ਹੈ ਕਿ ਕੰਪਨੀਜ਼ (ਨਿਰਦੇਸ਼ਕਾਂ ਦੀ ਨਿਯੁਕਤੀ ਅਤੇ ਯੋਗਤਾ) ਨਿਯਮਾਂ, 2014 ਦੇ ਨਿਯਮ 4[13] ਦੇ ਅਧੀਨ ਆਉਂਦੀ ਹਰ ਸੂਚੀਬੱਧ ਸਾਰਵਜਨਿਕ ਕੰਪਨੀ ਅਤੇ ਕੰਪਨੀਆਂ, ਇੱਕ ਨਾਮਜ਼ਦਗੀ ਅਤੇ ਮਿਹਨਤਾਨਾ ਕਮੇਟੀ ਦਾ ਗਠਨ ਕਰਨਗੀਆਂ ਜਿਸ ਵਿੱਚ ਘੱਟੋ-ਘੱਟ ਤਿੰਨ ਗੈਰ-ਕਾਰਜਕਾਰੀ ਨਿਰਦੇਸ਼ਕ ਮੈਂਬਰ ਹੋਣਗੇ, ਜਿੰਨ੍ਹਾਂ ਵਿੱਚੋਂ ਅੱਧੇ ਤੋਂ ਘੱਟ ਸੁਤੰਤਰ ਨਿਰਦੇਸ਼ਕ ਨਹੀਂ ਹੋਣਗੇ। ਕਮੇਟੀ ਦੇ ਕੰਮ ਵਿੱਚ ਉਨ੍ਹਾਂ ਵਿਅਕਤੀਆਂ ਦੀ ਪਛਾਣ, ਜੋ ਨਿਰਦੇਸ਼ਕ ਬਣਨ ਦੇ ਯੋਗ ਹਨ ਅਤੇ ਜਿਨ੍ਹਾਂ ਨੂੰ ਸੀਨੀਅਰ ਪ੍ਰਬੰਧਨ ਵਿੱਚ ਨਿਯੁਕਤ ਕੀਤਾ ਜਾ ਸਕਦਾ ਹੈ; ਉਨ੍ਹਾਂ ਦੀ ਨਿਯੁਕਤੀ ਅਤੇ ਹਟਾਉਣ ਦੇ ਲਈ ਬੋਰਡ ਨੂੰ ਸਿਫ਼ਾਰਸ਼ ਕਰਨਾ; ਅਤੇ ਹਰ ਨਿਰਦੇਸ਼ਕ ਦੀ ਕਾਰਗੁਜ਼ਾਰੀ ਦਾ ਮੁਲਾਂਕਣ ਸ਼ਾਮਲ ਹੈ। ਇਹ ਕਮੇਟੀ ਨਿਰਦੇਸ਼ਕਾਂ, ਮੁੱਖ ਪ੍ਰਬੰਧਕੀ ਕਰਮਚਾਰੀਆਂ ਅਤੇ ਹੋਰ ਕਰਮਚਾਰੀਆਂ ਨੂੰ ਮਿਹਨਤਾਨੇ ਨਾਲ ਸਬੰਧਤ ਨੀਤੀ ਨੂੰ ਵੀ ਬੋਰਡ ਨੂੰ ਸਿਫ਼ਾਰਸ਼ ਕਰੇਗੀ।

ਉਪਰੋਕਤ ਸ਼ਰਤਾਂ ਅਨੁਸਾਰ, ਅੱਠ ਕੰਪਨੀਆਂ *(ਅਨੁਲੱਗ 11)* ਨੂੰ ਇੱਕ ਨਾਮਜ਼ਦਗੀ ਅਤੇ ਮਿਹਨਤਾਨਾ ਕਮੇਟੀ ਦੇ ਗਠਨ ਦੀ ਲੋੜ ਸੀ। ਹਾਲਾਂਕਿ, ਹੇਠਾਂ ਦਿੱਤੀ **ਸਾਰਣੀ** 4.9 ਵਿੱਚ ਜ਼ਿਕਰ ਕੀਤੇ ਦੋ ਐਸ ਪੀ ਐਸ ਈਜ਼ ਕੋਲ ਆਪਣੀ ਨਾਮਜ਼ਦਗੀ ਅਤੇ ਮਿਹਨਤਾਨਾ ਕਮੇਟੀ ਨਹੀਂ ਸੀ।

---

[13] ₹ ਦੱਸ ਕਰੋੜ ਜਾਂ ਵੱਧ ਦੀ ਅਦਾ ਕੀਤੀ ਸ਼ੇਅਰ ਪੂੰਜੀ; ਜਾਂ ₹ 100 ਕਰੋੜ ਜਾਂ ਵੱਧ ਦੇ ਟਰਨਓਵਰ; ਜਾਂ ₹ 50 ਕਰੋੜ ਜਾਂ ਵੱਧ ਦੇ ਬਕਾਇਆ ਕਰਜ਼ੇ, ਡਿਬੈਂਚਰ ਅਤੇ ਜਮ੍ਹਾਂ ਰਕਮ ਵਾਲੀ ਹਰ ਸੂਚੀਬੱਧ ਕੰਪਨੀ ਅਤੇ ਹਰ ਸਾਰਵਜਨਿਕ ਕੰਪਨੀ ਦੇ ਬੋਰਡ ਵਿੱਚ ਘੱਟੋ-ਘੱਟ ਦੋ ਸੁਤੰਤਰ ਨਿਰਦੇਸ਼ਕ ਹੋਣਗੇ।

**ਸਾਰਣੀ 4.6: ਐਸ ਪੀ ਐਸ ਈਜ਼ ਜਿਨ੍ਹਾਂ ਕੋਲ ਨਾਮਜ਼ਦਗੀ ਅਤੇ ਮਿਹਨਤਾਨਾ ਕਮੇਟੀ ਨਹੀਂ ਹੈ**

| ਲੜੀ ਨੰ. | ਐਸ ਪੀ ਐਸ ਈ ਦਾ ਨਾਂ |
|---|---|
| 1. | ਪੰਜਾਬ ਰਾਜ ਗ੍ਰੇਨਜ਼ ਪ੍ਰੋਕਿਊਰਮੇਂਟ ਕਾਰਪੋਰੇਸ਼ਨ ਲਿਮਟਡ |
| 2. | ਪੰਜਾਬ ਜਲ ਸਰੋਤ ਪ੍ਰਬੰਧਨ ਅਤੇ ਵਿਕਾਸ ਕਾਰਪੋਰੇਸ਼ਨ ਲਿਮਟਡ |

*ਸਰੋਤ: ਐਸ ਪੀ ਐਸ ਈਜ਼ ਤੋਂ ਪ੍ਰਾਪਤ ਸੂਚਨਾ ਦੇ ਆਧਾਰ ਤੇ ਕੰਪਾਇਲ ਕੀਤੀ ।*

ਪੰਜਾਬ ਜਲ ਸਰੋਤ ਪ੍ਰਬੰਧਨ ਅਤੇ ਵਿਕਾਸ ਕਾਰਪੋਰੇਸ਼ਨ ਲਿਮਟਡ ਨੇ ਜਵਾਬ ਦਿੱਤਾ (ਮਾਰਚ 2021) ਕਿ ਉਨ੍ਹਾਂ ਨੇ ਨਾਮਜ਼ਦਗੀ ਅਤੇ ਮਿਹਨਤਾਨਾ ਕਮੇਟੀ ਦਾ ਗਠਨ ਨਹੀਂ ਕੀਤਾ ਹੈ ਕਿਉਂਕਿ ਉਨ੍ਹਾਂ ਦੇ ਬੋਰਡ ਵਿੱਚ ਸੁਤੰਤਰ ਨਿਰਦੇਸ਼ਕ ਨਹੀਂ ਹਨ। ਪੰਜਾਬ ਰਾਜ ਗ੍ਰੇਨਜ਼ ਪ੍ਰੋਕਿਊਰਮੇਂਟ ਕਾਰਪੋਰੇਸ਼ਨ ਲਿਮਟਡ ਤੋਂ ਜਵਾਬ ਦੀ ਉਡੀਕ ਸੀ।

ਅਨੁਪਾਲਨ ਵਾਲੇ ਛੇ ਐਸ ਪੀ ਐਸ ਈਜ਼, ਜਿਨ੍ਹਾਂ ਨੇ ਨਾਮਜ਼ਦਗੀ ਅਤੇ ਮਿਹਨਤਾਨਾ ਕਮੇਟੀ ਦਾ ਗਠਨ ਕਿਤਾ ਸੀ, ਵਿੱਚੋਂ **ਸਾਰਣੀ** 4.7 ਵਿੱਚ ਦਿੱਤੀਆਂ ਤਿੰਨ ਐਸ ਪੀ ਐਸ ਈਜ਼ ਕੋਲ ਕਮੇਟੀ ਦਾ ਹਿੱਸਾ ਬਣਨ ਲਈ ਲੋੜੀਂਦੀ ਗਿਣਤੀ ਵਿੱਚ ਸੁਤੰਤਰ ਨਿਰਦੇਸ਼ਕ ਨਹੀਂ ਸਨ।

**ਸਾਰਣੀ 4.7: ਨਾਮਜਦਗੀ ਅਤੇ ਮਿਹਨਤਾਨਾ ਕਮੇਟੀ ਵਿੱਚ ਸੁਤੰਤਰ ਨਿਰਦੇਸ਼ਕਾਂ ਦੀ ਗਿਣਤੀ**

| ਲੜੀ ਨੰ. | ਐਸ ਪੀ ਐਸ ਈ ਦਾ ਨਾਂ | ਕਮੇਟੀ ਵਿੱਚ ਨਿਰਦੇਸ਼ਕਾਂ ਦੀ ਕੁੱਲ ਗਿਣਤੀ | ਕਮੇਟੀ ਵਿੱਚ ਸੁਤੰਤਰ ਨਿਰਦੇਸ਼ਕ |
|---|---|---|---|
| 1. | ਪੰਜਾਬ ਜੈਨਕੋ ਲਿਮਟਡ | 4 | 0 |
| 2. | ਪੰਜਾਬ ਰਾਜ ਕੰਨਟੇਨਰ ਅਤੇ ਵੇਅਰਹਾਊਸਿੰਗ ਕਾਰਪੋਰੇਸ਼ਨ ਲਿਮਟਡ | 3 | 1 |
| 3. | ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ | 3 | 0 |

*ਸਰੋਤ: ਐਸ ਪੀ ਐਸ ਈਜ਼ ਤੋਂ ਪ੍ਰਾਪਤ ਸੂਚਨਾ ਦੇ ਆਧਾਰ ਤੇ ਕੰਪਾਇਲ ਕੀਤੀ ।*

ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ ਨੇ ਜਵਾਬ ਦਿੱਤਾ (ਫਰਵਰੀ 2021) ਕਿ ਨਾਮਜ਼ਦਗੀ ਅਤੇ ਮਿਹਨਤਾਨਾ ਕਮੇਟੀ ਦੇ ਸਬੰਧ ਵਿੱਚ ਕੰਪਨੀਜ਼ ਐਕਟ ਦੀਆਂ ਜ਼ਿਆਦਾਤਰ ਵਿਵਸਥਾਵਾਂ, ਸਰਕਾਰੀ ਕੰਪਨੀ ਤੇ ਲਾਗੂ ਨਹੀਂ ਹੁੰਦਿਆਂ ਕਿਉਂਕਿ ਨਿਰਦੇਸ਼ਕਾਂ ਦੀ ਨਿਯੁਕਤੀ ਸਰਕਾਰ ਦੁਆਰਾ ਕੀਤੀ ਜਾਂਦੀ ਹੈ। ਸੀਨੀਅਰ ਅਧਿਕਾਰੀਆਂ ਨੂੰ ਬੋਰਡ ਆਫ ਡਾਇਰੇਕਟਰਜ਼ ਦੁਆਰਾ ਪ੍ਰਵਾਨਿਤ ਨਿਯਮਾਂ ਅਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਿਯੁਕਤੀ/ਤਰੱਕੀ ਦਿੱਤੀ ਜਾਂਦੀ ਹੈ। ਇਸ ਲਈ 2019-20 ਦੌਰਾਨ ਨਾਮਜ਼ਦਗੀ ਅਤੇ ਮਿਹਨਤਾਨਾ ਕਮੇਟੀ ਦੀ ਮੀਟਿੰਗ ਕਰਵਾਉਣ ਦੀ ਲੋੜ ਮਹਿਸੂਸ ਨਹੀਂ ਹੋਈ। ਹਾਲਾਂਕਿ, ਤੱਥ ਇਹ ਹੈ ਕਿ ਕਿਸੇ ਸਰਕਾਰੀ ਕੰਪਨੀ ਨੂੰ ਕਮੇਟੀ ਬਣਾਉਣ ਅਤੇ ਮੀਟਿੰਗ ਕਰਨ ਸਬੰਧੀ ਕੋਈ ਛੋਟ ਉਪਲੱਬਧ ਨਹੀਂ ਸੀ।

ਪੰਜਾਬ ਜੈਨਕੋ ਲਿਮਟਡ ਨੇ ਕੋਈ ਖਾਸ ਜਵਾਬ ਨਹੀਂ ਦਿੱਤਾ ਹੈ।

4.6.2 ਕੰਪਨੀਜ ਐਕਟ, 2013 ਦੀ ਲੇਖਾ ਪ੍ਰੀਖਿਆ ਕਮੇਟੀ ਦੇ ਸੰਬੰਧ ਵਿੱਚ ਧਾਰਾ 177 ਅਤੇ ਨਾਮਜ਼ਦਗੀ ਅਤੇ ਮਿਹਨਤਾਨਾ ਕਮੇਟੀ ਸੰਬੰਧੀ ਧਾਰਾ 178 ਦੀਆਂ ਵਿਵਸਥਾਵਾਂ ਦੀ ਉਲੰਘਣਾ ਦੇ ਮਾਮਲੇ ਵਿੱਚ, ਕੰਪਨੀ ਜੁਰਮਾਨੇ ਨਾਲ ਦੰਡਿਤ ਹੋਵੇਗੀ ਜੋ ਕਿ ₹ ਇੱਕ ਲੱਖ ਤੋਂ ਘੱਟ ਨਹੀਂ ਹੋਵੇਗਾ ਅਤੇ ₹ ਪੰਜ ਲੱਖ ਤੱਕ ਵੱਧ ਸਕਦਾ ਹੈ ਅਤੇ ਦੋਸ਼ੀ ਕੰਪਨੀ ਦੇ ਹਰੇਕ ਅਫਸਰ ਨੂੰ ਇੱਕ ਮਿਆਦ ਤੱਕ ਦੀ ਕੈਦ ਦੀ ਸਜ਼ਾ ਹੋਵੇਗੀ ਜੋ ਕਿ ਇੱਕ ਸਾਲ ਤੱਕ ਵਧਾਈ ਜਾ ਸਕਦੀ ਹੈ ਜਾਂ ਜੁਰਮਾਨੇ

ਨਾਲ ਜੋ ਕਿ ₹ 25 ਹਜ਼ਾਰ ਤੋਂ ਘੱਟ ਨਹੀਂ ਹੋਵੇਗਾ ਪ੍ਰੰਤੂ ਇਹ ₹ ਇਕ ਲੱਖ ਤੱਕ ਵੱਧ ਸਕਦਾ ਹੈ, ਜਾਂ ਦੋਵਾਂ ਦੇ ਨਾਲ, ਲੇਖਾ ਪ੍ਰੀਖਿਆ ਵਿੱਚ ਕਵਰ ਕੀਤੀ ਐਸ ਪੀ ਐਸ ਈ, ਨੂੰ ਹੋ ਸਕਦੀ ਹੈ।

ਇਹ ਵੇਖਿਆ ਗਿਆ ਕਿ ਸਾਲ 2019-20 ਦੌਰਾਨ ਕਾਰਪੋਰੇਟ ਮਾਮਲਿਆਂ ਦੇ ਮੰਤਰਾਲੇ ਦੁਆਰਾ ਅਜਿਹਾ ਕੋਈ ਜ਼ੁਰਮਾਨਾ ਇਸ ਅਧਿਆਇ ਵਿੱਚ ਸ਼ਾਮਲ ਐਸ ਪੀ ਐਸ ਈਜ਼ ਤੇ ਨਹੀਂ ਲਗਾਇਆ ਗਿਆ ਸੀ।

## 4.7 ਵਿਸਲ ਬਲੋਅਰ ਮਕੈਨੀਜ਼ਮ

ਕੰਪਨੀਜ਼ ਐਕਟ, 2013 ਦੀ ਧਾਰਾ 177 (9) ਕੰਪਨੀਜ਼ (ਬੋਰਡ ਦੀਆਂ ਮੀਟਿੰਗਾਂ ਅਤੇ ਇਸ ਦੀਆਂ ਸ਼ਕਤੀਆਂ) ਨਿਯਮਾਂ, 2014 ਦੇ ਨਿਯਮ 7 ਦੇ ਨਾਲ ਪੜ੍ਹਦੇ ਹੋਏ ਇਹ ਵਿਵਸਥਾ ਕਰਦੀ ਹੈ ਕਿ ਹਰੇਕ ਸੂਚੀਬੱਧ ਕੰਪਨੀ ਜਾਂ ਇੱਕ ਕੰਪਨੀ ਜੋ ਕਿ ਲੋਕਾਂ ਤੋਂ ਡਿਪਾਜ਼ਿਟਸ ਜਾਂ ਬੈਂਕਾ ਜਾਂ ਵਿੱਤੀ ਸੰਸਥਾਵਾਂ ਤੋਂ ₹ 50 ਕਰੋੜ ਤੋਂ ਵੱਧ ਦੀ ਰਕਮ ਦਾ ਕਰਜ਼ਾ ਚੁੱਕਦੀ ਹੈ, ਨਿਰਦੇਸ਼ਕਾਂ ਅਤੇ ਕਰਮਚਾਰੀਆਂ ਨੂੰ ਉਨ੍ਹਾਂ ਦੀਆਂ ਅਸਲ ਚਿੰਤਾਵਾਂ ਜਾਂ ਸ਼ਿਕਾਇਤਾਂ ਬਾਰੇ ਦੱਸਣ ਲਈ ਇਕ ਚੌਕਸੀ ਵਿਧੀ ਸਥਾਪਤ ਕਰੇਗੀ। ***ਅਨੁਲੱਗ 13*** ਵਿੱਚ ਦਰਸਾਈਆਂ ਸੱਤ ਕੰਪਨੀਆਂ ਨੂੰ ਵਿਸਲ ਬਲੋਅਰ ਮਕੈਨੀਜ਼ਮ ਨੂੰ ਸਥਾਪਿਤ ਕਰਨ ਦੀ ਜ਼ਰੂਰਤ ਸੀ।

ਜਦੋਂ ਕਿ, ਇਹ ਵੇਖਿਆ ਗਿਆ ਸੀ ਕਿ **ਸਾਰਣੀ** 4.8 ਵਿੱਚ ਸੂਚੀਬੱਧ ਤਿੰਨ ਐਸ ਪੀ ਐਸ ਈਜ਼ ਵਿੱਚ ਕੋਈ ਵਿਸਲ ਬਲੋਅਰ ਮਕੈਨੀਜ਼ਮ ਨਹੀਂ ਸੀ।

**ਸਾਰਣੀ 4.8: ਐਸ ਪੀ ਐਸ ਈਜ਼ ਜਿਨ੍ਹਾਂ ਕੋਲ ਵਿਸਲ ਬਲੋਅਰ ਮਕੈਨੀਜ਼ਮ ਨਹੀਂ ਹੈ**

| ਲੜੀ ਨੰ. | ਐਸ ਪੀ ਐਸ ਈ ਦਾ ਨਾਂ |
|---|---|
| 1. | ਪੰਜਾਬ ਰਾਜ ਗ੍ਰੇਨਜ਼ ਪ੍ਰੋਕਿਊਰਮੇਂਟ ਕਾਰਪੋਰੇਸ਼ਨ ਲਿਮਟਡ |
| 2. | ਪੰਜਾਬ ਮਿਊਨੀਸਿਪਲ ਇੰਫ੍ਰਾਸਟਰਕਚਰ ਵਿਕਾਸ ਕੰਪਨੀ |
| 3. | ਪੰਜਾਬ ਜਲ ਸਰੋਤ ਪ੍ਰਬੰਧਨ ਅਤੇ ਵਿਕਾਸ ਕਾਰਪੋਰੇਸ਼ਨ ਲਿਮਟਡ |

***ਸਰੋਤ: ਐਸ ਪੀ ਐਸ ਈਜ਼ ਤੋਂ ਪ੍ਰਾਪਤ ਸੂਚਨਾ ਦੇ ਆਧਾਰ ਤੇ ਕੰਪਾਇਲ ਕੀਤੀ ।***

ਪੰਜਾਬ ਮਿਊਨੀਸਿਪਲ ਇੰਫ੍ਰਾਸਟਰਕਚਰ ਵਿਕਾਸ ਕੰਪਨੀ ਆਪਣੇ ਨਿਰਦੇਸ਼ਕਾਂ ਅਤੇ ਕਰਮਚਾਰੀਆਂ ਲਈ ਉਚਿਤ ਚੌਕਸੀ ਵਿਧੀ ਤਿਆਰ ਕਰਨ ਦੀ ਪ੍ਰਕਿਰਿਆ ਵਿੱਚ ਹੈ।

ਪੰਜਾਬ ਜਲ ਸਰੋਤ ਮਨੇਜਮੈਂਟ ਅਤੇ ਵਿਕਾਸ ਕਾਰਪੋਰੇਸ਼ਨ ਲਿਮਟਡ ਨੇ ਜਵਾਬ ਦਿੱਤਾ (ਮਾਰਚ 2021) ਕਿ ਚੌਕਸੀ ਵਿਧੀ ਲਾਗੂ ਨਹੀਂ ਹੈ ਕਿਉਂਕਿ ਇਹ ਸੂਚੀਬੱਧ ਕੰਪਨੀ ਨਹੀਂ ਹੈ ਅਤੇ ਇਸ ਨੇ ਬੈਂਕ ਜਾਂ ਵਿੱਤੀ ਸੰਸਥਾਵਾਂ ਤੋਂ ਕੋਈ ਵੀ ਰਾਸ਼ੀ ਉਧਾਰ ਨਹੀਂ ਲਈ ਹੈ। ਜਵਾਬ ਸਵੀਕਾਰਯੋਗ ਨਹੀਂ ਹੈ ਕਿਉਂਕਿ ਕੰਪਨੀ ਕੋਲ ਚੌਕਸੀ ਵਿਧੀ ਦੀ ਸਥਾਪਨਾ ਲਈ ਮਾਪਦੰਡ ਵਿੱਚ ਨਿਰਧਾਰਤ ਸੀਮਾ ਤੋਂ ਵੱਧ ਬਕਾਇਆ ਕਰਜ਼ੇ ਸਨ।

ਪੰਜਾਬ ਰਾਜ ਗ੍ਰੇਨਜ਼ ਪ੍ਰੋਕਿਊਰਮੇਂਟ ਕਾਰਪੋਰੇਸ਼ਨ ਲਿਮਟਡ ਦੇ ਜਵਾਬ ਦੀ ਉਡੀਕ ਸੀ ।

## 4.8 ਅੰਦਰੂਨੀ ਲੇਖਾ ਪ੍ਰੀਖਿਆ ਢਾਂਚਾ

### 4.8.1 *ਅੰਦਰੂਨੀ ਲੇਖਾ ਪ੍ਰੀਖਿਆ ਦੀ ਭੂਮਿਕਾ*

ਅੰਦਰੂਨੀ ਲੇਖਾ ਪ੍ਰੀਖਿਆ ਸੁਤੰਤਰ ਪ੍ਰਬੰਧਨ ਦਾ ਇਕ ਕਾਰਜ ਹੈ, ਜਿਸ ਵਿੱਚ ਇਕ ਇਕਾਈ ਦੇ ਕੰਮਕਾਜ ਦਾ ਨਿਰੰਤਰ ਅਤੇ ਆਲੋਚਨਾਤਮਕ ਮੁਲਾਂਕਣ ਸ਼ਾਮਲ ਹੁੰਦਾ ਹੈ ਜਿਸ ਨਾਲ ਇਸ ਵਿੱਚ ਸੁਧਾਰਾਂ ਦਾ ਸੁਝਾਅ ਦਿੱਤਾ ਜਾ ਸਕਦਾ ਹੈ ਅਤੇ ਇਕਾਈ ਦੀ ਸਮੁੱਚੀ ਸ਼ਾਸਨ ਪ੍ਰਣਾਲੀ ਨੂੰ ਮਜ਼ਬੂਤ ਕੀਤਾ ਜਾ ਸਕਦਾ ਹੈ, ਜਿਸ ਵਿੱਚ ਇਕਾਈ ਦਾ ਰਣਨੀਤਕ ਜੋਖਮ ਪ੍ਰਬੰਧਨ ਅਤੇ ਅੰਦਰੂਨੀ ਨਿਯੰਤਰਣ ਪ੍ਰਣਾਲੀ ਸ਼ਾਮਲ ਹੈ। ਅੰਦਰੂਨੀ ਲੇਖਾ ਪ੍ਰੀਖਿਆ, ਇਸ ਲਈ, ਇਹ ਭਰੋਸਾ ਪ੍ਰਦਾਨ ਕਰਦਾ ਹੈ ਕਿ ਚੰਗੀ ਪ੍ਰਸ਼ਾਸਨ ਦੇ ਹਿੱਸੇ ਵੱਜੋਂ, ਰਿਪੋਰਟਿੰਗ ਵਿੱਚ ਪਾਰਦਰਸ਼ਤਾ ਹੈ।

### 4.8.2 *ਕਾਨੂੰਨੀ ਢਾਂਚਾ*

ਕੰਪਨੀਜ਼ (ਲੇਖਾ) ਨਿਯਮਾਂ, 2014 ਦੇ ਨਿਯਮ 13 ਨਾਲ ਪੜ੍ਹਦੇ ਹੋਏ ਕੰਪਨੀਜ਼ ਐਕਟ, 2013 ਦੀ ਧਾਰਾ 138(1) ਵਿਵਸਥਾ ਕਰਦੀ ਹੈ ਕਿ ਹੇਠ ਦਿੱਤੀਆਂ ਕੰਪਨੀਆਂ ਦੀ ਸ਼੍ਰੇਣੀ ਨੂੰ ਅੰਦਰੂਨੀ ਲੇਖਾ ਪਰੀਖਕ ਦੀ ਨਿਯੁਕਤੀ ਕਰਨ ਦੀ ਲੋੜ ਹੋਵੇਗੀ ਜੋ ਕਿ ਇੱਕ ਵਿਅਕਤੀਗਤ ਜਾਂ ਇੱਕ ਭਾਈਵਾਲੀ ਫਰਮ ਹੋ ਸਕਦਾ ਹੈ, ਅਰਥਾਤ:

(ੳ) ਹਰੇਕ ਸੂਚੀਬੱਧ ਕੰਪਨੀ;

(ਅ) ਹਰੇਕ ਗੈਰ-ਸੂਚੀਬੱਧ ਜਨਤਕ ਕੰਪਨੀ ਜਿਸ ਕੋਲ ਅਦਾ ਕੀਤੀ ਸ਼ੇਅਰ ਪੂੰਜੀ ₹ 50 ਕਰੋੜ ਜਾਂ ਉਸ ਤੋਂ ਵੱਧ; ਜਾਂ ਪਿਛਲੇ ਵਿੱਤੀ ਸਾਲ ਦੌਰਾਨ ਟਰਨਓਵਰ ₹ 200 ਕਰੋੜ ਜਾਂ ਉਸ ਤੋਂ ਵੱਧ; ਜਾਂ ਬਕਾਇਆਂ ਕਰਜ਼ੇ ₹ 100 ਕਰੋੜ ਜਾਂ ਉਸ ਤੋਂ ਵੱਧ; ਜਾਂ ਪਿਛਲੇ ਵਿੱਤੀ ਸਾਲ ਦੌਰਾਨ ਕਿਸੇ ਵੀ ਸਮੇਂ ਬਕਾਇਆਂ ਡਿਪਾਜ਼ੀਟਸ ₹ 25 ਕਰੋੜ ਜਾਂ ਉਸ ਤੋਂ ਵੱਧ ਹੈ;

(ੲ) ਹਰੇਕ ਨਿੱਜੀ ਕੰਪਨੀ ਜਿਸ ਦਾ ਟਰਨਓਵਰ ₹ 200 ਕਰੋੜ ਜਾਂ ਉਸ ਤੋਂ ਵੱਧ; ਪਿਛਲੇ ਵਿੱਤੀ ਸਾਲ ਦੌਰਾਨ ਜਾਂ ਪਿਛਲੇ ਵਿੱਤੀ ਸਾਲ ਦੌਰਾਨ ਕਿਸੇ ਵੀ ਸਮੇਂ ਬਕਾਇਆ ਕਰਜ਼ੇ ₹ 100 ਕਰੋੜ ਜਾਂ ਉਸ ਤੋਂ ਵੱਧ ਹੈ।

### 4.8.3 *ਲੇਖਾ ਪ੍ਰੀਖਿਆ ਦੀ ਲੱਭਤਾਂ*

ਮਾਪਦੰਡ ਦੇ ਅਨੁਸਾਰ, 11 ਐਸ ਪੀ ਐਸ ਈਜ਼ *(ਅਨੁਲੱਗ 14)* ਨੂੰ ਇੱਕ ਅੰਦਰੂਨੀ ਲੇਖਾ ਪਰੀਖਕ ਨੂੰ ਨਿਯੁਕਤ ਕਰਨ ਦੀ ਲੋੜ ਸੀ। ਜਦੋਂ ਕਿ, ਤਿੰਨ[14] ਐਸ ਪੀ ਐਸ ਈਜ਼ ਨੇ ਅੰਦਰੂਨੀ ਲੇਖਾ ਪਰੀਖਕਾਂ ਨੂੰ ਨਿਯੁਕਤ ਨਹੀਂ ਕੀਤਾ ਹੈ।

ਪੰਜਾਬ ਰਾਜ ਬੱਸ ਸਟੈਂਡ ਮੈਨੇਜਮੈਂਟ ਕੰਪਨੀ ਲਿਮਟਡ ਅਤੇ ਪੰਜਾਬ ਜਲ ਸਰੋਤ ਪ੍ਰਬੰਧਨ ਅਤੇ ਵਿਕਾਸ ਕਾਰਪੋਰੇਸ਼ਨ ਲਿਮਟਡ ਨੇ ਜਵਾਬ ਦਿੱਤਾ (ਫਰਵਰੀ 2021) ਕਿ ਉਨ੍ਹਾਂ ਨੇ ਅੰਦਰੂਨੀ ਲੇਖਾ ਪਰੀਖਕ ਨਿਯੁਕਤ ਕੀਤੇ ਹਨ, ਐਪਰ, ਉਨ੍ਹਾਂ ਨੇ ਅੰਦਰੂਨੀ ਲੇਖਾ ਪ੍ਰੀਖਿਆ ਰਿਪੋਰਟ ਪੇਸ਼ ਨਹੀਂ ਕੀਤੀ ਹੈ (ਮਾਰਚ 2021)।

[14] ਪੰਜਾਬ ਰਾਜ ਗ੍ਰੇਨਜ਼ ਪ੍ਰੋਕਿਉਰਮੇਂਟ ਕਾਰਪੋਰੇਸ਼ਨ ਲਿਮਟਡ, ਪੰਜਾਬ ਮਿਊਨੀਸਿਪਲ ਇੰਫ੍ਰਾਸਟਰਕਚਰ ਵਿਕਾਸ ਕੰਪਨੀ ਅਤੇ ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਡ।

ਬਾਕੀ ਛੇ ਐਸ ਪੀ ਐਸ ਈਜ਼ ਦੀ ਸਥਿਤੀ ਦਾ ਵੇਰਵਾ ਹੇਠਾਂ ਦਿੱਤੀ **ਸਾਰਣੀ 4.9** ਵਿੱਚ ਦਿੱਤਾ ਗਿਆ ਹੈ:

**ਸਾਰਣੀ 4.9: ਐਸ ਪੀ ਐਸ ਈਜ਼ ਵਿੱਜ ਅੰਦਰੂਨੀ ਲੇਖਾ ਪ੍ਰੀਖਿਆ ਦੀ ਸਥਿਤੀ**

| ਲੜੀ ਨੰ. | ਕੰਪਨੀ ਦਾ ਨਾਂ | ਵੇਰਵੇ |
|---|---|---|
| 1. | ਪੰਜਾਬ ਕਮਿਊਨੀਕੇਸ਼ਨਸ ਲਿਮਟਡ | ਅੰਦਰੂਨੀ ਲੇਖਾ ਪਰੀਖਕ ਨਿਯੁਕਤ ਕੀਤੇ ਗਏ ਸਨ; ਅੰਦਰੂਨੀ ਲੇਖਾ ਪ੍ਰੀਖਿਆ ਰਿਪੋਰਟ ਕੰਪਨੀ ਦੀ ਲੇਖਾ ਪ੍ਰੀਖਿਆ ਕਮੇਟੀ ਨੂੰ ਤਿਮਾਹੀ ਅਧਾਰ ਤੇ ਪੇਸ਼ ਕੀਤੀ ਗਈ ਸੀ । ਲੇਖਾ ਪ੍ਰੀਖਿਆ ਕਮੇਟੀ ਨੇ ਰਿਪੋਰਟ ਤੇ ਵਿਚਾਰ ਕੀਤਾ ਅਤੇ ਬੋਰਡ ਨੂੰ ਆਪਣੀਆਂ ਸਿਫ਼ਾਰਸ਼ਾਂ ਦਿੱਤੀਆਂ। |
| 2. | ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਡ | ਪੀ ਐਸ ਪੀ ਸੀ ਐਲ ਨੇ 146 ਡਿਵੀਜ਼ਨਾਂ ਵਿੱਚ ਅੰਦਰੂਨੀ ਲੇਖਾ ਪ੍ਰੀਖਿਆ ਕਰਵਾਈ ਹੈ ਅਤੇ ਲੇਖਾ ਪ੍ਰੀਖਿਆ ਕਮੇਟੀ ਦੁਆਰਾ ਅੰਦਰੂਨੀ ਲੇਖਾ ਪ੍ਰੀਖਿਆ ਰਿਪੋਰਟਾਂ ਤੇ ਵਿਚਾਰ ਕੀਤਾ ਗਿਆ ਹੈ। |
| 3. | ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ | ਸਾਲ 2019-20 ਲਈ ਅੰਦਰੂਨੀ ਲੇਖਾ ਪ੍ਰੀਖਿਆ ਵਿਭਾਗੀ ਤੌਰ ਤੇ ਕੀਤੀ ਗਈ ਅਤੇ ਲੇਖਾ ਪ੍ਰੀਖਿਆ ਕਮੇਟੀ ਦੁਆਰਾ ਰਿਪੋਰਟਾਂ ਤੇ ਵਿਚਾਰ ਕੀਤਾ। |
| 4. | ਪੰਜਾਬ ਐਗਰੋ ਫੂਡਗ੍ਰੇਨਜ਼ ਕਾਰਪੋਰੇਸ਼ਨ ਲਿਮਟਡ | ਅੰਦਰੂਨੀ ਲੇਖਾ ਪਰੀਖਕ ਨਿਯੁਕਤ ਕੀਤੇ ਗਏ ਸਨ। ਅੰਦਰੂਨੀ ਲੇਖਾ ਪ੍ਰੀਖਿਆ ਰਿਪੋਰਟਾਂ ਹਰ ਤਿਮਾਹੀ ਪੇਸ਼ ਕੀਤੀਆਂ ਜਾਣੀਆਂ ਸਨ। ਲੇਖਾ ਪ੍ਰੀਖਿਆ ਕਮੇਟੀ ਨੇ ਅੰਦਰੂਨੀ ਲੇਖਾ ਪ੍ਰੀਖਿਆ ਰਿਪੋਰਟਾਂ ਤੇ ਵਿਚਾਰ ਕੀਤਾ ਅਤੇ ਉਨ੍ਹਾਂ ਨੂੰ ਤਸੱਲੀਬਖਸ਼ ਪਾਇਆ। |
| 5. | ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਲਿਮਟਡ | ਅੰਦਰੂਨੀ ਲੇਖਾ ਪਰੀਖਕ ਨਿਯੁਕਤ ਕੀਤੇ ਗਏ ਸਨ। ਅੰਦਰੂਨੀ ਲੇਖਾ ਪ੍ਰੀਖਿਆ ਰਿਪੋਰਟ ਨੂੰ ਤਿਮਾਈ ਅਧਾਰ ਤੇ ਪੇਸ਼ ਕੀਤਾ ਗਿਆ ਸੀ। ਅੰਦਰੂਨੀ ਲੇਖਾ ਪ੍ਰੀਖਿਆ ਰਿਪੋਰਟ ਨੂੰ ਬੋਰਡ ਆਫ ਡਾਇਰੈਕਟਰਜ਼ ਕੋਲ ਪੇਸ਼ ਕੀਤਾ ਗਿਆ ਸੀ, ਹਾਲਾਂਕਿ ਬੋਰਡ ਆਫ ਡਾਇਰੈਕਟਰਜ਼ ਦੁਆਰਾ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ ਸੀ। |
| 6. | ਪੰਜਾਬ ਐਗਰੋ ਜੂਸਿਸ ਲਿਮਟਡ | ਅੰਦਰੂਨੀ ਲੇਖਾ ਪ੍ਰੀਖਿਆ ਦੀ ਬਾਰੰਬਾਰਤਾ ਸਾਲਾਨਾ ਹੈ ਅਤੇ ਰਿਪੋਰਟ ਤੇ ਬੋਰਡ ਆਫ ਡਾਇਰੈਕਟਰਜ਼ ਦੁਆਰਾ ਵਿਚਾਰ ਕੀਤਾ ਗਿਆ ਸੀ। |

***ਸਰੋਤ: ਐਸ ਪੀ ਐਸ ਈਜ਼ ਤੋਂ ਪ੍ਰਾਪਤ ਸੂਚਨਾ ਦੇ ਆਧਾਰ ਤੇ ਕੰਪਾਇਲ ਕੀਤੀ ।***

## 4.9 ਸਿੱਟਾ

29 ਚੋਣਵੀਆਂ ਐਸ ਪੀ ਐਸ ਈਜ਼ ਵਿੱਚੋਂ, 13 ਨੇ ਸਾਲ 2019-20 ਵਿੱਚ ਲੋੜੀਂਦੀਆਂ ਬੋਰਡ ਮੀਟਿੰਗਾਂ ਦਾ ਸੰਚਾਲਣ ਨਹੀਂ ਕੀਤਾ ਸੀ, ਚਾਰ ਐਸ ਪੀ ਐਸ ਈਜ਼ ਕੋਲ 31 ਮਾਰਚ 2020 ਨੂੰ ਬੋਰਡ ਵਿੱਚ ਕੋਈ ਵੀ ਸੁਤੰਤਰ ਨਿਰਦੇਸ਼ਕ ਨਹੀਂ ਸੀ ਅਤੇ ਇੱਕ ਐਸ ਪੀ ਐਸ ਈ ਵਿੱਚ ਸੁਤੰਤਰ ਨਿਰਦੇਸ਼ਕਾਂ ਦੀ ਲੋੜੀਂਦੀ ਗਿਣਤੀ ਵਿੱਚ ਕਮੀ ਸੀ। ਚਾਰ ਐਸ ਪੀ ਐਸ ਈਜ਼, ਜਿਨ੍ਹਾਂ ਵਿੱਚ ਸੁਤੰਤਰ ਨਿਰਦੇਸ਼ਕਾਂ ਦੀ ਨਿਯੁਕਤੀ ਕੀਤੀ ਗਈ ਸੀ, ਵਿੱਚੋਂ ਨਿਯੁਕਤੀ ਦਾ ਉਪਚਾਰਿਕ ਪੱਤਰ ਸਿਰਫ ਦੋ ਐਸ ਪੀ ਐਸ ਈਜ਼ ਦੁਆਰਾ ਭੇਜਿਆ ਗਿਆ ਸੀ । ਪੰਜ ਐਸ ਪੀ ਐਸ ਈਜ਼ ਦੇ ਮਾਮਲੇ ਵਿੱਚ, ਲੇਖਾ ਪ੍ਰੀਖਿਆ ਕਮੇਟੀ ਨੇ ਕੰਪਨੀ ਦੀ ਅੰਦਰੂਨੀ ਨਿਯੰਤਰਣ ਪ੍ਰਣਾਲੀਆਂ, ਅਧਿਨਿਯਮਿਕ ਪਰੀਖਕਾਂ ਅਤੇ ਅੰਦਰੂਨੀ ਪਰੀਖਕਾਂ ਦੀ ਕਾਰਗੁਜ਼ਾਰੀ ਅਤੇ ਅੰਦਰੂਨੀ ਲੇਖਾ ਪ੍ਰੀਖਿਆ ਕਾਰਜਾਂ ਦੀ ਵਾਜਬਤਾ ਦੀ ਸਮੀਖਿਆ ਨਹੀਂ ਕੀਤੀ ਸੀ। ਤਿੰਨ ਐਸ ਪੀ ਐਸ ਈਜ਼ ਨੇ ਅੰਦਰੂਨੀ ਲੇਖਾ ਪਰੀਖਕਾਂ ਦੀ ਨਿਯੁਕਤੀ ਨਹੀਂ ਕੀਤੀ ਸੀ।

## 4.10 ਸਿਫਾਰਸ਼ਾਂ

ਸੰਬੰਧਤ ਪ੍ਰਸ਼ਾਸਨਿਕ ਵਿਭਾਗ ਐਸ ਪੀ ਐਸ ਈਜ਼ ਤੇ ਜ਼ੋਰ ਪਾ ਸਕਦੇ ਹਨ ਕਿ ਉਹ – ਕੰਪਨੀਜ਼ ਐਕਟ, 2013 ਦੀ ਜ਼ਰੂਰਤ ਦੇ ਅਨੁਸਾਰ ਬੋਰਡ ਮੀਟਿੰਗਾਂ ਦਾ ਸੰਚਾਲਣ ਕਰਨ; ਜਿੱਥੇ ਲਾਗੂ ਹੋਵੇ, ਸੁਤੰਤਰ ਨਿਰਦੇਸ਼ਕਾਂ ਦੀ ਲੋੜੀਂਦੀ ਗਿਣਤੀ ਅਨੁਸਾਰ ਨਿਯੁਕਤੀ ਕਰਨ; ਅਤੇ ਜਿੱਥੇ ਲਾਗੂ ਹੋਵੇ, ਲੇਖਾ ਪ੍ਰੀਖਿਆ ਕਮੇਟੀ ਅਤੇ ਨਾਮਜ਼ਦਗੀ ਅਤੇ ਮਿਹਨਤਾਨਾ ਕਮੇਟੀ ਦਾ ਗਠਨ ਕਰਨ। ਲੇਖਾ ਪ੍ਰੀਖਿਆ ਕਮੇਟੀ ਨੂੰ ਕੰਪਨੀਜ਼ ਐਕਟ, 2013 ਦੁਆਰਾ ਸੌਂਪੇ ਗਏ ਕਾਰਜਾਂ ਨੂੰ ਵੀ ਨਿਭਾਉਣਾ ਚਾਹੀਦਾ ਹੈ। ਐਸ ਪੀ ਐਸ ਈਜ਼ ਨੂੰ ਉਨ੍ਹਾਂ ਦੇ ਅੰਦਰੂਨੀ ਲੇਖਾ ਪ੍ਰੀਖਿਆ ਕਾਰਜਾਂ ਅਤੇ ਲੇਖਾ ਪ੍ਰੀਖਿਆ ਕਮੇਟੀ ਨੂੰ ਮਜ਼ਬੂਤੀ ਦੇਣੀ ਚਾਹੀਦੀ ਹੈ ਅਤੇ ਇਸ ਦੇ ਨਾਲ-ਨਾਲ ਅੰਦਰੂਨੀ ਲੇਖਾ ਪ੍ਰੀਖਿਆ ਦੇ ਨਿਰੀਖਣ ਲੱਭਤਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

# ਅਧਿਆਇ – V

# ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ

# ਅਧਿਆਇ – V

## ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ

### 5.1 ਭੂਮਿਕਾ

ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ (ਸੀ ਐਸ ਆਰ) ਦਾ ਮੁੱਢਲਾ ਉਦੇਸ਼ ਇੱਕ ਵਿਆਪਕ ਪੱਧਰ ਤੇ ਜ਼ਿੰਮੇਵਾਰ ਅਤੇ ਟਿਕਾਊ ਵਪਾਰਕ ਫਿਲਾਸਫੀ ਨੂੰ ਉਤਸਾਹਤ ਕਰਨਾ ਅਤੇ ਕੰਪਨੀਆਂ ਨੂੰ ਦੇਸ਼ ਦੀਆਂ ਸਮਾਜਿਕ ਅਤੇ ਵਾਤਾਵਰਣ ਸਬੰਧੀ ਚਿੰਤਾਂਵਾਂ ਨੂੰ ਦੂਰ ਕਰਨ ਲਈ ਨਵੀਨਤਾਕਾਰੀ ਵਿਚਾਰਾਂ ਅਤੇ ਮਜ਼ਬੂਤ ਪ੍ਰਬੰਧਨ ਪ੍ਰਣਾਲੀਆਂ ਨਾਲ ਆਉਣ ਲਈ ਉਤਸਾਹਤ ਕਰਨਾ ਹੈ। ਵਿਆਪਕ ਤੌਰ ਤੇ, ਸੀ ਐਸ ਆਰ ਦਾ ਆਦੇਸ਼ ਰਾਸ਼ਟਰੀ ਤਰਜੀਹਾਂ ਜਿਵੇਂ ਜਨਤਕ ਸਿਹਤ, ਸਿੱਖਿਆ, ਰੋਜ਼ੀ-ਰੋਟੀ, ਜਲ ਸੰਭਾਲ, ਕੁਦਰਤੀ ਸਰੋਤ ਪ੍ਰਬੰਧਨ ਆਦਿ ਨਾਲ ਇਕਸਾਰ ਹੈ। ਵੱਡੇ ਅਤੇ ਦਰਮਿਆਨੇ ਆਕਾਰ ਦੀਆਂ ਕੰਪਨੀਆਂ ਵਿੱਚ, ਸੀ ਐਸ ਆਰ ਜਾਗਰੁਕਤਾ ਅਤੇ ਸੀ ਐਸ ਆਰ ਚੇਤਨਾ ਦਾ ਵਾਧਾ ਹੋਇਆ ਹੈ, ਜੋ ਹੁਣ ਸਮਾਜ ਅਤੇ ਵਾਤਾਵਰਣ ਜਿਸ ਵਿੱਚ ਉਹ ਸੰਚਾਲਿਤ ਕਰਦਿਆਂ ਹਨ, ਨੂੰ ਰਣਨੀਤਕ ਅਨੁਕੂਲ ਬਣਾਉਣ ਲਈ ਸੀ ਐਸ ਆਰ ਵੱਲ ਵੇਖ ਰਹਿਆਂ ਹਨ।

ਸੀ ਐਸ ਆਰ ਦੀ ਧਾਰਣਾ ਕੰਪਨੀਆ ਦੇ ਪ੍ਰਬੰਧਕੀ ਹੁਨਰਾਂ, ਤਕਨਾਲੋਜੀ ਅਤੇ ਨਵੀਨਤਾ ਰਾਹੀਂ ਦੇਸ਼ ਦੇ ਵਿਕਾਸ ਦੀਆ ਚੁਣੌਤੀਆਂ ਵਿੱਚ ਯੋਗਦਾਨ ਪਾਉਣ ਲਈ ਇੱਕ ਮੌਕਾ ਪ੍ਰਦਾਨ ਕਰਦੀ ਹੈ। ਇਹ ਕਾਰਪੋਰੇਟ ਨੂੰ ਉਨ੍ਹਾਂ ਦੀ ਸੀ ਐਸ ਆਰ ਦੀ ਪਹਿਲ ਨੂੰ ਪੂਰਾ ਕਰਨ ਲਈ ਇੱਕ ਸਮੁੱਚਾ ਮਾਰਗਦਰਸ਼ਨ ਢਾਂਚਾ ਪ੍ਰਦਾਨ ਕਰਨ ਤੋਂ ਇਲਾਵਾ, ਪ੍ਰੋਗਰਾਮਾਂ ਨੂੰ ਡਿਜ਼ਾਈਨ ਅਤੇ ਲਾਗੂ ਕਰਨ ਲਈ ਉਨ੍ਹਾਂ ਨੂੰ ਖੁਦਮੁਖਤਿਆਰੀ ਅਤੇ ਲਚਕਤਾ ਵੀ ਪ੍ਰਦਾਨ ਕਰਦੀ ਹੈ। ਇਸ ਦੀ ਨਿਗਰਾਨੀ ਕੰਪਨੀ ਦੁਆਰਾ ਆਪਣੀ ਸਾਲਾਨਾ ਰਿਪੋਰਟ ਵਿੱਚ ਨਿਰਧਾਰਿਤ ਫਾਰਮੇਟ ਅਨੁਸਾਰ ਕੀਤੇ ਪ੍ਰਗਟਾਵਿਆਂ ਦੇ ਅਧਾਰ ਤੇ ਕੀਤੀ ਜਾਂਦੀ ਹੈ।

#### 5.1.1 *ਕਾਨੂੰਨੀ ਢਾਂਚਾ*

ਕੰਪਨੀਜ਼ ਐਕਟ, 2013 (ਜਿਸ ਨੂੰ ਇਸ ਤੋਂ ਬਾਅਦ ਐਕਟ ਦੇ ਤੌਰ ਤੇ ਜ਼ਿਕਰ ਕੀਤਾ ਗਿਆ ਹੈ) ਦੀ ਧਾਰਾ 135 ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ ਦੇ ਵਿਸ਼ੇ ਨਾਲ ਸੰਬੰਧਿਤ ਹੈ ਅਤੇ ਉਨ੍ਹਾਂ ਕੰਪਨੀਆਂ ਲਈ, ਜਿਨ੍ਹਾਂ ਨੂੰ ਸੀ ਐਸ ਆਰ ਦੀਆਂ ਗਤੀਵਿਧੀਆਂ ਨੂੰ ਸ਼ੁਰੂ ਕਰਨਾ ਜ਼ਰੂਰੀ ਹੈ, ਪਿਛਲੇ ਵਿੱਤੀ ਸਾਲ ਦੇ ਨਿਰੋਲ ਮੁੱਲ, ਟਰਨਓਵਰ ਅਤੇ ਨਿਰੋਲ ਲਾਭ ਦੇ ਅਧਾਰ ਤੇ ਯੋਗਤਾ ਦੇ ਮਾਪਦੰਡਾਂ ਨੂੰ ਤਹਿ ਕਰਦੀ ਹੈ। ਇਹ ਧਾਰਾ ਕੰਪਨੀ ਦੇ ਬੋਰਡ ਆਫ ਡਾਇਰੈਕਟਰਜ਼ ਦੁਆਰਾ ਸੀ ਐਸ ਆਰ ਦੀਆਂ ਗਤੀਵਿਧੀਆਂ ਦੀ ਚੋਣ, ਲਾਗੂ ਕਰਨ ਅਤੇ ਨਿਗਰਾਨੀ ਲਈ ਵਿਆਪਕ ਢੰਗ ਨੂੰ ਦਰਸਾਉਂਦੀ ਹੈ। ਕੰਪਨੀਆਂ ਦੁਆਰਾ ਉਨ੍ਹਾਂ ਦੀਆਂ ਸੀ ਐਸ ਆਰ ਨੀਤੀਆਂ ਵਿੱਚ ਸ਼ਾਮਲ ਕੀਤੀਆਂ ਜਾ ਸਕਦੀਆਂ ਗਤੀਵਿਧੀਆਂ, ਐਕਟ ਦੇ ਸੈਡਿਊਲ-VII ਵਿੱਚ ਸੂਚੀਬੱਧ ਕੀਤੀਆਂ ਗਈਆਂ ਹਨ। ਐਕਟ ਦੀ ਧਾਰਾ 135 ਅਤੇ ਸੈਡਿਊਲ-VII ਦੀਆਂ ਵਿਵਸਥਾਵਾਂ ਸਾਰੀ ਕੰਪਨੀਆਂ ਸਮੇਤ ਰਾਜ ਦੇ ਸਾਰਵਜਨਿਕ ਖੇਤਰ ਦੇ ਅਦਾਰਿਆਂ (ਐਸ ਪੀ ਐਸ ਈਜ਼) ਤੇ ਲਾਗੂ ਹਨ। ਇਹ ਐਕਟ ਇੱਕ ਕੰਪਨੀ ਲਈ ਸੀ ਐਸ ਆਰ ਗਤੀਵਿਧੀਆਂ ਪ੍ਰਤੀ ਪਿਛਲੇ ਤਿੰਨ ਵਿੱਤੀ ਸਾਲਾਂ ਤੁਰੰਤ ਦੇ ਨਿਰੋਲ ਲਾਭ ਦੇ ਔਸਤ ਦਾ ਘੱਟੋ-ਘੱਟ ਦੋ *ਪ੍ਰਤੀਸ਼ਤ* ਖਰਚ ਕਰਨਾ ਲਾਜ਼ਮੀ ਬਣਾਉਂਦਾ ਹੈ।

ਐਕਟ ਅਧੀਨ ਸੀ ਐਸ ਆਰ ਦੀਆਂ ਵਿਵਸਥਾਵਾਂ ਦੀ ਪਾਲਣਾ ਜਿਵੇਂ ਕਿ ਸੀ ਐਸ ਆਰ ਕਮੇਟੀ ਦਾ ਗਠਨ, ਸੀ ਐਸ ਆਰ ਨੀਤੀ ਦਾ ਗਠਨ ਅਤੇ ਸੀ ਐਸ ਆਰ ਦੀਆਂ ਗਤੀਵਿਧੀਆਂ ਉੱਤੇ ਨਿਰਧਾਰਤ ਰਕਮ ਦਾ ਖਰਚਾ ਅਪ੍ਰੈਲ 2014 ਤੋਂ ਲਾਗੂ ਹਨ। ਫਰਵਰੀ 2014 ਵਿੱਚ ਕਾਰਪੋਰੇਟ ਮਾਮਲਿਆਂ ਦੇ ਮੰਤਰਾਲੇ (ਐਮ ਸੀ ਏ) ਨੇ ਕੰਪਨੀਜ਼ (ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ ਨਿਤੀ) ਨਿਯਮਾਂ 2014, (ਇਸ ਤੋਂ ਬਾਅਦ ਸੀ ਐਸ ਆਰ ਨਿਯਮਾਂ, 2014 ਦੇ ਤੌਰ ਤੇ ਜ਼ਿਕਰ ਕੀਤਾ ਗਿਆ ਹੈ) ਜਾਰੀ ਕੀਤਾ। ਸੀ ਐਸ ਆਰ ਨਿਯਮਾਂ, 2014 ਐਸ ਪੀ ਐਸ ਈਜ਼ ਸਮੇਤ ਸਾਰੀ ਕੰਪਨੀਆਂ ਤੇ 1 ਅਪ੍ਰੈਲ 2014 ਤੋਂ, ਲਾਗੂ ਹੋਏ ਸਨ।

## 5.2 ਲੇਖਾ ਪ੍ਰੀਖਿਆ ਦਾ ਉਦੇਸ਼

ਲੇਖਾ ਪ੍ਰੀਖਿਆ ਦੇ ਉਦੇਸ਼ ਇਹ ਪਤਾ ਲਗਾਉਣਾ ਸੀ ਕਿ ਕੀ ਐਸ ਪੀ ਐਸ ਈਜ਼ ਦੁਆਰਾ ਕੰਪਨੀਜ਼ ਐਕਟ, 2013 ਦੀਆਂ ਵਿਵਸਥਾਵਾਂ ਅਤੇ ਕੰਪਨੀਜ਼ (ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ ਨੀਤੀ) ਨਿਯਮਾਂ, 2014 ਦੀ ਪਾਲਣਾ ਕੀਤੀ ਗਈ ਸੀ।

ਐਸ ਪੀ ਐਸ ਈਜ਼ ਦੇ ਯਤਨਾਂ ਦਾ ਮੁਲਾਂਕਣ ਕਰਨ ਲਈ, ਲੇਖਾ ਪ੍ਰੀਖਿਆ ਨੇ ਹੇਠਲੇ ਮੁੱਦਿਆਂ ਨੂੰ ਵੇਖਿਆ:

- ਕੀ ਸੀ ਐਸ ਆਰ ਕਮੇਟੀ ਦੇ ਗਠਨ, ਨੀਤੀ ਬਣਾਉਣ ਅਤੇ ਨੀਤੀ ਦੀ ਪਾਲਣਾ ਨਾਲ ਸਬੰਧਤ ਵਿਵਸਥਾਵਾਂ ਦੀ ਪਾਲਣਾ ਕੀਤੀ ਗਈ ਹੈ;
- ਕੀ ਲਾਗੂ ਕਰਨ ਲਈ ਚੁਣੀਆਂ ਗਈਆਂ ਸੀ ਐਸ ਆਰ ਦੀਆਂ ਗਤੀਵਿਧੀਆਂ ਕੰਪਨੀ ਐਕਟ, 2013 ਦੇ ਸਡਿਊਲ-VII ਅਧੀਨ ਦਿੱਤੀਆ ਗਈਆਂ ਗਤੀਵਿਧੀਆਂ ਦੀ ਸੂਚੀ ਦੇ ਅੰਦਰ ਹਨ;
- ਕੀ ਨਿਰਧਾਰਤ ਕੰਮਾਂ ਤੇ ਖਰਚ ਕਰਨ ਲਈ ਨਿਰਧਾਰਤ ਰਕਮ ਨਾਲ ਸਬੰਧਤ ਵਿਵਸਥਾਵਾਂ ਦੀ ਪਾਲਣਾ ਕੀਤੀ ਗਈ ਹੈ;
- ਕੀ ਲਾਗੂ ਕਰਨ ਨਾਲ ਸਬੰਧਤ ਵਿਵਸਥਾਵਾਂ ਦੀ ਪਾਲਣਾ ਕੀਤੀ ਗਈ ਹੈ; ਅਤੇ
- ਕੀ ਰਿਪੋਰਟਿੰਗ ਨਾਲ ਸਬੰਧਤ ਵਿਵਸਥਾਵਾਂ ਦੀ ਪਾਲਣਾ ਕੀਤੀ ਗਈ ਹੈ।

## 5.3 ਲੇਖਾ ਪ੍ਰੀਖਿਆ ਦਾ ਦਾਇਰਾ ਅਤੇ ਕਵਰੇਜ਼

31 ਦਸਬੰਰ 2020 ਨੂੰ ਅੰਤਿਮ ਰੂਪ ਦਿੱਤੇ ਨਵੀਨਤਮ ਲੇਖਿਆਂ ਅਨੁਸਾਰ, ਐਕਟ ਦੀ ਧਾਰਾ 135 (1) ਵਿੱਚ ਦੱਸੇ ਗਏ ਮਾਪਦੰਡਾਂ (₹ 500 ਕਰੋੜ ਜਾਂ ਇਸ ਤੋਂ ਵੱਧ ਦਾ ਨਿਰੋਲ ਮੁੱਲ ਜਾਂ ₹ 1,000 ਕਰੋੜ ਜਾਂ ਇਸ ਤੋਂ ਵੱਧ ਦਾ ਟਰਨਓਵਰ ਜਾਂ ₹ ਪੰਜ ਕਰੋੜ ਜਾਂ ਇਸ ਤੋਂ ਵੱਧ ਦਾ ਨਿਰੋਲ ਲਾਭ) ਅਨੁਸਾਰ, ਪਿਛਲੇ ਵਿੱਤੀ ਸਾਲ ਦੌਰਾਨ ਸਾਲ 2019-20 ਦੌਰਾਨ ਦੱਸ ਐਸ ਪੀ ਐਸ ਈਜ਼, ਸੀ ਐਸ ਆਰ ਗਤੀਵਿਧੀਆਂ ਲਈ ਯੋਗਤਾ ਪੂਰੀਆਂ ਕਰਦੀਆਂ ਸਨ ਜਿਵੇਂ ਕਿ ਹੇਠਾਂ ਦਿੱਤੀ **ਸਾਰਣੀ** 5.1 ਵਿੱਚ ਦਿੱਤੀ ਗਈ ਹੈ:

**ਸਾਰਣੀ 5.1: ਮਾਪਦੰਡਾਂ ਦੇ ਅਧਾਰ ਤੇ ਐਸ ਪੀ ਐਸ ਈਜ਼ ਦੀ ਚੋਣ**

| ਲੜੀ ਨੰ. | ਕੰਪਨੀ ਦਾ ਨਾਂ | ਲੇਖੇ ਦਾ ਸਾਲ |
|---|---|---|
| | **₹ 1,000 ਕਰੋੜ ਜਾਂ ਇਸ ਤੋਂ ਵੱਧ ਦੇ ਟਰਨਓਵਰ ਵਾਲੀਆਂ ਐਸ ਪੀ ਐਸ ਈਜ਼** | |
| 1 | ਪੰਜਾਬ ਰਾਜ ਟਰਾਸਮਿਸ਼ਨ ਕਾਰਪੋਰੇਸ਼ਨ ਲਿਮਟਡ | 2018-19 |
| 2 | ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਡ | 2018-19 |
| 3 | ਪੰਜਾਬ ਐਗਰੋ ਫੂਡਗ੍ਰੇਨਜ਼ ਕਾਰਪੋਰੇਸ਼ਨ ਲਿਮਟਡ | 2018-19 |
| 4 | ਪੰਜਾਬ ਰਾਜ ਗ੍ਰੇਨਜ਼ ਪ੍ਰੋਕਿਊਰਮੇਂਟ ਕਾਰਪੋਰੇਸ਼ਨ ਲਿਮਟਡ | 2017-18 |
| 5 | ਪੰਜਾਬ ਰਾਜ ਸਿਵਲ ਸਪਲਾਈ ਕਾਰਪੋਰੇਸ਼ਨ ਲਿਮਟਡ | 2017-18 |
| | **₹ ਪੰਜ ਕਰੋੜ ਜਾਂ ਇਸ ਤੋਂ ਵੱਧ ਦੇ ਨਿਰੋਲ ਲਾਭ ਵਾਲੀਆਂ ਐਸ ਪੀ ਐਸ ਈਜ਼** | |
| 6 | ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ ਲਿਮਟਡ | 2017-18 |
| 7 | ਪੰਜਾਬ ਰਾਜ ਕੰਨਟੇਨਰ ਅਤੇ ਵੇਅਰਹਾਊਸਿੰਗ ਕਾਰਪੋਰੇਸ਼ਨ ਲਿਮਟਡ | 2018-19 |
| 8 | ਪੰਜਾਬ ਜੈਨਕੋ ਲਿਮਟਡ | 2018-19 |
| 9 | ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਲਿਮਟਡ | 2017-18 |
| 10 | ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਲਿਮਟਡ | 2016-17 |

*ਸਰੋਤ: ਐਸ ਪੀ ਐਸ ਈਜ਼ ਦੀ ਵਿੱਤੀ ਵਿਵਰਣੀਆਂ।*

ਲੇਖਾ ਪ੍ਰੀਖਿਆ ਨੇ 2019-20 ਦੇ ਸਮੇਂ ਦੌਰਾਨ ਉਪਰੋਕਤ ਦੱਸ ਐਸ ਪੀ ਐਸ ਈਜ਼ ਦੁਆਰਾ ਕੀਤੀਆਂ ਗਈਆਂ ਸੀ ਐਸ ਆਰ ਗਤੀਵਿਧੀਆਂ ਦੀ ਸਮੀਖਿਆ ਕੀਤੀ।

## 5.4 ਲੇਖਾ ਪ੍ਰੀਖਿਆ ਦੇ ਮਾਪਦੰਡ

ਲੇਖਾ ਪ੍ਰੀਖਿਆ ਵਿਸ਼ਲੇਸ਼ਣ ਹੇਠ ਦਿੱਤੇ ਮਾਪਦੰਡਾਂ ਦੇ ਵਿਰੁੱਧ ਕੀਤਾ ਗਿਆ ਸੀ:

- ਕੰਪਨੀਜ਼ ਐਕਟ, 2013 ਦੀ ਧਾਰਾ 135 ਉੱਤੇ ਸਡਿਊਲ-VII ਵਿੱਚ ਸ਼ਾਮਲ ਵਿਵਸਥਾਵਾਂ; ਅਤੇ
- ਕੰਪਨੀਜ਼ ਵਿੱਚ ਸ਼ਾਮਲ ਵਿਵਸਥਾਵਾਂ (ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ ਨੀਤੀ) ਨਿਯਮ, 2014।

## 5.5 ਲੇਖਾ ਪ੍ਰੀਖਿਆ ਦੀ ਲੱਭਤਾਂ

ਐਸ ਪੀ ਐਸ ਈਜ਼ ਦੁਆਰਾ ਸੀ ਐਸ ਆਰ ਕਮੇਟੀ ਦੇ ਗਠਨ; ਸੀ ਐਸ ਆਰ ਨੀਤੀ ਦਾ ਨਿਰਮਾਣ ਅਤੇ ਪਾਲਣਾ; ਸੀ ਐਸ ਆਰ ਦੀਆਂ ਗਤੀਵਿਧੀਆਂ ਦੀ ਯੋਜਨਾਬੰਦੀ ਅਤੇ ਅਮਲ ਅਤੇ ਇਸਦੀ ਨਿਗਰਾਨੀ ਅਤੇ ਰਿਪੋਰਟਿੰਗ ਦੇ ਸਬੰਧ ਵਿੱਚ ਐਕਟ, 2013 ਦੀਆਂ ਵਿਵਸਥਾਵਾਂ ਦੀ ਪਾਲਣਾ ਉੱਤੇ ਲੇਖਾ ਪ੍ਰੀਖਿਆ ਦੀ ਲੱਭਤਾਂ; ਨੂੰ ਹੇਠਾਂ ਪੈਰ੍ਹਿਆਂ ਵਿੱਚ ਦਿੱਤਾ ਗਿਆ ਹੈ:

## 5.6 ਯੋਜਨਾਬੰਦੀ

### 5.6.1 *ਸੀ ਐਸ ਆਰ ਕਮੇਟੀ ਦਾ ਗਠਨ*

ਐਕਟ, 2013 ਦੀ ਧਾਰਾ 135 (1) ਦੇ ਅਨੁਸਾਰ, ਹਰ ਕੰਪਨੀ ਜੋ ਸੀ ਐਸ ਆਰ ਗਤੀਵਿਧੀਆਂ ਕਰਨ ਦੇ ਯੋਗ ਬਣਦੀ ਹੈ, ਕੰਪਨੀ ਦੇ ਤਿੰਨ ਜਾਂ ਵਧੇਰੇ ਡਾਇਰੈਕਟਰਾਂ ਵਾਲੀ ਬੋਰਡ ਦੀ ਇੱਕ ਸੀ ਐਸ ਆਰ ਕਮੇਟੀ ਦਾ ਗਠਨ ਕਰੇਗੀ।

ਐਕਟ, 2013 ਦੀ ਧਾਰਾ 135 (1) ਅਤੇ (3) ਦੇ ਅਨੁਸਾਰ ਬੋਰਡ ਅਤੇ ਸੀ ਐਸ ਆਰ ਕਮੇਟੀ ਦੀ ਭੂਮਿਕਾ **ਸਾਰਣੀ** 5.2 ਵਿੱਚ ਦਰਸਾਈ ਗਈ ਹੈ:

**ਸਾਰਣੀ 5.2: ਬੋਰਡ ਆਫ ਡਾਇਰੈਕਟਰਜ਼ ਅਤੇ ਸੀ ਐਸ ਆਰ ਕਮੇਟੀ ਦੀ ਭੂਮਿਕਾ**

| ਬੋਰਡ ਆਫ ਡਾਇਰੈਕਟਜ਼ ਦੀ ਭੂਮਿਕਾ | ਸੀ ਐਸ ਆਰ ਕਮੇਟੀ ਦੀ ਭੂਮਿਕਾ |
|---|---|
| 1. ਸੀ ਐਸ ਆਰ ਕਮੇਟੀ ਦੀ ਸਥਾਪਨਾ। | 1. ਸੀ ਐਸ ਆਰ ਨੀਤੀ ਦਾ ਨਿਰਮਾਣ ਅਤੇ ਸਿਫਾਰਸ਼ ਬੋਰਡ ਨੂੰ ਕਰਨਾ। |
| 2. ਸੀ ਐਸ ਆਰ ਨੀਤੀ ਦੀ ਪ੍ਰਵਾਨਗੀ। | 2. ਸੀ ਐਸ ਆਰ ਗਤੀਵਿਧੀਆਂ ਅਤੇ ਰਕਮ ਦੀ ਸਿਫਾਰਸ਼ ਕਰਨਾ। |
| 3. ਸੀ ਐਸ ਆਰ ਗਤੀਵਿਧੀਆਂ ਨੂੰ ਲਾਗੂ ਕਰਨਾ ਯਕੀਨੀ ਬਣਾਉਣਾ। | 3. ਸਮੇਂ-ਸਮੇਂ ਤੇ ਸੀ ਐਸ ਆਰ ਨੀਤੀ ਦੀ ਨਿਗਰਾਨੀ ਕਰਨਾ। |
| 4. 2 *ਪ੍ਰਤੀਸ਼ਤ* ਖਰਚਿਆਂ ਨੂੰ ਯਕੀਨੀ ਬਣਾਉਣਾ। | |
| 5. ਨਾ ਖਰਚ ਕੀਤੀ ਰਕਮ ਦਾ ਖੁਲਾਸਾ ਕਰਨਾ। | |

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਦੱਸ ਐਸ ਪੀ ਐਸ ਈਜ਼ ਵਿੱਚੋਂ ਤਿੰਨ ਨੇ ਸੀ ਐਸ ਆਰ ਕਮੇਟੀ ਦਾ ਗਠਨ ਨਹੀਂ ਕੀਤਾ ਹੈ ਹਾਲਾਂਕਿ ਇਹ ਐਸ ਪੀ ਐਸ ਈਜ਼ ਯੋਗਤਾ ਮਾਪਦੰਡ ਨੂੰ ਪੂਰਾ ਕਰ ਰਹੀਆਂ ਸਨ, ਜਿਵੇਂ ਕਿ ਹੇਠਾਂ **ਸਾਰਣੀ** 5.3 ਵਿੱਚ ਦਿੱਤਾ ਗਿਆ ਹੈ:

**ਸਾਰਣੀ 5.3: ਐਸ ਪੀ ਐਸ ਈਜ਼ ਜਿਨ੍ਹਾਂ ਦੀ ਸੀ ਐਸ ਆਰ ਕਮੇਟੀ ਨਹੀਂ ਹੈ**

| ਲੜੀ ਨੰ. | ਐਸ ਪੀ ਐਸ ਈ ਦਾ ਨਾਂ |
|---|---|
| 1. | ਪੰਜਾਬ ਰਾਜ ਗ੍ਰੇਨਜ਼ ਪ੍ਰੋਕਿਊਰਮੇਂਟ ਕਾਰਪੋਰੇਸ਼ਨ ਲਿਮਟਡ |
| 2. | ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਲਿਮਟਡ |
| 3. | ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਡ |

*ਸਰੋਤ: ਐਸ ਪੀ ਐਸ ਈਜ਼ ਦੁਆਰਾ ਦਿੱਤੀ ਗਈ ਸੂਚਨਾ।*

### 5.6.2 *ਕਮੇਟੀ ਵਿੱਚ ਸੁਤੰਤਰ ਨਿਰਦੇਸ਼ਕ*

ਐਕਟ, 2013 ਦੀ ਧਾਰਾ 135 (1) ਦੇ ਅਨੁਸਾਰ, ਸੀ ਐਸ ਆਰ ਕਮੇਟੀ ਵਿੱਚ ਘੱਟੋ-ਘੱਟ ਇਕ ਸੁਤੰਤਰ ਨਿਰਦੇਸ਼ਕ ਹੋਣਾ ਚਾਹੀਦਾ ਹੈ। ਲੇਖਾ ਪ੍ਰੀਖਿਆ ਨੇ ਦੇਖਿਆ ਕਿ ਮਾਰਚ 2020 ਤੱਕ ਧਾਰਾ 135 (1) ਅਧੀਨ ਸੀ ਐਸ ਆਰ ਕਮੇਟੀ ਦਾ ਗਠਨ ਕਰਨ ਵਾਲੇ ਸੱਤ ਐਸ ਪੀ ਐਸ ਈਜ਼ ਵਿੱਚੋਂ ਦੋ ਕੰਪਨੀਆਂ ਦੇ ਸੀ ਐਸ ਆਰ ਕਮੇਟੀ ਵਿੱਚ ਸੁਤੰਤਰ ਨਿਰਦੇਸ਼ਕ ਨਹੀਂ ਸਨ ਜਿਵੇਂ ਕਿ ਹੇਠਾਂ ਦਿੱਤਾ ਗਿਆ ਹੈ ।

**ਸਾਰਣੀ 5.4: ਐਸ ਪੀ ਐਸ ਈਜ਼ ਜਿਨ੍ਹਾਂ ਦੀ ਸੀ ਐਸ ਆਰ ਕਮੇਟੀ ਵਿੱਚ ਸੁਤੰਤਰ ਨਿਰਦੇਸ਼ਕ ਨਹੀਂ ਸਨ**

| ਲੜੀ ਨੰ. | ਐਸ ਪੀ ਐਸ ਈ ਦਾ ਨਾਂ |
|---|---|
| 1. | ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ |
| 2. | ਪੰਜਾਬ ਜੈਨਕੋ ਲਿਮਟਡ |

*ਸਰੋਤ: ਐਸ ਪੀ ਐਸ ਈਜ਼ ਦੁਆਰਾ ਦਿੱਤੀ ਗਈ ਸੂਚਨਾ।*

ਹਾਲਾਂਕਿ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਡ ਦੀ ਸੀ ਐਸ ਆਰ ਕਮੇਟੀ ਦਾ ਗਠਨ 27 ਮਈ 2014 ਨੂੰ ਕੀਤਾ ਗਿਆ ਸੀ, ਪਰ ਸੁਤੰਤਰ ਨਿਰਦੇਸ਼ਕ ਦੀ ਨਿਯੁਕਤੀ 3.5 ਸਾਲਾਂ ਤੋਂ ਵੱਧ ਸਮੇਂ ਬਾਅਦ 14 ਫਰਵਰੀ 2018 ਨੂੰ ਕੀਤੀ ਗਈ ਸੀ।

### 5.6.3 *ਸੀ ਐਸ ਆਰ ਨੀਤੀ ਦਾ ਨਿਰਮਾਣ*

ਐਕਟ, 2013 ਦੀ ਧਾਰਾ 135 (3) ਅਨੁਸਾਰ ਸੀ ਐਸ ਆਰ ਕਮੇਟੀ ਸੀ ਐਸ ਆਰ ਨੀਤੀ ਤਿਆਰ ਕਰੇਗੀ ਅਤੇ ਬੋਰਡ ਆਫ ਡਾਇਰੈਕਟਰਜ਼ ਨੂੰ ਇਸ ਨੀਤੀ ਦੀ ਸਿਫਾਰਸ਼ ਕਰੇਗੀ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਦੱਸ ਵਿੱਚੋਂ ਤਿੰਨ ਐਸ ਪੀ ਐਸ ਈਜ਼ ਨੇ ਸੀ ਐਸ ਆਰ ਨੀਤੀ ਨਹੀਂ ਬਣਾਈ ਜਿਵੇਂ ਕਿ ਹੇਠਾਂ ਦੱਸਿਆ ਗਿਆ ਹੈ:

**ਸਾਰਣੀ 5.5: ਐਸ ਪੀ ਐਸ ਈਜ਼ ਜਿਨ੍ਹਾਂ ਕੋਲ ਕੋਈ ਸੀ ਐਸ ਆਰ ਨੀਤੀ ਨਹੀ ਹੈ**

| ਲੜੀ ਨੰ. | ਐਸ ਪੀ ਐਸ ਈ ਦਾ ਨਾਂ |
|---|---|
| 1. | ਪੰਜਾਬ ਰਾਜ ਗ੍ਰੇਨਜ਼ ਪ੍ਰੋਕਿਊਰਮੇਂਟ ਕਾਰਪੋਰੇਸ਼ਨ ਲਿਮਟਡ |
| 2. | ਪੰਜਾਬ ਰਾਜ ਉਦਯੋਗ ਵਿਕਾਸ ਕਾਰਪੋਰੇਸ਼ਨ ਲਿਮਟਡ |
| 3. | ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਡ |

*ਸਰੋਤ: ਐਸ ਪੀ ਐਸ ਈਜ਼ ਦੁਆਰਾ ਦਿੱਤੀ ਗਈ ਸੂਚਨਾ।*

ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਲਿਮਟਡ ਨੇ ਸੀ ਐਸ ਆਰ ਨੀਤੀ ਨੂੰ ਜਨਵਰੀ 2020 ਵਿੱਚ ਤਿਆਰ ਕੀਤਾ ਅਤੇ ਪ੍ਰਵਾਨਗੀ ਦਿੱਤੀ ਸੀ।

ਪੰਜਾਬ ਜੈਨਕੋ ਲਿਮਟਡ ਨੇ ਆਪਣੀ ਸੀ ਐਸ ਆਰ ਨੀਤੀ ਬਣਾਉਣ ਦੀ ਮਿਤੀ 29 ਫਰਵਰੀ 2016 ਅਤੇ ਬੋਰਡ ਦੁਆਰਾ ਸੀ ਐਸ ਆਰ ਨੀਤੀ ਦੀ ਪ੍ਰਵਾਨਗੀ ਦੀ ਮਿਤੀ 30 ਮਾਰਚ 2016 ਸੂਚਿਤ ਕੀਤੀ ਸੀ। ਲੇਖਾ ਪ੍ਰੀਖਿਆ ਨੇ, ਹਾਲਾਂਕਿ ਇਹ ਦੇਖਿਆ ਕਿ ਕੰਪਨੀ ਦੁਆਰਾ ਕੀਤੀ ਸੀ ਐਸ ਆਰ ਨੀਤੀ ਲਈ ਬੋਰਡ ਦੀ ਪ੍ਰਵਾਨਗੀ ਪ੍ਰਾਪਤ ਨਹੀਂ ਕੀਤੀ ਗਈ ਅਤੇ ਇਸ ਨੂੰ ਰਿਕਾਰਡ ਤੇ ਨਹੀਂ ਰੱਖਿਆ ਗਿਆ ਸੀ। ਕੰਪਨੀ ਨੇ ਇਸ ਦੀ ਬਜਾਏ ਸਿਰਫ ਸੀ ਐਸ ਆਰ ਦੇ ਸੰਬੰਧ ਵਿੱਚ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ਲਈ ਬੋਰਡ ਦੀ ਪ੍ਰਵਾਨਗੀ ਪ੍ਰਾਪਤ ਕੀਤੀ (ਮਾਰਚ 2016) ਸੀ।

### 5.6.4 *ਸਾਲਾਨਾ ਸੀ ਐਸ ਆਰ ਯੋਜਨਾ ਅਤੇ ਬਜਟ*

ਸੀ ਐਸ ਆਰ ਕਮੇਟੀ ਦੀ ਭੂਮਿਕਾ ਬੋਰਡ ਨੂੰ ਸੀ ਐਸ ਆਰ ਦੀਆਂ ਗਤੀਵਿਧੀਆਂ ਅਤੇ ਵਿੱਤੀ ਸਾਲ ਵਿੱਚ ਖਰਚ ਕੀਤੀ ਜਾਣ ਵਾਲੀ ਰਕਮ ਦੀ ਸਿਫਾਰਸ਼ ਕਰਨ ਦੀ ਹੈ; ਬੋਰਡ ਦੀ ਭੂਮਿਕਾ ਸੀ ਐਸ ਆਰ ਗਤੀਵਿਧੀਆਂ ਦੇ ਲਾਗੂ ਕਰਨ ਨੂੰ ਯਕੀਨੀ ਬਣਾਉਣਾ ਹੈ। ਇਸ ਵਿੱਚ ਸੀ ਐਸ ਆਰ ਗਤੀਵਿਧੀਆਂ ਦੀ ਯੋਜਨਾਬੰਦੀ ਅਤੇ ਯੋਜਨਾਬੱਧ ਬਜਟ ਦੀ ਮਨਜ਼ੂਰੀ ਸ਼ਾਮਲ ਹੈ। ਇੱਕ ਵਧੀਆ ਪ੍ਰਚਲਨ ਦੇ ਤੌਰ ਤੇ, ਪ੍ਰਸਤਾਵਿਤ ਸੀ ਐਸ ਆਰ ਪ੍ਰੋਜੈਕਟਾਂ ਅਤੇ ਆਉਣ ਵਾਲੇ ਵਿੱਤੀ ਸਾਲ ਲਈ ਬਜਟ ਹਰ ਸਾਲ 31 ਮਾਰਚ ਤੱਕ ਸੀ ਐਸ ਆਰ ਕਮੇਟੀ ਦੁਆਰਾ ਪ੍ਰਵਾਨਗੀ ਲਈ ਬੋਰਡ ਨੂੰ ਪੇਸ਼ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਆਖਰੀ ਤਿਮਾਹੀ ਵਿੱਚ ਫੰਡਾਂ ਨੂੰ ਖਰਚ ਕਰਨ ਵਿੱਚ ਕੋਈ ਕਾਹਲੀ ਨਾ ਹੋਵੇ। ਇਸ ਤੋਂ ਇਲਾਵਾ, ਇਹ ਵਿੱਤੀ ਸਾਲ ਵਿੱਚ ਫੰਡਾਂ ਦੀ ਪੂਰੀ ਵਰਤੋਂ ਨੂੰ ਵੀ ਯਕੀਨੀ ਬਣਾਏਗਾ।

ਦੱਸ ਵਿੱਚੋਂ ਨਿਰੋਲ ਲਾਭ (ਪਿਛਲੇ ਤਿੰਨ ਵਿੱਤੀ ਸਾਲਾਂ ਦੀ ਔਸਤ) ਵਾਲੀ ਹੇਠਲੀਆਂ ਚਾਰ ਐਸ ਪੀ ਐਸ ਈਜ਼, ਨੂੰ ਸਾਲਾਨਾ ਸੀ ਐਸ ਆਰ ਯੋਜਨਾ ਤਿਆਰ ਕਰਨ ਅਤੇ ਅਗਲੇ ਸਾਲ ਦੌਰਾਨ ਸੀ ਐਸ ਆਰ ਦੀਆਂ ਗਤੀਵਿਧੀਆਂ ਤੇ ਹੋਣ ਵਾਲੇ ਖਰਚੇ ਦਾ ਬਜਟ ਬਣਾਉਣ ਦੀ ਲੋੜ ਸੀ ਜਿਵੇਂ ਕਿ **ਸਾਰਣੀ 5.6** ਵਿੱਚ ਦਿੱਤਾ ਗਿਆ ਹੈ:

**ਸਾਰਣੀ 5.6: ਐਸ ਪੀ ਐਸ ਈਜ਼ ਜ਼ਿੰਨ੍ਹਾਂ ਦਾ ਪਿਛਲੇ ਵਿੱਤੀ ਸਾਲ ਦੌਰਾਨ ਔਸਤ ਨਿਰੋਲ ਲਾਭ ਸੀ**

| ਲੜੀ ਨੰ. | ਐਸ ਪੀ ਐਸ ਈ ਦਾ ਨਾਂ |
|---|---|
| 1. | ਪੰਜਾਬ ਰਾਜ ਉਦਯੋਗ ਵਿਕਾਸ ਕਾਰਪੋਰੇਸ਼ਨ ਲਿਮਟਡ (ਪੀ ਐਸ ਆਈ ਡੀ ਸੀ) |
| 2. | ਪੰਜਾਬ ਜੈਨਕੋ ਲਿਮਟਡ |
| 3. | ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ ਲਿਮਟਡ (ਪੀ ਐਸ ਆਈ ਈ ਸੀ) |
| 4. | ਪੰਜਾਬ ਸਟੇਟ ਕੰਨਟੇਨਰ ਅਤੇ ਵੇਅਰਹਾਊਸਿੰਗ ਕਾਰਪੋਰੇਸ਼ਨ ਲਿਮਟਡ (ਕੰਨਵੇਅਰ) |

*ਸਰੋਤ: ਐਸ ਪੀ ਐਸ ਈਜ਼ ਦੁਆਰਾ ਦਿੱਤੀ ਗਈ ਸੂਚਨਾ।*

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਉਪਰੋਕਤ ਚਾਰ ਐਸ ਪੀ ਐਸ ਈਜ਼ ਵਿੱਚੋਂ ਕਿਸੇ ਨੇ ਵੀ ਸੀ ਐਸ ਆਰ ਗਤੀਵਿਧੀਆਂ ਲਈ ਬਜਟ ਯੋਜਨਾ ਤਿਆਰ ਨਹੀਂ ਕੀਤੀ ਸੀ। ਦੋ ਐਸ ਪੀ ਐਸ ਈਜ਼ (ਪੀ ਐਸ ਆਈ ਈ ਸੀ ਅਤੇ ਕੋਨਵੇਅਰ) ਨੇ ਸੀ ਐਸ ਆਰ ਕਮੇਟੀ ਅਤੇ ਬੋਰਡ ਦੋਵਾਂ ਤੋਂ ਖਰਚਿਆਂ ਲਈ ਪ੍ਰਵਾਨਗੀ ਪ੍ਰਾਪਤ ਕੀਤੀ। ਪੰਜਾਬ ਜੈਨਕੋ ਲਿਮਟਡ ਦੇ ਮਾਮਲੇ ਵਿੱਚ, ਸੀ ਐਸ ਆਰ ਗਤੀਵਿਧੀਆਂ ਅਤੇ ਇਸ ਨਾਲ ਸਬੰਧਤ ਖਰਚਿਆਂ ਨੂੰ ਸਿਰਫ ਸੀ ਐਸ ਆਰ ਕਮੇਟੀ ਦੁਆਰਾ ਪ੍ਰਵਾਨਗੀ ਦਿੱਤੀ ਗਈ ਸੀ। 2019-20 ਦੌਰਾਨ ਪੀ ਐਸ ਆਈ ਡੀ ਸੀ ਨੇ ਸੀ ਐਸ ਆਰ ਦੀਆਂ ਗਤੀਵਿਧੀਆਂ ਦੀ ਯੋਜਨਾਬੰਦੀ ਉਤੇ ਕੋਈ ਖਰਚਾ ਨਹੀਂ ਕੀਤਾ ਸੀ।

## 5.7 ਵਿੱਤੀ ਭਾਗ

### 5.7.1 *ਫੰਡਾਂ ਦੀ ਵੰਡ*

ਐਕਟ, 2013 ਦੀ ਧਾਰਾ 135 (5) ਦੇ ਅਨੁਸਾਰ ਕਿਸੇ ਵੀ ਕੰਪਨੀ ਲਈ ਤਿੰਨ ਤੁਰੰਤ ਪਿਛਲੇ ਵਿੱਤੀ ਸਾਲਾਂ ਦੇ ਔਸਤ ਨਿਰੋਲ ਲਾਭ ਦਾ ਸਾਲਾਨਾ ਘੱਟੋ-ਘੱਟ ਦੋ *ਪ੍ਰਤੀਸ਼ਤ* (ਐਕਟ, 2013 ਦੀ ਧਾਰਾ 198 ਅਨੁਸਾਰ ਗਣਨਾ) ਖਰਚ ਕਰਨਾ ਜਰੂਰੀ ਹੈ। ਚਾਰ ਐਸ ਪੀ ਐਸ ਈਜ਼ ਲਈ ਔਸਤ ਨਿਰੋਲ ਲਾਭ ਦੇ ਦੋ *ਪ੍ਰਤੀਸ਼ਤ* ਦੀ ਗਣਨਾ ਹੇਠਾਂ ਦਿੱਤੀ ਗਈ ਹੈ:

**ਸਾਰਣੀ 5.7: ਸੀ ਐਸ ਆਰ ਪੂਤੀ ਹੋਣ ਵਾਲੀ ਅਤੇ ਅਸਲ ਕੀਤੀ ਵੰਡ**

(ਰਕਮ ₹ ਵਿੱਚ)

| ਲੜੀ ਨੰ. | ਐਸ ਪੀ ਐਸ ਈ ਦਾ ਨਾਂ | ਸਾਲ | ਪਿਛਲੇ ਤਿੰਨ ਸਾਲਾਂ ਲਈ (ਐਕਟ ਦੀ ਧਾਰਾ 198 ਦੇ ਅਨੁਸਾਰ) ਔਸਤ ਨਿਰੋਲ ਲਾਭ | ਮੌਜੂਦਾ ਸਾਲ ਲਈ ਹੋਣ ਵਾਲੀ ਦੋ *ਪ੍ਰਤੀਸ਼ਤ* ਵੰਡ | ਅਸਲ ਕੀਤੀ ਵੰਡ | ਕਮੀ |
|---|---|---|---|---|---|---|
| **1** | **2** | **3** | **4** | **5** | **6** | **7 = 5 - 6** |
| 1. | ਪੰਜਾਬ ਰਾਜ ਉਦਯੋਗ ਵਿਕਾਸ ਕਾਰਪੋਰੇਸ਼ਨ ਲਿਮਟਡ | 2019-20 | 5,57,27,111 | 11,14,542 | Nil | 11,14,542 |
| 2. | ਪੰਜਾਬ ਜੈਨਕੋ ਲਿਮਟਡ | 2019-20 | 9,64,08,404 | 19,28,168 | 19,28,168 | 0 |
| 3. | ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ ਲਿਮਟਡ | 2019-20 | 34,36,35,377 | 68,72,708 | 68,72,708 | 0 |
| 4. | ਪੰਜਾਬ ਸਟੇਟ ਕੰਨਟੇਨਰ ਅਤੇ ਵੇਅਰਹਾਊਸਿੰਗ ਕਾਰਪੋਰੇਸ਼ਨ ਲਿਮਟਡ | 2019-20 | 17,41,00,000 | 34,82,000 | 34,82,000 | 0 |
| | | **ਜੋੜ** | **66,98,70,892** | **1,33,97,418** | **1,22,82,876** | **11,14,542** |

*ਸਰੋਤ: ਐਸ ਪੀ ਐਸ ਈਜ਼ ਦੁਆਰਾ ਦਿੱਤੀ ਗਈ ਸੂਚਨਾ।*

ਸਾਲ 2019-20 ਦੌਰਾਨ ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਲਿਮਟਡ ਨੇ ਸੀ ਐਸ ਆਰ ਗਤੀਵਿਧੀਆਂ ਲਈ ਕੋਈ ਰਕਮ ਦਾ ਯੋਗਦਾਨ ਨਹੀਂ ਕੀਤਾ ਸੀ। ਜਦੋਂ ਕਿ ਹੋਰਾਂ ਵਿੱਚ ਕੋਈ ਕਮੀ ਨਹੀਂ ਸੀ।

### 5.7.2 *ਫੰਡਾਂ ਦੀ ਵਰਤੋਂ*

ਐਕਟ, 2013 ਦੀ ਧਾਰਾ 135 (5) ਵਿਵਸਥਾ ਕਰਦੀ ਹੈ ਕਿ ਬੋਰਡ ਇਹ ਸੁਨਿਸ਼ਚਿਤ ਕਰੇਗਾ ਕਿ ਕੰਪਨੀ ਪਿਛਲੇ ਤਿੰਨ ਸਾਲਾਂ ਦੇ ਔਸਤ ਨਿਰੋਲ ਲਾਭ ਦਾ ਦੋ *ਪ੍ਰਤੀਸ਼ਤ* ਖਰਚ ਕਰੇਗੀ। 2019-20 ਦੌਰਾਨ ਸੀ ਐਸ ਆਰ ਗਤੀਵਿਧੀਆਂ ਤੇ ਖਰਚ ਹੋਣ ਵਾਲੀ ਅਤੇ ਅਸਲ ਖਰਚ ਕੀਤੀ ਰਕਮ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ:

**ਸਾਰਣੀ 5.8: ਸੀ ਐਸ ਆਰ ਫੰਡਾਂ ਦੀ ਵਰਤੋਂ**

(ਰਕਮ ₹ ਵਿੱਚ)

| ਲੜੀ ਨੰ. | ਐਸ ਪੀ ਐਸ ਈ ਦਾ ਨਾਂ | ਸਾਲ | ਹੋਣ ਵਾਲੀ ਦੋ *ਪ੍ਰਤੀਸ਼ਤ* ਵੰਡ | ਵੰਡ ਕੀਤੀ ਅਸਲ ਰਕਮ | ਖਰਚੇ ਦੇ ਤੌਰ ਤੇ ਦਰਸਾਈ ਗਈ ਰਕਮ | (ਵਾਧਾ)/ਘਾਟਾ |
|---|---|---|---|---|---|---|
| **1** | **2** | **3** | **4** | **5** | **6** | **7 = 4 - 6** |
| 1. | ਪੰਜਾਬ ਰਾਜ ਉਦਯੋਗ ਵਿਕਾਸ ਕਾਰਪੋਰੇਸ਼ਨ ਲਿਮਟਡ | 2019-20 | 11,14,542 | ਨਿਲ | ਨਿਲ | 11,14,542 |
| 2. | ਪੰਜਾਬ ਜੈਨਕੋ ਲਿਮਟਡ | 2019-20 | 19,28,168 | 19,28,168 | 79,52,650 | (60,24,482) |
| 3. | ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ ਲਿਮਟਡ | 2019-20 | 68,72,708 | 68,72,708 | 4,33,18,519 | (3,64,45,811) |
| 4. | ਪੰਜਾਬ ਸਟੇਟ ਕੰਨਟੇਨਰ ਅਤੇ ਵੇਅਰਹਾਊਸਿੰਗ ਕਾਰਪੋਰੇਸ਼ਨ ਲਿਮਟਡ | 2019-20 | 34,82,000 | 34,82,000 | 34,82,000 | 0 |
| 5. | ਪੰਜਾਬ ਐਗਰੋ ਇੰਡਸਟਰੀਜ ਕਾਰਪੋਰੇਸ਼ਨ ਲਿਮਟਡ | 2019-20 | ਲਾਗੂ ਨਹੀਂ[1] | ਨਿਲ | 10,95,250 | (10,95,250) |

*ਸਰੋਤ: ਐਸ ਪੀ ਐਸ ਈਜ਼ ਦੁਆਰਾ ਦਿੱਤੀ ਗਈ ਸੂਚਨਾ।*

2019-20 ਦੌਰਾਨ ਖਰਚੇ ਵਜੋਂ ਦਰਸਾਈ ਗਈ ਰਕਮ ਵਿੱਚ ਸਾਲ 2019-20 ਦੇ ਸੀ ਐਸ ਆਰ ਖਰਚਿਆਂ ਲਈ ਵੰਡ ਦੀ ਵਰਤੋਂ ਅਤੇ ਪਿਛਲੇ ਸਾਲਾਂ, ਜਿਵੇਂ ਕਿ 2018-19 ਤੱਕ, ਦੇ ਫੰਡਾਂ ਦਾ

[1] ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਲਿਮਟਡ ਦਾ ਸਾਲ 2019-20 ਤੋਂ ਪਿਛਲੇ ਤਿੰਨ ਸਾਲਾਂ ਲਈ ਔਸਤ ਨਿਰੋਲ ਲਾਭ ਨਹੀਂ ਹੋਇਆ ਸੀ, ਇਸ ਲਈ ਕੋਈ ਵੰਡ ਨਹੀਂ ਕੀਤੀ ਗਈ ਸੀ।

ਖਰਚ ਨਾ ਕੀਤਾ ਗਿਆ ਬਕਾਇਆ ਸ਼ਾਮਲ ਹੈ। ਖਰਚੇ ਵਿੱਚ ਐਸ ਪੀ ਐਸ ਈਜ਼ ਦੁਆਰਾ ਕੀਤੇ ਗਏ ਅਸਲ ਖਰਚੇ ਦੇ ਨਾਲ-ਨਾਲ ਪੰਜਾਬ ਸਰਕਾਰ ਦੁਆਰਾ ਸਥਾਪਤ ਸੀ ਐਸ ਆਰ ਅਥਾਰਟੀ ਨੂੰ ਟਰਾਂਸਫਰ ਕੀਤੀ ਗਈ ਰਕਮ ਸ਼ਾਮਲ ਹੈ।

ਐਸ ਪੀ ਐਸ ਈਜ਼ ਦੁਆਰਾ ਸੀ ਐਸ ਆਰ ਫੰਡਾਂ ਦੀ ਵਰਤੋਂ ਤੇ ਲੇਖਾ ਪ੍ਰੀਖਿਆ ਲੱਭਤਾਂ ਹੇਠ ਵਿਚਾਰੀਆ ਗਈਆਂ ਹਨ:

ੳ) *ਸਾਲਾਨਾ ਨਿਰਧਾਰਤ ਵੰਡ ਸੀਮਾ ਦੇ ਮੁਕਾਬਲੇ ਵਾਧੂ/ਘੱਟ ਖਰਚਾ*

ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ ਲਿਮਟਡ ਅਤੇ ਪੰਜਾਬ ਜੈਨਕੋ ਲਿਮਟਡ ਨੇ 2019-20 ਦੌਰਾਨ ਪਿਛਲੇ ਨਾ ਖਰਚੇ ਬਕਾਇਆ ਦੀ ਵਰਤੋਂ ਕਰਦੇ ਹੋਏ ਕ੍ਰਮਵਾਰ ₹ 364.46 ਲੱਖ ਅਤੇ ₹ 60.25 ਲੱਖ ਦੀ ਵਾਧੂ ਰਕਮ ਖਰਚ ਕੀਤੀ। ਔਸਤਨ ਨਿਰੋਲ ਲਾਭ ਹੋਣ ਦੇ ਬਾਵਜੂਦ, ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਲਿਮਟਡ ਨੇ ਸੀ ਐਸ ਆਰ ਤੇ ਕੋਈ ਵੀ ਰਕਮ ਖਰਚ ਨਹੀਂ ਕੀਤੀ ਹਾਲਾਂਕਿ ਇਸ ਨੂੰ 2019-20 ਦੌਰਾਨ ਨਿਰਧਾਰਤ ਰਕਮ ਖਰਚਣ ਦੀ ਲੋੜ ਸੀ। ਪੰਜਾਬ ਰਾਜ ਕੰਨਟੇਨਰ ਅਤੇ ਵੇਅਰਹਾਊਸਿੰਗ ਕਾਰਪੋਰੇਸ਼ਨ ਲਿਮਟਡ ਨੇ ਸਾਲ 2019-20 ਦੌਰਾਨ ਖਰਚੀ ਜਾਣ ਵਾਲੀ ਪੂਰੀ ਰਕਮ ਖਰਚ ਕੀਤੀ।

ਅ) *ਰਾਜ ਸੀ ਐਸ ਆਰ ਅਥਾਰਟੀ ਨੂੰ ਯੋਗਦਾਨ*

ਇਹ ਦੇਖਿਆ ਗਿਆ ਸੀ ਕਿ 2019-20 ਦੌਰਾਨ, ਇਕ ਐਸ ਪੀ ਐਸ ਈ ਜੋ ਕਿ ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ ਲਿਮਟਡ ਹੈ, ਨੇ ₹ 335.19 ਲੱਖ ਪੰਜਾਬ ਸੀ ਐਸ ਆਰ ਅਥਾਰਟੀ ਨੂੰ ਟਰਾਂਸਫਰ ਕਿੱਤੇ। ਇੱਕ ਹੋਰ ਐਸ ਪੀ ਐਸ ਈ, ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਲਿਮਟਡ ਨੇ ਵੀ 2019-20 ਦੌਰਾਨ ਵਿੱਤੀ ਸਾਲ 2018-19 ਨਾਲ ਸਬੰਧਤ ਸੀ ਐਸ ਆਰ ਗਤੀਵਿਧੀਆਂ ਲਈ ਪੰਜਾਬ ਸੀ ਐਸ ਆਰ ਅਥਾਰਟੀ ਨੂੰ ₹ 10.95 ਲੱਖ ਦੀ ਰਕਮ ਟਰਾਂਸਫਰ ਕਰ ਦੀਤੀ ਸੀ। ਕੰਪਨੀ ਦੁਆਰਾ ਆਪਣੇ ਪੱਧਰ ਤੇ ਸੀ ਐਸ ਆਰ ਦੀ ਨਿਰਧਾਰਤ ਰਕਮ ਦਾ ਖਰਚ ਨਾ ਕਰਨਾ ਅਤੇ ਰਾਜ ਸਰਕਾਰ ਅਥਾਰਟੀ ਨੂੰ ਟਰਾਂਸਫਰ ਕਰਨਾ ਕੰਪਨੀ ਐਕਟ, 2013 ਦੀ ਉਲੰਘਣਾ ਸੀ ਕਿਉਂਕਿ ਐਕਟ ਦੀਆਂ ਸਬੰਧਤ ਧਾਰਾਂਵਾਂ ਕਿਸੇ ਵੀ ਕਿਸਮ ਦੀ ਸੀ ਐਸ ਆਰ ਅਥਾਰਟੀ/ਰਾਜ ਸਰਕਾਰ ਦੇ ਫੰਡਾਂ ਦੇ ਗਠਨ ਉੱਤੇ ਐਸ ਪੀ ਐਸ ਈਜ਼ ਦੁਆਰਾ ਯੋਗਦਾਨ ਦੇਣ ਦੀ ਵਿਵਸਥਾ ਨਹੀਂ ਕਰਦੀਆਂ। ਹਾਲਾਂਕਿ ਭਾਰਤ ਸਰਕਾਰ ਦੇ ਕਾਰਪੋਰੇਟ ਮਾਮਲਿਆਂ ਦੇ ਮੰਤਰਾਲੇ ਨੇ ਜਨਰਲ ਸਰਕੂਲਰ ਨੰ: 14/2021 ਮਿਤੀ 25 ਅਗਸਤ 2021 ਦੁਆਰਾ ਸੰਸਦ/ਰਾਜ ਵਿਧਾਨ ਸਭਾ ਦੇ ਐਕਟ ਦੁਆਰਾ ਸਥਾਪਿਤ ਵਿਧਾਨਕ ਸੰਸਥਾਂਵਾਂ ਨੂੰ ਸੀ ਐਸ ਆਰ ਗਤੀਵਿਧੀਆਂ ਲਾਗੂ ਕਰਨ ਵਾਲੀ ਏਜੰਸੀ ਵੱਜੋਂ ਕੰਮ ਕਰਨ ਲਈ ਯੋਗ ਬਣਾ ਦਿੱਤਾ ਹੈ।

ਇਕ ਪੁੱਛਗਿਛ ਦੇ ਜਵਾਬ ਵਿੱਚ, ਪੰਜਾਬ ਸੀ ਐਸ ਆਰ ਅਥਾਰਟੀ ਨੇ ਕਿਹਾ (ਅਪ੍ਰੈਲ 2021) ਕਿ ਰਾਜ ਪੀ ਐਸ ਈਜ਼ ਤੋਂ ਪ੍ਰਾਪਤ ਕੀਤੇ ਫੰਡਾਂ ਵਿੱਚੋਂ, 31 ਮਾਰਚ 2020 ਤੱਕ, ਕੋਈ ਖਰਚਾ ਨਹੀ ਹੋਇਆ ਸੀ। ਸੀ ਐਸ ਆਰ ਅਥਾਰਟੀ ਨੇ ਸਤੰਬਰ 2020 ਤੋਂ ਅਪ੍ਰੈਲ 2021 ਦੌਰਾਨ ਦਫਤਰ ਦੇ ਖਰਚਿਆਂ ਅਤੇ ਉਦਯੋਗ ਲਈ ਆਊਟਰੀਚ ਪ੍ਰੋਗਰਾਮ ਕਰਵਾਉਣ ਵਰਗੀਆਂ ਗਤੀਵਿਧੀਆਂ ਤੇ ਸਿਰਫ ₹ 0.89 ਲੱਖ ਖਰਚ ਕੀਤੇ ਸਨ। ਲੇਖਾ ਪ੍ਰੀਖਿਆ ਨੇ ਦੇਖਿਆ ਕਿ ਇਹ ਖਰਚਾ ਵੀ ਨਿਰਧਾਰਤ ਸੀ ਐਸ ਆਰ ਗਤੀਵਿਧੀਆਂ ਉੱਤੇ ਨਹੀਂ ਕੀਤਾ ਗਿਆ ਸੀ।

### 5.7.3 *ਕੈਰੀ ਫਾਰਵਡ ਰਕਮ ਅਤੇ ਨਾ ਖਰਚੀ ਰਕਮ ਦੀ ਵਰਤੋਂ*

ਐਮ ਸੀ ਏ ਦੇ ਸਪੱਸ਼ਟੀਕਰਨ (12 ਜਨਵਰੀ 2016) ਦੇ ਅਨੁਸਾਰ ਬੋਰਡ ਇਹ ਫੈਸਲਾ ਕਰਨ ਲਈ ਸੁਤੰਤਰ ਹੈ ਕਿ ਘੱਟੋ-ਘੱਟ ਸੀ ਐਸ ਆਰ ਫੰਡ ਦੀ ਕੋਈ ਅਣਖਰਚੀ ਰਕਮ ਅੱਗਲੇ ਸਾਲ ਨੂੰ ਅੱਗੇ ਲਿਜਾਣੀ ਹੈ ਕਿ ਨਹੀਂ। ਵਿੱਤੀ ਸਾਲ 2018-19 ਦੇ ਅੰਤ ਤੱਕ ਹੇਠ ਦਿੱਤੇ ਅਨੁਸਾਰ ਚਾਰ ਐਸ ਪੀ ਐਸ ਈਜ਼ ਕੋਲ ₹ 552.17 ਲੱਖ ਦੀ ਅਣਖਰਚੀ ਰਕਮ ਸੀ।

**ਸਾਰਣੀ 5.9: ਪਿਛਲੇ ਸਾਲਾਂ ਦੀ ਕੈਰੀ ਫਾਰਵਡ ਰਕਮ ਦੀ ਵਰਤੋਂ**

(ਰਕਮ ₹ ਵਿੱਚ)

| ਲੜੀ ਨੰ. | ਐਸ ਪੀ ਐਸ ਈ ਦਾ ਨਾਂ | 2018-19 ਦੀ ਕੈਰੀ ਫਾਰਵਡ ਰਕਮ | 2019-20 ਦੌਰਾਨ ਵੰਡ | 2019-20 ਦੌਰਾਨ ਉਪਲਬੱਧ ਕੁੱਲ ਰਕਮ | 2019-20 ਦੌਰਾਨ ਖਰਚ/ ਟਰਾਂਸਫਰ ਕੀਤੀ ਗਈ ਰਕਮ | 31 ਮਾਰਚ 2020 ਨੂੰ ਨਾ ਖਰਚੀ ਰਕਮ |
|---|---|---|---|---|---|---|
| **1** | **2** | **3** | **4** | **5 = 3 + 4** | **6** | **7 = 5 - 6** |
| 1. | ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ ਲਿਮਟਡ | 4,33,18,519 | 68,72,708 | 5,01,91,227 | 4,33,18,519 | 68,72,708 |
| 2. | ਪੰਜਾਬ ਜੈਨਕੋ ਲਿਮਟਡ | 96,17,081 | 19,28,168 | 1,15,45,249 | 79,52,650 | 35,92,599 |
| 3. | ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ | 11,86,557 | ਲਾਗੂ ਨਹੀਂ[2] | 11,86,557 | 0 | 11,86,557 |
| 4. | ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਲਿਮਟਡ | 10,95,250 | ਲਾਗੂ ਨਹੀਂ[3] | 10,95,250 | 10,95,250 | 0 |
| | **ਜੋੜ** | **5,52,17,407** | **88,00,876** | **6,40,18,283** | **5,23,66,419** | **1,16,51,864** |

*ਸਰੋਤ: ਐਸ ਪੀ ਐਸ ਈਜ਼ ਦੁਆਰਾ ਦਿੱਤੀ ਗਈ ਸੂਚਨਾ।*

ਚਾਰ ਐਸ ਪੀ ਐਸ ਈਜ਼ ਨੇ ਵਿੱਤੀ ਸਾਲ 2018-19 ਤੋਂ 2019-20 ਦੇ ਅਣਖਰਚੇ ਬਕਾਏ ਨੂੰ ਕੈਰੀ ਫਾਰਵਡ ਕਰ ਲਿਆ ਸੀ ਅਤੇ ਅੱਗੇ 2019-20 ਦੌਰਾਨ ₹ 88.01 ਲੱਖ ਦੇ ਸੀ ਐਸ ਆਰ ਫੰਡ ਨਿਰਧਾਰਤ ਕੀਤੇ ਗਏ ਸਨ। ₹ 640.18 ਲੱਖ ਦੇ ਕੁੱਲ ਉਪਲੱਬਧ ਫੰਡਾਂ ਵਿੱਚੋਂ, ਇਨ੍ਹਾਂ ਐਸ ਪੀ ਐਸ ਈਜ਼ ਨੇ 31 ਮਾਰਚ 2020 ਨੂੰ ₹ 116.52 ਲੱਖ ਦੇ ਅਣਖਰਚੇ ਬਕਾਏ ਛੱਡ ਕੇ 2019-20 ਦੌਰਾਨ ਸਿਰਫ ₹ 523.66 ਲੱਖ ਖਰਚ ਕੀਤੇ। ਇਹਨਾਂ ਵਿੱਚੋਂ ਪੀ ਐਸ ਆਈ ਈ ਸੀ ਕੋਲ ਸਭ ਤੋਂ ਵੱਧ ਨਾ ਖਰਚੀ ਬਕਾਇਆ ਰਕਮ ₹ 68.73 ਲੱਖ ਸੀ। ਅੱਗੇ, ਇਹ ਵੀ ਦੇਖਿਆ ਗਿਆ ਕਿ ਸਾਲ 2018-19 ਲਈ ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਲਿਮਟਡ ਨੇ ₹ 3.57 ਲੱਖ ਦੀ ਬਕਾਇਆ ਰਕਮ ਕੈਰੀ ਫਾਰਵਡ ਨਹੀਂ ਕੀਤੀ ਅਤੇ ਸਾਲ 2019-20 ਲਈ ₹ 11.15 ਲੱਖ ਦੀ ਰਕਮ ਨਿਰਧਾਰਤ ਨਹੀਂ ਕੀਤੀ ਸੀ।

---

[2] ਪੀ ਐਸ ਟੀ ਸੀ ਐਲ ਦਾ ਸਾਲ 2019-20 ਤੋਂ ਪਿਛਲੇ ਤਿੰਨ ਸਾਲਾਂ ਲਈ ਔਸਤ ਨਿਰੋਲ ਲਾਭ ਨਹੀਂ ਸੀ, ਇਸ ਲਈ ਕੋਈ ਵੰਡ ਨਹੀਂ ਕੀਤੀ ਗਈ ਸੀ।

[3] ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਲਿਮਟਡ ਦਾ ਸਾਲ 2019-20 ਤੋਂ ਪਿਛਲੇ ਤਿੰਨ ਸਾਲਾਂ ਲਈ ਔਸਤ ਨਿਰੋਲ ਲਾਭ ਨਹੀਂ ਸੀ, ਇਸ ਲਈ ਕੋਈ ਵੰਡ ਨਹੀਂ ਕੀਤੀ ਗਈ ਸੀ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਪੰਜਾਬ ਐਗਰੋ ਇੰਡਸਟਰੀਜ਼ ਕੋਰਪੋਰੇਸ਼ਨ ਲਿਮਟਡ ਤੋਂ ਇਲਾਵਾ ਕੋਈ ਵੀ ਐਸ ਪੀ ਐਸ ਈਜ਼ ਪਿਛਲੇ ਸਾਲਾਂ ਦੇ ਨਾ ਖਰਚੇ ਬਕਾਏ ਨੂੰ ਪੂਰੀ ਤਰ੍ਹਾਂ ਖਰਚ ਨਹੀਂ ਕਰ ਸਕੀ।

### 5.7.4 *ਚੋਟੀ ਦੇ ਖਰਚੇ ਕਰਨ ਵਾਲੇ*

2019-20 ਦੇ ਸਮੇਂ ਦੌਰਾਨ, ਕੰਪਨੀਆਂ ਦੁਆਰਾ ਕੀਤਾ ਕੁੱਲ ਖਰਚਾ ਹੇਠਾਂ ਦਿੱਤਾ ਗਿਆ ਹੈ:

**ਸਾਰਣੀ 5.10: 2019-20 ਦੇ ਸਮੇਂ ਦੌਰਾਨ ਚੋਟੀ ਦੇ ਖਰਚ ਕਰਨ ਵਾਲਿਆਂ ਨੂੰ ਦਰਸਾਉਂਦੀ ਸਾਰਣੀ**

| ਲੜੀ ਨੰ. | ਐਸ ਪੀ ਐਸ ਈ ਦਾ ਨਾਂ | ਰਕਮ (₹) |
|---|---|---|
| 1. | ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ ਲਿਮਟਡ | 4,33,18,519 |
| 2. | ਪੰਜਾਬ ਜੈਨਕੋ ਲਿਮਟਡ | 79,52,650 |
| 3. | ਪੰਜਾਬ ਰਾਜ ਕੰਨਟੇਨਰ ਅਤੇ ਵੇਅਰਹਾਉਸਿੰਗ ਕਾਰਪੋਰੇਸ਼ਨ ਲਿਮਟਡ | 34,82,000 |
| 4. | ਪੰਜਾਬ ਐਗਰੋ ਇੰਡਸਟਰੀਜ ਕਾਰਪੋਰੇਸ਼ਨ ਲਿਮਟਡ | 10,95,250 |
| | **ਜੋੜ** | **5,58,48,419** |

*ਸਰੋਤ: ਐਸ ਪੀ ਐਸ ਈਜ਼ ਦੁਆਰਾ ਦਿੱਤੀ ਗਈ ਸੂਚਨਾ।*

ਸਾਲ 2019-20 ਦੌਰਾਨ, ਸੀ ਐਸ ਆਰ ਗਤੀਵਿਧੀਆਂ ਉੱਤੇ ₹ 433.19 ਲੱਖ ਖਰਚ ਨਾਲ ਸਭ ਤੋਂ ਵੱਡਾ ਖਰਚਾ ਕਰਨ ਵਾਲਾ ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ ਲਿਮਟਡ ਸੀ, ਇਸ ਖਰਚ ਵਿੱਚ ਪੰਜਾਬ ਸੀ ਐਸ ਆਰ ਅਥਾਰਟੀ ਨੂੰ ਟਰਾਂਸਫਰ ਕੀਤੇ ₹ 335.19 ਲੱਖ ਸ਼ਾਮਲ ਸਨ ਜਿਵੇਂ ਕਿ ਪੈਰ੍ਹਾ 5.7.2 (ਅ) ਵਿੱਚ ਵਿਸਤ੍ਰਿਤ ਹੈ।

### 5.7.5 *ਖੇਤਰ-ਵਾਰ ਸੀ ਐਸ ਆਰ ਖਰਚ*

ਲੇਖਾ ਪ੍ਰੀਖਿਆ ਨੇ ਖੇਤਰ ਵਾਰ ਸੀ ਐਸ ਆਰ ਖਰਚਿਆਂ ਦਾ ਵਿਸ਼ਲੇਸਣ ਕਰਨ ਲਈ ਚਾਰ ਐਸ ਪੀ ਐਸ ਈਜ਼ ਨੂੰ ਕਵਰ ਕੀਤਾ, ਜੋ ਕਿ ਹੇਠ ਦਿੱਤੀ **ਸਾਰਣੀ** 5.11 ਵਿੱਚ ਵਿਸਤ੍ਰਿਤ ਹੈ:

**ਸਾਰਣੀ 5.11: 2019-20 ਦੌਰਾਨ ਕੀਤੇ ਖੇਤਰ ਵਾਰ ਖਰਚਿਆਂ ਨੂੰ ਦਰਸਾਉਂਦੀ ਸਾਰਣੀ**

(ਰਕਮ ₹ ਵਿੱਚ)

| ਲੜੀ ਨੰ. | ਐਸ ਪੀ ਐਸ ਈ ਦਾ ਨਾਂ | ਊਰਜਾ/ ਪਾਵਰ | ਸਿਹਤ ਅਤੇ ਸੈਨੀਟਾਈਜ਼ੇਸ਼ਨ | ਸਿੱਖਿਆ | ਰਾਜ ਸੀ ਐਸ ਆਰ ਅਥਾਰਟੀ |
|---|---|---|---|---|---|
| **1** | **2** | **3** | **4** | **5** | **6** |
| 1. | ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ ਲਿਮਟਡ | --- | 98,00,000 | --- | 3,35,18,519 |
| 2. | ਪੰਜਾਬ ਰਾਜ ਕੰਨਟੇਨਰ ਅਤੇ ਵੇਅਰਹਾਉਸਿੰਗ ਕਾਰਪੋਰੇਸ਼ਨ ਲਿਮਟਡ | --- | --- | 34,82,000 | --- |
| 3. | ਪੰਜਾਬ ਜੈਨਕੋ ਲਿਮਟਡ | 79,52,650 | --- | --- | --- |
| 4. | ਪੰਜਾਬ ਐਗਰੋ ਇੰਡਸਟਰੀਜ ਕਾਰਪੋਰੇਸ਼ਨ ਲਿਮਟਡ | --- | --- | --- | 10,95,250 |
| | **ਜੋੜ** | **79,52,650** | **98,00,000** | **34,82,000** | **3,46,13,769** |
| | **ਕੁੱਲ ਜੋੜ (3+4+5)** | | | **2,12,34,650** | |
| | **ਖਰਚੇ ਦਾ ਪ੍ਰਤੀਸ਼ਤ (ਰਾਜ ਸੀ ਐਸ ਆਰ ਅਥਾਰਟੀ ਤੋਂ ਇਲਾਵਾ)** | **37.45** | **46.15** | **16.40** | **---** |

*ਸਰੋਤ: ਐਸ ਪੀ ਐਸ ਈਜ਼ ਦੁਆਰਾ ਦਿੱਤੀ ਗਈ ਸੂਚਨਾ।*

ਸਭ ਤੋਂ ਵੱਧ ਖਰਚਾ ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ ਲਿਮਟਡ ਦੁਆਰਾ ਸਿਹਤ ਅਤੇ ਸੈਨੀਟਾਈਜ਼ੇਸ਼ਨ ਖੇਤਰ ਤੇ (46.15 *ਪ੍ਰਤੀਸ਼ਤ:* ₹ 98.00 ਲੱਖ) ਕੀਤਾ ਸੀ ਜਿਸ ਦੇ ਬਾਅਦ ਪੰਜਾਬ ਜੈਨਕੋ ਲਿਮਟਡ ਦੁਆਰਾ ਊਰਜਾ/ਪਾਵਰ ਖੇਤਰ ਤੇ (37.45 *ਪ੍ਰਤੀਸ਼ਤ:* ₹ 79.53 ਲੱਖ) ਕੀਤਾ ਸੀ। ਪੰਜਾਬ ਰਾਜ ਕਨੰਟੇਨਰ ਅਤੇ ਵੇਅਰਹਾਉਸਿੰਗ ਕਾਰਪੋਰੇਸ਼ਨ ਲਿਮਟਡ ਦੁਆਰਾ ਸਿੱਖਿਆ ਦੇ ਖੇਤਰ ਵਿੱਚ (16.40 *ਪ੍ਰਤੀਸ਼ਤ* : ₹ 34.82 ਲੱਖ) ਖਰਚਾ ਕੀਤਾ ਸੀ।

### 5.7.6 *ਪ੍ਰਸ਼ਾਸਨਿਕ ਓਵਰਹੈੱਡ*

ਸੀ ਐਸ ਆਰ ਨਿਯਮਾਂ, 2014 ਦੇ ਨਿਯਮ 4(6) ਦੇ ਅਨੁਸਾਰ, ਇੱਕ ਵਿੱਤੀ ਸਾਲ ਲਈ ਕੰਪਨੀ ਦੇ ਪ੍ਰਬੰਧਕੀ ਓਵਰਹੈੱਡ ਨੂੰ ਕੁੱਲ ਸੀ ਐਸ ਆਰ ਖਰਚੇ ਦੇ ਪੰਜ *ਪ੍ਰਤੀਸ਼ਤ* ਤੱਕ ਸੀਮਿਤ ਕੀਤਾ ਜਾਣਾ ਹੈ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ 2019-20 ਦੌਰਾਨ, ਕਿਸੇ ਐਸ ਪੀ ਐਸ ਈ ਦੁਆਰਾ ਕੋਈ ਪ੍ਰਬੰਧਕੀ ਓਵਰਹੈੱਡ ਖਰਚ ਨਹੀਂ ਕੀਤੇ ਗਏ ਸਨ।

### 5.7.7 *ਸੀ ਐਸ ਆਰ ਪ੍ਰੋਜੈਕਟਾਂ ਤੋਂ ਸਰਪਲੱਸ*

ਸੀ ਐਸ ਆਰ ਨਿਯਮਾਂ, 2014 ਦੇ ਨਿਯਮ 6(2) ਦੇ ਅਨੁਸਾਰ, ਸੀ ਐਸ ਆਰ ਪ੍ਰੋਜੈਕਟਾਂ ਤੋਂ ਪੈਦਾ ਹੋਣ ਵਾਲਾ ਕੋਈ ਸਰਪਲੱਸ ਕੰਪਨੀ ਦੇ ਵਪਾਰਕ ਲਾਭ ਦਾ ਹਿੱਸਾ ਨਹੀਂ ਬਣੇਗਾ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ 2019-20 ਦੌਰਾਨ, ਕਿਸੇ ਵੀ ਐਸ ਪੀ ਐਸ ਈ ਨੇ ਸੀ ਐਸ ਆਰ ਪ੍ਰੋਜੈਕਟਾਂ/ਗਤੀਵਿਧੀਆਂ ਤੋਂ ਕੋਈ ਸਰਪਲੱਸ ਨਹੀਂ ਬਣਾਇਆ।

## 5.8 ਪ੍ਰੋਜੈਕਟਾਂ ਨੂੰ ਲਾਗੂ ਕਰਨਾ

### 5.8.1 *ਸੀ ਐਸ ਆਰ ਪ੍ਰੋਜੈਕਟਾਂ/ਗਤੀਵਿਧੀਆਂ ਦੀ ਚੋਣ*

ਲੇਖਾ ਪ੍ਰੀਖਿਆ ਨੇ ਦੇਖਿਆ ਕਿ 2019-20 ਦੌਰਾਨ ਕਿਸੇ ਵੀ ਕੰਪਨੀ ਨੇ ਐਸ ਆਰ ਪ੍ਰੋਜੈਕਟਾਂ/ਗਤੀਵਿਧੀਆਂ ਦੀ ਚੋਣ ਲਈ ਕੋਈ ਮੁਲਾਂਕਣ/ਬੇਸ ਲਾਈਨ ਸਰਵੇਖਣ ਨਹੀਂ ਕੀਤਾ।

### 5.8.2 *ਸੀ ਐਸ ਆਰ ਗਤੀਵਿਧੀਆਂ ਨੂੰ ਲਾਗੂ ਕਰਨ ਦਾ ਢੰਗ*

ਸੀ ਐਸ ਆਰ ਨਿਯਮ, 2014 ਦਾ ਨਿਯਮ 4 ਵਿਸ਼ੇਸ ਤੌਰ ਤੇ ਐਕਟ, 2013 ਦੀ ਧਾਰਾ 135 (1) ਦੇ ਅਧੀਨ ਕੀਤੀ ਜਾਣ ਵਾਲੀ ਸੀ ਐਸ ਆਰ ਗਤੀਵਿਧੀ ਦੇ ਢੰਗ ਨਾਲ ਸਬੰਧਤ ਹੈ। ਕੰਪਨੀ ਦਾ ਬੋਰਡ, ਰਜਿਸਟਰਡ ਟਰੱਸਟ/ਸੁਸਾਇਟੀ ਜਾਂ ਕੰਪਨੀ ਦੁਆਰਾ ਸਥਾਪਤ ਕੰਪਨੀ ਜਾਂ ਐਕਟ, 2013 ਦੀ ਧਾਰਾ 8 ਦੇ ਅਧੀਨ ਹੋਲਡਿੰਗ ਜਾਂ ਸਹਾਇਕ ਜਾਂ ਸਹਿਯੋਗੀ ਕੰਪਨੀ ਜਾਂ ਹੋਰ ਕੰਪਨੀ ਨੂੰ ਸੀ ਐਸ ਆਰ ਕਮੇਟੀ ਦੁਆਰਾ ਮਨਜ਼ੂਰੀ ਦਿੱਤੀ ਹੋਈ ਸੀ ਐਸ ਆਰ ਗਤੀਵਿਧੀਆਂ ਕਰਨ ਦਾ ਫੈਸਲਾ ਕਰ ਸਕਦਾ ਹੈ। ਸੀ ਐਸ ਆਰ ਪ੍ਰੋਜੈਕਟਾਂ ਨੂੰ ਲਾਗੂ ਕਰਨ ਦੇ ਤਰੀਕੇ **ਸਾਰਣੀ** 5.12 ਅਨੁਸਾਰ ਸਨ:

**ਸਾਰਣੀ 5.12: ਸੀ ਐਸ ਆਰ ਗਤੀਵਿਧੀਆਂ ਦੀ ਕਾਰਜਕਾਰੀ ਏਜੰਸੀਆਂ ਦੇ ਨਾਂ ਨੂੰ ਦਰਸਾਉਂਦੀ ਸਾਰਣੀ**

| ਲੜੀ ਨੰ. | ਐਸ ਪੀ ਐਸ ਈ ਦਾ ਨਾਂ | ਕਾਰਜਕਾਰੀ ਏਜੰਸੀ ਦਾ ਨਾਂ |
|---|---|---|
| 1. | ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ ਲਿਮਟਡ | ਡੀ ਸੀ ਹੁਸ਼ਿਆਰਪੁਰ ਪੰਜਾਬ, ਸੀ ਐਸ ਆਰ ਅਥਾਰਟੀ |
| 2. | ਪੰਜਾਬ ਰਾਜ ਕੰਨਟੇਨਰ ਅਤੇ ਵੇਅਰਹਾਉਸਿੰਗ ਕਾਰਪੋਰੇਸ਼ਨ ਲਿਮਟਡ | ਸਿੱਖਿਆ ਵਿਭਾਗ, ਪੰਜਾਬ |
| 3. | ਪੰਜਾਬ ਜੈਨਕੋ ਲਿਮਟਡ | ਪੰਜਾਬ ਊਰਜਾ ਵਿਕਾਸ ਏਜੰਸੀ ਅਤੇ ਸਿੱਧਾ ਖਰਚਾ |
| 4. | ਪੰਜਾਬ ਐਗਰੋ ਇੰਡਸਟਰੀਜ ਕਾਰਪੋਰੇਸ਼ਨ ਲਿਮਟਡ | ਪੰਜਾਬ ਸੀ ਐਸ ਆਰ ਅਥਾਰਟੀ |

*ਸਰੋਤ: ਐਸ ਪੀ ਐਸ ਈਜ਼ ਦੁਆਰਾ ਦਿੱਤੀ ਗਈ ਸੂਚਨਾ।*

### 5.8.3 *ਧਿਆਨ ਖੇਤਰ*

ਇਹ ਦੇਖਿਆ ਗਿਆ ਕਿ ਸਿਹਤ ਅਤੇ ਸੈਨੀਟੇਸ਼ਨ ਦੀਆਂ ਗਤੀਵਿਧੀਆਂ ਨੇ ₹ 98.00 ਲੱਖ (ਕੁੱਲ ਸੀ ਐਸ ਆਰ ਖਰਚੇ ਦਾ 46.15 *ਪ੍ਰਤੀਸ਼ਤ*) ਦੇ ਖਰਚਿਆਂ ਨਾਲ ਵੱਧ ਤੋਂ ਵੱਧ ਧਿਆਨ ਖਿੱਚਿਆ, ਜਦੋਂ ਕਿ ਘੱਟੋ-ਘੱਟ ਧਿਆਨ ਸਿੱਖਿਆ ਦੇ ਖੇਤਰ ਤੇ ਸੀ ਜਿਸ ਵਿੱਚ ₹ 34.82 ਲੱਖ (16.40 *ਪ੍ਰਤੀਸ਼ਤ*) ਦਾ ਖਰਚਾ ਕੀਤਾ ਗਿਆ ਸੀ।

### 5.8.4 *ਸਥਾਨਕ ਖੇਤਰਾਂ ਵਿੱਚ ਖਰਚ*

ਐਕਟ, 2013 ਦੀ ਧਾਰਾ 135 (5) ਵਿਵਸਥਾ ਕਰਦਾ ਹੈ ਕਿ ਕੰਪਨੀ ਸੀ ਐਸ ਆਰ ਗਤੀਵਿਧੀਆ ਲਈ ਰੱਖੀ ਗਈ ਰਕਮ ਖਰਚਣ ਲਈ ਸਥਾਨਕ ਖੇਤਰ ਅਤੇ ਇਸ ਦੇ ਆਸ ਪਾਸ ਦੇ ਖੇਤਰਾਂ ਜਿਥੇ ਇਹ ਕੰਮ ਕਰਦੀ ਹੈ, ਨੂੰ ਤਰਜ਼ੀਹ ਦੇਵੇਗੀ । ਲੇਖਾ ਪ੍ਰੀਖਿਆ ਨੇ ਦੇਖਿਆ ਕਿ ਕਿਸੇ ਵੀ ਕੰਪਨੀ ਨੇ ਆਪਣੀ ਸੀ ਐਸ ਆਰ ਨੀਤੀ ਵਿੱਚ ਕਿਸੇ ਸਥਾਨਕ ਖੇਤਰ ਦੀ ਪਰਿਭਾਸ਼ਾ ਨਹੀਂ ਦਿੱਤੀ।

### 5.8.5 *ਜ਼ਿਲ੍ਹਾ-ਵਾਰ ਸੀ ਐਸ ਆਰ ਖਰਚੇ*

ਜ਼ਿਲ੍ਹਾ-ਵਾਰ ਖਰਚਾ **ਸਾਰਣੀ** 5.13 ਵਿੱਚ ਦਿੱਤਾ ਗਿਆ ਹੈ:

**ਸਾਰਣੀ 5.13: 2019-20 ਦੌਰਾਨ ਹੋਏ ਜ਼ਿਲ੍ਹਾ ਵਾਰ ਖਰਚਿਆਂ ਨੂੰ ਦਰਸਾਉਂਦੀ ਸਾਰਣੀ**

(ਰਕਮ ₹ ਵਿੱਚ)

| ਲੜੀ ਨੰ. | ਐਸ ਪੀ ਐਸ ਈ ਦਾ ਨਾਂ | ਪੂਰਾ ਪੰਜਾਬ | ਹੁਸ਼ਿਆਰਪੁਰ | ਰਾਜ ਸੀ ਐਸ ਆਰ ਅਥਾਰਟੀ |
|---|---|---|---|---|
| 1 | 2 | 3 | 4 | 5 |
| 1. | ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ ਲਿਮਟਡ | --- | 98,00,000 | 3,35,18,519 |
| 2. | ਪੰਜਾਬ ਰਾਜ ਕੰਨਟੇਨਰ ਅਤੇ ਵੇਅਰਹਾਉਸਿੰਗ ਕਾਰਪੋਰੇਸ਼ਨ ਲਿਮਟਡ | 34,82,000 | --- | --- |
| 3. | ਪੰਜਾਬ ਜੈਨਕੋ ਲਿਮਟਡ | 79,52,650 | --- | --- |
| 4. | ਪੰਜਾਬ ਐਗਰੋ ਇੰਡਸਟਰੀਜ ਕਾਰਪੋਰੇਸ਼ਨ ਲਿਮਟਡ | --- | --- | 10,95,250 |
| | **ਜੋੜ** | **1,14,34,650** | **98,00,000** | **3,46,13,769** |
| | **ਕੁੱਲ ਜੋੜ (3+4)** | **2,12,34,650** | | |
| | **ਖਰਚੇ ਦਾ *ਪ੍ਰਤੀਸ਼ਤ* (ਰਾਜ ਸੀ ਐਸ ਆਰ ਅਥਾਰਟੀ ਨੂੰ ਛੱਡ ਕੇ)** | **53.85** | **46.15** | - |

*ਸਰੋਤ: ਐਸ ਪੀ ਐਸ ਈਜ਼ ਦੁਆਰਾ ਦਿੱਤੀ ਗਈ ਸੂਚਨਾ।*

ਜ਼ਿਲ੍ਹਾ-ਵਾਰ ਸਭ ਤੋਂ ਵੱਧ ਸੀ ਐਸ ਆਰ ਖਰਚਾ ਹੁਸ਼ਿਆਰਪੁਰ (₹ 98.00 ਲੱਖ) ਵਿੱਚ ਹੋਇਆ ਜੋ ਕੁੱਲ ਖਰਚੇ ਦਾ 46.15 *ਪ੍ਰਤੀਸ਼ਤ* ਸੀ ।

### 5.8.6 *ਭਾਰਤ ਸਰਕਾਰ ਦੁਆਰਾ ਸ਼ੁਰੂ ਕੀਤੀ ਗਈਆਂ ਯੋਜਨਾਵਾਂ/ਪ੍ਰੋਜੈਕਟਾਂ ਲਈ ਫੰਡਿੰਗ*

ਭਾਰਤ ਸਰਕਾਰ (ਜੀ ਓ ਆਈ) ਨੇ ਸਮਾਜ ਦੀ ਭਲਾਈ ਲਈ ਕਈ ਯੋਜਨਾਵਾਂ ਅਤੇ ਪ੍ਰੋਜੈਕਟ ਸ਼ੁਰੂ ਕੀਤੇ। ਐਸ ਪੀ ਐਸ ਈਜ਼ ਐਕਟ, 2013 ਦੀ ਸਡਿਊਲ-VII ਦੀਆਂ ਸ਼ਰਤਾਂ ਨੂੰ ਪੂਰਾ ਕਰਨ ਦੇ ਤਹਿਤ ਸੀ ਐਸ ਆਰ ਅਧੀਨ ਅਜਿਹੀਆਂ ਯੋਜਨਾਵਾਂ/ਪ੍ਰੋਜੈਕਟਾਂ ਦੇ ਫੰਡਾਂ ਬਾਰੇ ਫੈਸਲਾ ਕਰਨ ਲਈ ਸੁਤੰਤਰ ਸਨ ਜੋ ਕਿ 12 ਵਿਆਪਕ ਸ਼੍ਰੇਣੀਆਂ ਦੇ ਅਧੀਨ ਹੋਣਾ ਚਾਹੀਦਾ ਹੈ ਜਿਵੇਂ ਕਿ ਸਿਹਤ, ਸਿੱਖਿਆ, ਰੁਜ਼ਗਾਰ, ਹੁਨਰ ਵਿਕਾਸ, ਵਾਤਾਵਰਣ, ਮਹਿਲਾ ਸਸ਼ਕਤੀਕਰਨ, ਸਮਾਜਿਕ ਬਰਾਬਰੀ, ਰਾਸ਼ਟਰੀ ਵਿਰਾਸਤ ਦੀ ਸੁਰੱਖਿਆ, ਹਥਿਆਰਬੰਦ ਸੇਨਾਵਾਂ ਲਈ ਉਪਾਅ, ਪੇਂਡੂ ਵਿਕਾਸ ਅਤੇ ਝੁੱਗੀ-ਝੌਂਪੜੀ ਦਾ ਵਿਕਾਸ। ਇਨ੍ਹਾਂ ਵਿਆਪਕ ਮੱਦਾਂ ਅਧੀਨ ਆਉਣ ਵਾਲੇ ਪ੍ਰੋਜੈਕਟ ਅਤੇ ਯੋਜਨਾਵਾਂ, ਸੀ ਐਸ ਆਰ ਦੇ ਅਧੀਨ ਫੰਡਾਂ ਲਈ ਯੋਗ ਹਨ। ਪੰਜਾਬ ਰਾਜ ਵਿੱਚ ਵੱਖ-ਵੱਖ ਖੇਤਰਾਂ ਵਿੱਚ ਖਰਚੇ ਗਏ ਸੀ ਐਸ ਆਰ ਦੇ ਵੇਰਵਿਆਂ ਨੂੰ ਉੱਪਰ ਦਿੱਤੀ **ਸਾਰਣੀ** 5.11 ਅਤੇ ਪੈਰ੍ਹਾਂ 5.7.5 ਵਿੱਚ ਦਰਸਾਇਆ ਗਿਆ ਹੈ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਕਿਸੇ ਵੀ ਕੰਪਨੀ ਨੇ ਜੀ ਓ ਆਈ ਦੁਆਰਾ ਸ਼ੁਰੂ ਕੀਤੀਆਂ ਯੋਜਨਾਵਾਂ/ਪ੍ਰੋਜੈਕਟਾਂ ਉੱਤੇ ਕੋਈ ਰਕਮ ਖਰਚ ਨਹੀਂ ਕੀਤੀ ਸੀ। ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ ਲਿਮਟਡ ਨੇ ਸਿਹਤ ਅਤੇ ਸੈਨੀਟੇਸ਼ਨ ਉਦੇਸ਼ਾਂ ਲਈ ਸੰਸਕਾਰ ਵਾਹਨ ਅਤੇ ਫੌਗਿੰਗ ਮਸ਼ੀਨਾਂ ਦੀ ਖਰੀਦ ਤੇ ₹ 98.00 ਲੱਖ ਖਰਚ ਕੀਤੇ ਸਨ। ਪੰਜਾਬ ਜੈਨਕੋ ਲਿਮਟਡ ਨੇ ਪੰਜਾਬ ਵਿੱਚ ਸੋਲਰ ਪਾਵਰ ਪ੍ਰੋਜੈਕਟਾਂ ਜਿਵੇਂ ਕਿ ਸਟ੍ਰੀਟ ਲਾਈਟ, ਵਾਟਰ ਹੀਟਿੰਗ ਸਿਸਟਮ ਅਤੇ ਪਾਵਰ ਪਲਾਂਟ ਲਗਾਉਣੇ ਤੇ ₹ 79.53 ਲੱਖ ਖਰਚ ਕੀਤੇ ਸਨ। ਪੰਜਾਬ ਰਾਜ ਕੰਨਟੇਨਰ ਅਤੇ ਵੇਅਰਹਾਊਸਿੰਗ ਕਾਰਪੋਰੇਸ਼ਨ ਲਿਮਟਡ ਨੇ ਸਿੱਖਿਆ ਖੇਤਰ ਦੇ ਅਧੀਨ ਪੰਜਾਬ ਦੇ ਸਕੂਲਾਂ ਵਿੱਚ ਵੱਖ-ਵੱਖ ਸਹੂਲਤਾਂ ਮੁੱਹਈਆ ਕਰਵਾਉਣ ਲਈ ₹ 34.82 ਲੱਖ ਖਰਚ ਕੀਤੇ ਸਨ।

### 5.8.7 *ਮੱਹਤਵਪੂਰਣ ਪ੍ਰੋਜੈਕਟ*

ਪੰਜਾਬ ਜੈਨਕੋ ਨੇ ਪੇਡਾ ਦੁਆਰਾ ਵਾਤਾਵਰਣ ਦੀ ਸਥਿਰਤਾ, ਕੁਦਰਤੀ ਸਰੋਤਾਂ ਦੀ ਸੰਭਾਲ ਅਤੇ ਭੂਮੀ, ਹਵਾ ਅਤੇ ਜਲ ਦੀ ਕੁਆਲਟੀ ਬਣਾਈ ਰੱਖਣ ਲਈ ਸਟ੍ਰੀਟ ਲਾਈਟਾਂ ਅਤੇ ਸੋਲਰ ਪਾਵਰ ਪਲਾਟਾਂ ਦੀ ਸਥਾਪਨਾ ਤੇ ਖਰਚ ਕੀਤਾ ਸੀ।

## 5.9 ਨਿਗਰਾਨੀ ਢਾਂਚਾ

ਸੀ ਐਸ ਆਰ ਨਿਯਮਾਂ, 2014 ਦੇ ਨਿਯਮ 5 (2) ਦੇ ਅਨੁਸਾਰ ਸੀ ਐਸ ਆਰ ਕਮੇਟੀ ਕੰਪਨੀ ਦੁਆਰਾ ਕੀਤੇ ਜਾਣ ਵਾਲੇ ਸੀ ਐਸ ਆਰ ਪ੍ਰੋਜੈਕਟਾਂ/ਪ੍ਰੋਗਰਾਮਾਂ/ਗਤੀਵਿਧੀਆਂ ਨੂੰ ਲਾਗੂ ਕਰਨ ਲਈ ਇੱਕ ਪਾਰਦਰਸ਼ੀ ਨਿਗਰਾਨੀ ਵਿਧੀ ਸਥਾਪਤ ਕਰੇਗੀ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਪੰਜ ਐਸ ਪੀ ਐਸ ਈਜ਼ (**ਸਾਰਣੀ** 5.8) ਵਿੱਚੋਂ ਚਾਰ ਐਸ ਪੀ ਐਸ ਈਜ਼ ਨੇ 2019-20 ਦੌਰਾਨ ਸੀ ਐਸ ਆਰ ਉੱਤੇ ਖਰਚਾ ਕੀਤਾ ਪਰੰਤੂ ਕਿਸੇ ਨੇ ਵੀ ਸੀ ਐਸ ਆਰ ਪ੍ਰੋਜੈਕਟਾਂ/ਪ੍ਰੋਗਰਾਮਾਂ/ਗਤੀਵਿਧੀਆਂ ਦੀ ਨਿਗਰਾਨੀ, ਰਿਪੋਰਟਿੰਗ ਅਤੇ ਮੁਲਾਂਕਣ ਲਈ ਸੰਸਥਾਗਤ

ਨੀਤੀ ਨਹੀਂ ਬਣਾਈ ਸੀ। ਇਸ ਤੋਂ ਇਲਾਵਾ ਚਾਰਾਂ ਐਸ ਪੀ ਐਸ ਈਜ਼ ਵਿੱਚੋਂ ਕਿਸੇ ਨੇ ਵੀ ਸੀ ਐਸ ਆਰ ਪ੍ਰੋਜੈਕਟ/ਗਤੀਵਿਧੀ ਦੀ ਕਿਸਮ ਦੇ ਅਧਾਰ ਤੇ ਕਿਸੇ ਪ੍ਰਭਾਵ ਦਾ ਮੁਲਾਂਕਣ ਨਹੀਂ ਕੀਤਾ ਸੀ।

### 5.9.1 *ਰਿਪੋਰਟਿੰਗ ਅਤੇ ਖੁਲਾਸਾ*

ਐਕਟ, 2013 ਦੀ ਧਾਰਾ 134 (3) (0) ਨਾਲ ਪੜ੍ਹਦੇ ਧਾਰਾ 135 (2) ਅਤੇ (4) ਦੇ ਅਨੁਸਾਰ, ਇਕ ਕੰਪਨੀ ਨੂੰ ਆਪਣੀ ਬੋਰਡ ਰਿਪੋਰਟ ਵਿੱਚ ਸੀ ਐਸ ਆਰ ਬਾਰੇ ਇੱਕ ਸਾਲਾਨਾ ਰਿਪੋਰਟ ਸ਼ਾਮਲ ਕਰਨ ਅਤੇ ਇਸ ਨੂੰ ਅਧਿਕਾਰਤ ਵੈਬਸਾਈਟ ਤੇ ਪਾਉਣਾ ਲਾਜ਼ਮੀ ਹੈ। ਕੰਪਨੀਆ ਨੂੰ ਨਿਰਧਾਰਤ ਫਾਰਮੈਟ ਵਿੱਚ ਹੇਠ ਲਿਖਿਆਂ ਦਾ ਖੁਲਾਸਾ ਕਰਨਾ ਪੈਂਦਾ ਹੈ:

(ੳ) ਸੀ ਐਸ ਆਰ ਨੀਤੀ ਦੇ ਵਿਸ਼ਾ ਸੀ ਐਸ ਆਰ ਨੀਤੀ ਦਾ ਵੈੱਬ ਲਿੰਕ, ਔਸਤਨ ਨਿਰੋਲ ਲਾਭ, ਸੀ ਐਸ ਆਰ ਕਮੇਟੀ ਦੀ ਬਣਤਰ, ਪ੍ਰਸ਼ਾਸਨਿਕ ਓਵਰਹੈੱਡਜ਼, ਨਿਰਧਾਰਤ ਰਕਮ, ਅਣਖਰਚੀ ਰਕਮ, ਅਣਖਰਚੀ ਰਕਮ ਦੇ ਕਾਰਨ।

(ਅ) ਸੀ ਐਸ ਆਰ ਕਮੇਟੀ ਦੁਆਰਾ ਹਸਤਾਖਰ ਕੀਤੇ ਗਏ ਜ਼ਿੰਮੇਵਾਰੀ ਵਿਵਰਣ ਵਿੱਚ ਇਹ ਸ਼ਾਮਲ ਕਰਨਾ ਕਿ ਸੀ ਐਸ ਆਰ ਨੀਤੀ ਨੂੰ ਲਾਗੂ ਕਰਨਾ ਅਤੇ ਇਸਦੀ ਨਿਗਰਾਨੀ, ਕੰਪਨੀ ਦੇ ਸੀ ਐਸ ਆਰ ਉਦੇਸ਼ਾਂ ਅਤੇ ਨੀਤੀ ਦੇ ਅਨੁਸਾਰ ਸੀ।

ਸਾਲ 2019-20 ਲਈ ਸੀ ਐਸ ਆਰ ਗਤੀਵਿਧੀਆਂ ਬਾਰੇ ਸਾਲਾਨਾ ਰਿਪੋਰਟ ਦੀ ਸਮੀਖਿਆ ਦੇ ਅਧਾਰ ਤੇ, 10 ਐਸ ਪੀ ਐਸ ਈਜ਼ ਦੁਆਰਾ ਪਾਲਣਾ ਤੇ ਲੇਖਾ ਪ੍ਰੀਖਿਆ ਨਿਰੀਖਣ ਹੇਠ ਦਿੱਤੇ ਅਨੁਸਾਰ ਹਨ:

(ੳ) ਸਾਲ 2019-20 ਲਈ ਹੇਠਲੀਆਂ ਸੱਤ ਐਸ ਪੀ ਐਸ ਈਜ਼ ਨੇ ਸੀ ਐਸ ਆਰ ਤੇ ਆਪਣੀ ਸਾਲਾਨਾ ਰਿਪੋਰਟ ਨੂੰ ਅੰਤਿਮ ਰੂਪ ਨਹੀਂ ਦਿੱਤਾ:

**ਸਾਰਣੀ 5.14: ਸਾਲ 2019-20 ਲਈ ਐਸ ਪੀ ਐਸ ਈਜ਼ ਜਿਨ੍ਹਾਂ ਨੇ ਸੀ ਐਸ ਆਰ ਤੇ ਸਾਲਾਨਾ ਰਿਪੋਰਟ ਨੂੰ ਅੰਤਿਮ ਰੂਪ ਨਹੀਂ ਦਿੱਤਾ ਨੂੰ ਦਰਸਾਉਂਦੀ ਸਾਰਣੀ**

| ਲੜੀ ਨੰ. | ਕੰਪਨੀ ਦਾ ਨਾਂ |
|---|---|
| 1. | ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ ਲਿਮਟਡ |
| 2. | ਪੰਜਾਬ ਜੈਨਕੋ ਲਿਮਟਡ |
| 3. | ਪੰਜਾਬ ਐਗਰੋ ਇੰਡਸਟਰੀਜ ਕਾਰਪੋਰੇਸ਼ਨ ਲਿਮਟਡ |
| 4. | ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਡ |
| 5. | ਪੰਜਾਬ ਰਾਜ ਉਦਯੋਗ ਵਿਕਾਸ ਕਾਰਪੋਰੇਸ਼ਨ ਲਿਮਟਡ |
| 6. | ਪੰਜਾਬ ਐਗਰੋ ਫੂਡਗ੍ਰੇਨਜ਼ ਕਾਰਪੋਰੇਸ਼ਨ ਲਿਮਟਡ |
| 7. | ਪੰਜਾਬ ਰਾਜ ਗ੍ਰੇਨਜ਼ ਪ੍ਰੋਕਿਊਰਮੇਂਟ ਕਾਰਪੋਰੇਸ਼ਨ ਲਿਮਟਡ |

*ਸਰੋਤ: ਐਸ ਪੀ ਐਸ ਈਜ਼ ਦੁਆਰਾ ਦਿੱਤੀ ਗਈ ਸੂਚਨਾ।*

(ਅ) ਵਿੱਤੀ ਸਾਲ 2019-20 ਲਈ ਪੰਜਾਬ ਰਾਜ ਕੰਨਟੇਨਰ ਅਤੇ ਵੇਅਰਹਾਊਸਿੰਗ ਕਾਰਪੋਰੇਸ਼ਨ ਲਿਮਟਡ ਦੀ ਸਾਲਾਨਾ ਰਿਪੋਰਟ ਵਿੱਚ ਸਿਰਫ ਸੀ ਐਸ ਆਰ ਗਤੀਵਿਧੀਆਂ ਲਈ ਯੋਗਦਾਨ ਬਾਰੇ ਜਾਣਕਾਰੀ ਦਿੱਤੀ ਗਈ ਸੀ ।

(ੲ) ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ ਦੀ ਸਾਲਾਨਾ ਰਿਪੋਰਟ ਵਿੱਚ ਸੀ ਐਸ ਆਰ ਨੀਤੀ ਨੂੰ ਲਾਗੂ ਕਰਨ ਅਤੇ ਨਿਗਰਾਨੀ ਕਰਨ ਦੇ ਸੰਬੰਧ ਵਿੱਚ ਜ਼ਿੰਮੇਵਾਰੀ ਵਿਵਰਣ ਸ਼ਾਮਲ ਨਹੀਂ ਕੀਤਾ ਸੀ ।

## 5.10 ਸਿੱਟਾ

ਸੀ ਐਸ ਆਰ ਗਤੀਵਿਧੀਆਂ ਦੇ ਯੋਗਤਾ ਮਾਪਦੰਡ ਨੂੰ ਪੂਰਾ ਕਰਨ ਵਾਲੇ 10 ਐਸ ਪੀ ਐਸ ਈਜ਼ ਵਿੱਚੋਂ ਤਿੰਨ ਐਸ ਪੀ ਐਸ ਈਜ਼ ਨੇ ਨਾ ਤਾਂ ਸੀ ਐਸ ਆਰ ਕਮੇਟੀ ਦਾ ਗਠਨ ਕੀਤਾ ਅਤੇ ਨਾ ਹੀ ਸੀ ਐਸ ਆਰ ਨੀਤੀ ਤਿਆਰ ਕੀਤੀ ਸੀ। ਦੋ ਐਸ ਪੀ ਐਸ ਈਜ਼ ਦੀ ਸੀ ਐਸ ਆਰ ਕਮੇਟੀਜ਼ ਵਿੱਚ ਸੁਤੰਤਰ ਨਿਰਦੇਸ਼ਕ ਨਹੀਂ ਸਨ। ਲਾਭ ਕਮਾਉਣ ਵਾਲੀਆਂ ਚਾਰ ਐਸ ਪੀ ਐਸ ਈਜ਼ ਵਿੱਚੋਂ, ਇੱਕ ਐਸ ਪੀ ਐਸ ਈ ਨੇ ਸਾਲ 2019-20 ਦੌਰਾਨ ਸੀ ਐਸ ਆਰ ਗਤੀਵਿਧੀਆਂ ਲਈ ਲੋੜੀਂਦੇ ਫੰਡਾਂ ਦੀ ਵੰਡ ਨਹੀਂ ਕੀਤੀ। ਦੋ ਐਸ ਪੀ ਐਸ ਈਜ਼ ਨੇ ਸੀ ਐਸ ਆਰ ਗਤੀਵਿਧੀਆਂ ਲਈ ਫੰਡਾਂ ਦੀ ਵਰਤੋਂ ਕਰਨ ਦੀ ਬਜਾਏ ਫੰਡਾਂ ਨੂੰ ਪੰਜਾਬ ਸੀ ਐਸ ਆਰ ਅਥਾਰਟੀ ਕੋਲ ਜਮ੍ਹਾਂ ਕਰ ਦਿੱਤਾ ਜਿਥੇ ਆਖਰਕਾਰ ਫੰਡਾਂ ਦੀ ਵਰਤੋਂ ਨਹੀਂ ਕੀਤੀ ਗਈ। ਕਿਸੇ ਐਸ ਪੀ ਐਸ ਈ ਨੇ ਭਾਰਤ ਸਰਕਾਰ ਦੁਆਰਾ ਸ਼ੁਰੂ ਕੀਤੀਆਂ ਯੋਜਨਾਵਾਂ/ਪ੍ਰੋਜੈਕਟਾਂ ਉੱਤੇ ਕੋਈ ਰਕਮ ਖਰਚ ਨਹੀਂ ਕੀਤੀ ਸੀ। ਕਿਸੇ ਵੀ ਐਸ ਪੀ ਐਸ ਈ ਨੇ ਸੀ ਐਸ ਆਰ ਪ੍ਰੋਜੈਕਟਾਂ/ਪ੍ਰੋਗਰਾਮਾਂ/ਗਤੀਵਿਧੀਆਂ ਦੀ ਨਿਗਰਾਨੀ, ਰਿਪੋਰਟਿੰਗ ਅਤੇ ਮੁਲਾਂਕਣ ਲਈ ਕੋਈ ਸੰਸਥਾਗਤ ਵਿਧੀ ਨਹੀਂ ਬਣਾਈ ਸੀ ਅਤੇ ਪ੍ਰਭਾਵ ਦਾ ਮੁਲਾਂਕਣ ਨਹੀਂ ਕੀਤਾ ਗਿਆ ਸੀ।

# ਅਧਿਆਇ - VI

# ਰਾਜ ਸਾਰਵਜਨਿਕ ਖੇਤਰ ਦੇ ਅਦਾਰਿਆਂ ਵਿੱਚ (ਪੜਾਅ–I ਅਤੇ II ਦੇ ਅਧੀਨ) ਭਾਰਤੀ ਲੇਖਾ ਮਿਆਰਾਂ ਨੂੰ ਲਾਗੂ ਕਰਨ ਦਾ ਪ੍ਰਭਾਵ

# ਅਧਿਆਇ – VI

## ਰਾਜ ਸਾਰਵਜਨਿਕ ਖੇਤਰ ਦੇ ਅਦਾਰਿਆਂ (ਐਸ ਪੀ ਐਸ ਈਜ਼) ਵਿੱਚ (ਪੜਾਅ-I ਅਤੇ II ਦੇ ਅਧੀਨ) ਭਾਰਤੀ ਲੇਖਾ ਮਿਆਰਾਂ ਨੂੰ ਲਾਗੂ ਕਰਨ ਦਾ ਪ੍ਰਭਾਵ

### 6.1 ਭੂਮਿਕਾ

ਇੱਕ ਅਰਥਵਿਵਸਥਾ ਦੇ ਸਮੁੱਚੇ ਵਿਕਾਸ ਅਤੇ ਵਾਧੇ ਵਿੱਚ ਵਿੱਤੀ ਰਿਪੋਰਟਿੰਗ ਦੀ ਮਹੱਤਵਪੂਰਣ ਭੂਮਿਕਾ ਹੈ। ਵਿਸ਼ਵੀਕਰਨ ਅਤੇ ਉਦਾਰੀਕਰਨ ਦੇ ਦੌਰ ਕਾਰਣ ਸਮਾਜਿਕ ਗਤੀਸ਼ੀਲਤਾ, ਵਿੱਤ, ਪੂੰਜੀ ਅਤੇ ਵਸਤੂਆਂ ਦੀ ਸਰਹੱਦ ਪਾਰ ਆਵਾਜਾਈ ਵਿੱਚ ਵਾਧਾ ਹੋਇਆ ਹੈ, ਜਿਸਦੇ ਨਤੀਜੇ ਵੱਜੋਂ ਲੇਖਾ ਮਿਆਰਾਂ ਦੇ ਇੱਕੋ ਸਮੂਹ ਦੀ ਜ਼ਰੂਰਤ ਹੈ। ਅੰਤਰਰਾਸ਼ਟਰੀ ਲੇਖਾ ਮਿਆਰ ਬੋਰਡ (ਆਈ ਏ ਐਸ ਬੀ) ਦੁਆਰਾ ਨਿਰਧਾਰਤ ਕੀਤੇ ਗਏ, ਸਿਧਾਂਤ ਅਧਾਰਤ ਅੰਤਰਰਾਸ਼ਟਰੀ ਵਿੱਤੀ ਰਿਪੋਰਟਿੰਗ ਮਿਆਰਾਂ (ਆਈ ਐਫ ਆਰ ਐਸ) ਦੇ ਵਿਸ਼ਵਿਕ ਲੇਖਾਕਾਰੀ ਦ੍ਰਿਸ਼ ਵਿੱਚ ਉਭਰਨ ਨਾਲ, ਭਾਰਤੀ ਲੇਖਾ ਮਿਆਰਾਂ ਨੂੰ ਅਪਡੇਟ ਕੀਤੇ ਆਈ ਐਫ ਆਰ ਐਸ ਨਾਲ ਜੁੜਾਵ ਦੀ ਜ਼ਰੂਰਤ ਮਹਿਸੂਸ ਕੀਤੀ ਗਈ। ਆਈ ਐਫ ਆਰ ਐਸ ਨੂੰ ਅਪਨਾਉਣਾ ਜਾਂ ਇਸ ਦੇ ਨਾਲ ਜੁੜਾਵ ਵਿੱਤੀ ਬਾਜ਼ਾਰਾਂ ਵਿੱਚ ਪਾਰਦਰਸ਼ਤਾ, ਜਵਾਬਦੇਹੀ ਅਤੇ ਕੁਸ਼ਲਤਾ ਲਿਆਉਂਦਾ ਹੈ ਅਤੇ ਵਿਸ਼ਵਿਕ ਅਰਥਵਿਵਸਥਾ ਵਿੱਚ ਵਿਸ਼ਵਾਸ, ਵਿਕਾਸ ਅਤੇ ਲੰਮੇ ਸਮੇਂ ਦੀ ਵਿੱਤੀ ਸਥਿਰਤਾ ਨੂੰ ਉਤਸ਼ਾਹਤ ਕਰਕੇ ਜਨਤਕ ਹਿੱਤਾਂ ਦੀ ਸੇਵਾ ਕਰਦਾ ਹੈ।

ਭਾਰਤੀ ਆਰਥਿਕ ਅਤੇ ਕਾਨੂੰਨੀ ਮਾਹੌਲ ਨੂੰ ਧਿਆਨ ਵਿੱਚ ਰੱਖਦਿਆਂ ਅਤੇ ਆਈ ਐਫ ਆਰ ਐਸ ਮਿਆਰਾਂ ਦਾ ਹਵਾਲਾ ਦੇ ਕੇ, ਕਾਰਪੋਰੇਟ ਮਾਮਲਿਆਂ ਦੇ ਮੰਤਰਾਲੇ (ਐਮ ਸੀ ਏ), ਭਾਰਤ ਸਰਕਾਰ ਨੇ ਕੰਪਨੀਜ਼ ਐਕਟ, 2013 ਦੀ ਧਾਰਾ 133 ਅਧੀਨ ਕੰਪਨੀਜ਼ (ਭਾਰਤੀ ਲੇਖਾ ਮਿਆਰਾਂ) ਨਿਯਮਾਂ, 2015 ਦੇ ਤਹਿਤ, ਭਾਰਤੀ ਲੇਖਾ ਮਿਆਰਾਂ (ਇੰਡ ਏ ਐਸ) ਨੂੰ ਸੂਚਿਤ ਕੀਤਾ ਹੈ। ਇੰਡ ਏ ਐਸ ਨੂੰ ਆਈ ਐਫ ਆਰ ਐਸ ਤੇ ਅਧਾਰਤ ਕੀਤਾ ਗਿਆ ਸੀ ਜੋ ਕਿ ਭਾਰਤੀ ਆਮ ਤੌਰ ਤੇ ਪ੍ਰਵਾਨਿਤ ਲੇਖਾ ਸਿਧਾਂਤਾਂ (ਆਈ ਜੀ ਏ ਏ ਪੀ) ਢਾਂਚੇ ਤੋਂ ਤਿੰਨ ਮੁੱਖ ਪਹਿਲੂਆਂ ਜਿਵੇਂ ਕਿ ਉਚਿਤ ਮੁੱਲਾਂਕਣ, ਕਨੂੰਨੀ ਰੂਪਾਂ ਤੋਂ ਮੌਲਿਕਤਾ ਦਾ ਮਹੱਤਵ ਅਤੇ ਬੈਲੇਂਸ ਸ਼ੀਟ ਤੇ ਜ਼ੋਰ, ਤੋਂ ਵੱਖਰੇ ਸਨ । ਇਹ ਇੰਡ ਏ ਐਸ ਕੰਪਨੀਆਂ ਦੀ ਨਿਰਧਾਰਤ ਸ਼੍ਰੇਣੀ ਦੁਆਰਾ ਲਾਜ਼ਮੀ ਤੌਰ ਤੇ 1 ਅਪ੍ਰੈਲ 2016 ਤੋਂ ਅਪਣਾਏ ਜਾਣੇ ਹਨ। 31 ਮਾਰਚ 2020 ਤੱਕ, 39 ਇੰਡ ਏ ਐਸ ਲਾਗੂ ਹਨ। ਐਮ ਸੀ ਏ ਸਮੇਂ-ਸਮੇਂ ਤੇ ਕੰਪਨੀਜ਼ (ਭਾਰਤੀ ਲੇਖਾ ਮਿਆਰਾਂ) ਨਿਯਮਾਂ, 2015 ਵਿੱਚ ਸੋਧ ਕਰਕੇ ਆਈ ਐਫ ਆਰ ਐਸ ਨਾਲ ਜੁੜਿਆ ਰੱਖਣ ਲਈ ਸਮੇਂ-ਸਮੇਂ ਤੇ ਇੰਡ ਏ ਐਸ ਵਿੱਚ ਸੋਧਾਂ ਕਰਦਾ ਹੈ।

### 6.2 ਇੰਡ ਏ ਐਸ ਦਾ ਲਾਗੂਕਰਨ

ਇੰਡ ਏ ਐਸ ਦੇ ਵਿੱਤੀ ਸਾਲ 2016-17 ਤੋਂ ਪੜਾਅ-ਵਾਰ ਤਰੀਕੇ ਨਾਲ ਲਾਗੂਕਰਨ ਲਈ ਕੰਪਨੀਜ਼ (ਭਾਰਤੀ ਲੇਖਾ ਮਿਆਰਾਂ) ਨਿਯਮਾਂ, 2015 ਨੇ ਹੇਠ ਦਿੱਤੇ ਵੇਰਵੇ ਅਨੁਸਾਰ ਰੋਡਮੈਪ ਦਿੱਤਾ ਹੈ:

**(ੳ) ਪੜਾਅ -I**

ਹੇਠ ਲਿਖੀਆਂ ਕੰਪਨੀਆਂ, 31 ਮਾਰਚ 2016 ਨੂੰ ਖਤਮ ਜਾਂ ਉਸ ਤੋਂ ਬਾਅਦ ਦੇ ਲੇਖਾ ਅਵਧੀਆਂ ਦੇ ਤੁਲਨਾਤਮਕ ਸਹਿਤ, 1 ਅਪ੍ਰੈਲ 2016 ਨੂੰ ਜਾਂ ਉਸ ਤੋਂ ਬਾਅਦ ਦੀ ਲੇਖਾ ਮਿਆਦ ਲਈ ਵਿੱਤੀ ਵਿਵਰਣਾਂ ਲਈ, ਇੰਡ ਏ ਐਸ ਦੀ ਪਾਲਣਾ ਕਰਨਗੀਆਂ:

- ਉਹ ਕੰਪਨੀਆਂ ਜਿਹਨਾਂ ਦੀ ਇਕਵਟੀ ਜਾ ਕਰਜ਼ੇ ਦੀਆਂ ਪ੍ਰਤੀਭੂਤੀਆਂ ਸੂਚੀਬੱਧ ਹਨ ਜਾਂ ਉਹ ਭਾਰਤ ਜਾਂ ਭਾਰਤ ਤੋਂ ਬਾਹਰ ਕਿਸੇ ਵੀ ਸਟਾਕ ਐਕਸਚੇਂਜ ਤੇ ਸੂਚੀਬੱਧ ਹੋਣ ਦੀ ਪ੍ਰਕਿਰਿਆ ਵਿੱਚ ਹਨ ਅਤੇ ₹ 500 ਕਰੋੜ ਜਾਂ ਇਸ ਤੋਂ ਵੱਧ ਦਾ ਨਿਰੋਲ ਮੁੱਲ ਹੈ।
- ਉਪਰੋਕਤ ਸ਼ਾਮਲ ਕੀਤੀਆਂ ਕੰਪਨੀਆਂ ਤੋਂ ਇਲਾਵਾ ₹ 500 ਕਰੋੜ ਜਾਂ ਇਸ ਤੋਂ ਵੱਧ ਨਿਰੋਲ ਮੁੱਲ ਵਾਲੀਆਂ ਕੰਪਨੀਆਂ ।
- ਹੋਲਡਿੰਗ, ਸਹਾਇਕ ਕੰਪਨੀ, ਸੰਯੁਕਤ ਉੱਦਮ ਜਾਂ ਉੱਪਰ ਦਿੱਤੀਆਂ ਕੰਪਨੀਆਂ ਦੀਆਂ ਸਹਿਯੋਗੀ ਕੰਪਨੀਆਂ।

**(ਅ) ਪੜਾਅ-II**

ਹੇਠ ਲਿਖੀਆਂ ਕੰਪਨੀਆਂ, 31 ਮਾਰਚ 2017 ਨੂੰ ਖਤਮ ਜਾਂ ਉਸ ਤੋਂ ਬਾਅਦ ਦੇ ਲੇਖਾ ਅਵਧੀਆਂ ਦੇ ਤੁਲਨਾਤਮਕ ਸਹਿਤ, 1 ਅਪ੍ਰੈਲ 2017 ਨੂੰ ਜਾਂ ਉਸ ਤੋਂ ਬਾਅਦ ਦੀ ਲੇਖਾ ਮਿਆਦ ਲਈ ਵਿੱਤੀ ਵਿਵਰਣਾਂ ਲਈ, ਇੰਡ ਏ ਐਸ ਦੀ ਪਾਲਣਾ ਕਰਨਗੀਆਂ:

- ਉਹ ਕੰਪਨੀਆਂ ਜਿਹਨਾਂ ਦੀ ਇਕਵਟੀ ਜਾ ਕਰਜ਼ੇ ਦੀਆਂ ਪ੍ਰਤੀਭੂਤੀਆਂ ਸੂਚੀਬੱਧ ਹਨ ਜਾਂ ਉਹ ਭਾਰਤ ਜਾਂ ਭਾਰਤ ਤੋਂ ਬਾਹਰ ਕਿਸੇ ਵੀ ਸਟਾਕ ਐਕਸਚੇਂਜ ਤੇ ਸੂਚੀਬੱਧ ਹੋਣ ਦੀ ਪ੍ਰਕ੍ਰਿਆ ਵਿੱਚ ਹਨ ਅਤੇ ਨਿਰੋਲ ਮੁੱਲ ₹ 500 ਕਰੋੜ ਤੋਂ ਘੱਟ ਦੀ ਜਾਇਦਾਦ ਹੈ।
- ਪੜਾਅ-I ਵਿੱਚ ਸ਼ਾਮਲ ਕੰਪਨੀਆਂ ਤੋਂ ਇਲਾਵਾ ਹੋਰ ਗੈਰ-ਸੂਚੀਬੱਧ ਕੰਪਨੀਆਂ ਜਿਨ੍ਹਾਂ ਦਾ ਨਿਰੋਲ ਮੁੱਲ ₹ 250 ਕਰੋੜ ਜਾਂ ਇਸ ਤੋਂ ਵੱਧ ਹੈ ਪਰ ₹ 500 ਕਰੋੜ ਤੋਂ ਘੱਟ ਹੈ।
- ਹੋਲਡਿੰਗ, ਸਹਾਇਕ ਕੰਪਨੀ, ਸੰਯੁਕਤ ਉੱਦਮ ਜਾਂ ਉੱਪਰ ਦਿੱਤੀਆਂ ਕੰਪਨੀਆਂ ਦੀਆਂ ਸਹਿਯੋਗੀ ਕੰਪਨੀਆਂ।

**(ੲ) ਇੰਡ ਏ ਐਸ ਨੂੰ ਸਵੈਇੱਛਿਕ ਤੌਰ ਤੇ ਅਪਣਾਉਣਾ**

ਕੋਈ ਵੀ ਕੰਪਨੀ 1 ਅਪ੍ਰੈਲ 2015 ਨੂੰ ਜਾਂ ਉਸ ਤੋਂ ਬਾਅਦ ਦੀ ਲੇਖਾ ਮਿਆਦ ਲਈ ਵਿੱਤੀ ਵਿਵਰਣਾਂ ਲਈ, 31 ਮਾਰਚ 2015 ਨੂੰ ਖਤਮ ਜਾਂ ਉਸ ਤੋਂ ਬਾਅਦ ਦੇ ਲੇਖਾ ਅਵਧੀਆਂ ਦੇ ਤੁਲਨਾਤਮਕ ਸਹਿਤ, ਇੰਡ ਏ ਐਸ ਦੀ ਪਾਲਣਾ ਕਰ ਸਕਦੀ ਹੈ। ਹਾਲਾਂਕਿ, ਜਦੋਂ ਕੋਈ ਕੰਪਨੀ ਸਵੈਇੱਛਿਕ ਜਾਂ ਜ਼ਰੂਰੀ ਤੌਰ ਤੇ ਇੰਡ ਏ ਐਸ ਦੇ ਅਨੁਸਾਰ ਰਿਪੋਰਟ ਕਰਨਾ ਸ਼ੁਰੂ ਕਰ ਦਿੰਦੀ ਹੈ, ਤਾਂ ਉਹ ਆਈ ਜੀ ਏ ਏ ਪੀ ਵਿੱਚ ਵਾਪਸ ਨਹੀਂ ਆ ਸਕਦੀ ।

## 6.3 ਲੇਖਾ ਪ੍ਰੀਖਿਆ ਦਾ ਉਦੇਸ਼

ਲੇਖਾ ਪ੍ਰੀਖਿਆ ਦਾ ਉਦੇਸ਼ ਮੁਲਾਂਕਣ ਕਰਨ ਲਈ ਪੜਾਅ-I ਅਤੇ II ਵਿੱਚ ਇੰਡ ਏ ਐਸ ਦੇ ਲਾਗੂ ਕਰਨ ਦਾ ਅਧਿਐਨ ਕਰਨਾ ਸੀ:

**(i)** ਰਾਜ ਸਾਰਵਜਨਿਕ ਖੇਤਰ ਦੇ ਅਦਾਰਿਆਂ (ਐਸ ਪੀ ਐਸ ਈਜ਼) ਦੁਆਰਾ ਪੜਾਅ-I ਅਤੇ II ਵਿੱਚ ਇੰਡ ਏ ਐਸ ਨੂੰ ਅਪਣਾਉਣ ਵੇਲੇ ਇੰਡ ਏ ਐਸ ਦੀਆਂ ਵੱਖ-ਵੱਖ ਵਿਵਸਥਾਵਾਂ ਦੀ ਕਿੰਨੀ ਕੁ ਪਾਲਣਾ ਕੀਤੀ ਗਈ ਸੀ;

**(ii)** ਐਸ ਪੀ ਐਸ ਈਜ਼ ਦੇ ਵਿੱਤੀ ਵਿਵਰਣਾਂ ਵਿੱਚ ਇੰਡ ਏ ਐਸ ਦੇ ਲਾਗੂ ਹੋਣ ਦਾ ਪ੍ਰਭਾਵ।

## 6.4 ਲੇਖਾ ਪ੍ਰੀਖਿਆ ਦਾ ਦਾਇਰਾ

ਅਧਿਐਨ ਵਿੱਚ ਪੰਦਰ੍ਹਾਂ ਐਸ ਪੀ ਐਸ ਈਜ਼ ਨੂੰ ਸ਼ਾਮਲ ਕੀਤਾ ਗਿਆ ਸੀ ਜਿਨ੍ਹਾਂ ਨੂੰ ਪੜਾਅ-I ਅਤੇ II ਵਿੱਚ ਇੰਡ ਏ ਐਸ ਅਪਣਾਉਣ ਦੀ ਲੋੜ ਸੀ। ਪੰਦਰਾਂ ਐਸ ਪੀ ਐਸ ਈਜ਼ ਵਿੱਚੋਂ, ਦੋ[1] ਐਸ ਪੀ ਐਸ ਈਜ਼ ਨੂੰ ਪੜਾਅ-I ਵਿੱਚ ਇੰਡ ਏ ਐਸ ਅਪਣਾਉਣ ਦੀ ਲੋੜ ਸੀ ਅਤੇ ਬਾਕੀ ਤੇਰ੍ਹਾਂ ਐਸ ਪੀ ਐਸ ਈਜ਼ ਨੂੰ ਪੜਾਅ-II ਵਿੱਚ ਇੰਡ ਏ ਐਸ ਅਪਣਾਉਣ ਦੀ ਲੋੜ ਸੀ। ਪੰਦਰ੍ਹਾਂ ਐਸ ਪੀ ਐਸ ਈਜ਼ ਵਿੱਚੋਂ, ਗਿਆਰਾਂ[2] ਐਸ ਪੀ ਐਸ ਈਜ਼ ਨੂੰ ਇੰਡ ਏ ਐਸ ਨੂੰ ਅਪਣਾਉਣ ਦੀ ਜ਼ਰੂਰਤ ਸੀ ਜਿਵੇਂ ਕਿ ਇਹ ਇੰਡ ਏ ਐਸ ਨੂੰ ਲਾਗੂ ਕਰਨ ਵਾਲੇ ਐਸ ਪੀ ਐਸ ਈਜ਼ ਦੇ ਸਹਾਇਕ/ਸਾਂਝੇ ਉੱਦਮ/ ਸਹਿਯੋਗੀ ਹਨ। ਸਮੀਖਿਆ ਕੀਤੀ ਗਈ ਐਸ ਪੀ ਐਸ ਈਜ਼ ਦੀ ਸੂਚੀ *ਅਨੁਲੱਗ 15* ਵਿੱਚ ਦਿੱਤੀ ਗਈ ਹੈ।

## 6.5 ਲੇਖਾ ਪ੍ਰੀਖਿਆ ਦੀ ਵਿਧੀ

ਲੇਖਾ ਪ੍ਰੀਖਿਆ ਵਿੱਚ, ਐਸ ਪੀ ਐਸ ਈਜ਼ ਜਿਨ੍ਹਾਂ ਨੇ 1 ਅਪ੍ਰੈਲ 2016 ਜਾਂ 1 ਅਪ੍ਰੈਲ 2017 ਤੋਂ ਪ੍ਰਭਾਵਤ ਕਰਦਿਆਂ ਆਪਣੇ ਇਕੱਲੇ ਵਿੱਤੀ ਵਿਵਰਣਾਂ ਦੀ ਤਿਆਰੀ ਲਈ ਪਹਿਲੀ ਵਾਰ ਪੜਾਅ-I ਅਤੇ II ਦੇ ਅਧੀਨ ਇੰਡ ਏ ਐਸ ਨੂੰ ਅਪਣਾਇਆ ਹੈ, ਦੀ ਸਮੀਖਿਆ ਕੀਤੀ ਗਈ ਹੈ। ਇੰਡ ਏ ਐਸ ਦੀਆਂ ਵੱਖ-ਵੱਖ ਵਿਵਸਥਾਵਾਂ ਦੀ ਪਾਲਣਾ ਅਤੇ ਇਨ੍ਹਾਂ ਐਸ ਪੀ ਐਸ ਈਜ਼ ਵਿੱਚ ਇੰਡ ਏ ਐਸ ਦੇ ਲਾਗੂ ਹੋਣ ਦੇ ਪ੍ਰਭਾਵਾਂ ਦਾ ਉਨ੍ਹਾਂ ਦੇ ਰੈਵੀਨਿਊ, ਟੈਕਸ ਤੋਂ ਬਾਅਦ ਦੇ ਲਾਭ (ਪੀ ਏ ਟੀ), ਨਿਰੋਲ ਮੁੱਲ ਅਤੇ ਐਸ ਪੀ ਐਸ ਈਜ਼ ਦੀ ਕੁੱਲ ਸੰਪਤੀ ਨੂੰ ਇੰਡ ਏ ਐਸ ਅਪਣਾਉਣ ਦੇ ਨਤੀਜੇ ਵੱਜੋਂ ਤਬਦੀਲੀਆਂ ਦੇ ਹਵਾਲੇ ਨਾਲ ਵਿਸ਼ਲੇਸ਼ਣ ਕੀਤਾ ਗਿਆ ਜਿਵੇਂ ਕਿ ਰੈਵੀਨਿਊ ਮਾਨਤਾ, ਵਿੱਤੀ ਸਾਧਨਾਂ ਅਤੇ ਜਾਇਦਾਦ ਦਾ ਮੁਲਾਂਕਣ, ਪਲਾਂਟ ਅਤੇ ਉਪਕਰਣ (ਪੀ ਪੀ ਈ) ਦਾ ਮੁਲਾਂਕਣ, ਕਰਮਚਾਰੀਆਂ ਦੇ ਲਾਭਾਂ ਦੀ ਗਣਨਾ ਅਤੇ ਕਾਰੋਬਾਰ ਦੇ ਜੋੜਾਂ ਦਾ ਲੇਖਾ ਜੋਖਾ।

## 6.6 ਇੰਡ ਏ ਐਸ ਨੂੰ ਅਪਣਾਉਣ ਦੀ ਸਥਿਤੀ

ਪੰਦਰ੍ਹਾਂ ਐਸ ਪੀ ਐਸ ਈਜ਼ ਜਿਨ੍ਹਾਂ ਨੂੰ ਇੰਡ ਏ ਐਸ ਨੂੰ ਅਪਣਾਉਣ ਦੀ ਲੋੜ ਸੀ ਵਿੱਚੋਂ, ਅੱਠ ਐਸ ਪੀ ਐਸ ਈਜ਼ (ਦੋ[3] ਐਸ ਪੀ ਐਸ ਈਜ਼ ਸਮੇਤ ਜਿੱਥੇ ਵਪਾਰਕ ਗਤੀਵਿਧੀਆਂ ਸ਼ੁਰੂ ਨਹੀਂ ਹੋਈਆਂ ਹਨ) ਨੇ ਇੰਡ ਏ ਐਸ ਨੂੰ ਅਪਣਾਇਆ ਹੈ ਅਤੇ ਬਾਕੀ ਸੱਤ ਐਸ ਪੀ ਐਸ ਈਜ਼

---

1 ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਡ (ਪੀ ਐਸ ਪੀ ਸੀ ਐਲ) ਅਤੇ ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ (ਪੀ ਐਸ ਟੀ ਸੀ ਐਲ)।

2 ਪੰਜਾਬ ਰਾਜ ਕੰਨਟੇਨਰ ਅਤੇ ਵੇਅਰਹਾਊਸਿੰਗ ਕਾਰਪੋਰੇਸ਼ਨ ਲਿਮਟਡ (ਕੰਨਵੇਅਰ), ਪੰਜਾਬ ਇਨਫਰਮੇਸ਼ਨ ਅਤੇ ਕਮਿਊਨੀਕੇਸ਼ਨ ਤਕਨਾਲੋਜੀ ਕਾਰਪੋਰੇਸ਼ਨ ਲਿਮਟਡ (ਪੰਜਾਬ ਇਨਫੋਟੈਕ), ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਲਿਮਟਡ (ਪੀ ਐਸ ਆਈ ਡੀ ਸੀ), ਪੰਜਾਬ ਰਿਕਾਰਡਰਸ ਲਿਮਟਡ (ਪੀ ਆਰ ਐਲ), ਪੰਜਾਬ ਵੈਂਚਰ ਕੈਪੀਟਲ ਲਿਮਟਡ (ਪੀ ਵੀ ਸੀ ਐਲ), ਪੰਜਾਬ ਵੈਂਚਰ ਇਨਵੈਸਟਰਸ ਟ੍ਰਸਟ ਲਿਮਟਡ (ਪੀ ਵੀ ਆਈ ਟੀ ਐਲ), ਪੰਜਾਬ ਥਰਮਲ ਜਨਰੇਸ਼ਨ ਲਿਮਟਡ (ਪੀ ਟੀ ਜੀ ਐਲ), ਗਿੱਦੜਬਾਹਾ ਪਾਵਰ ਲਿਮਟਡ (ਜੀ ਪੀ ਐਲ), ਪੰਜਾਬ ਬਾਇਓ-ਮੈਡੀਕਲ ਇਕਯੂਪਮੈਂਟਸ ਲਿਮਟਡ (ਪੀ ਬੀ ਐਮ ਈ ਐਲ), ਪੰਜਾਬ ਪਾਵਰ ਪੈਕਸ ਲਿਮਟਡ (ਪੀ ਪੀ ਪੀ ਐਲ) ਅਤੇ ਇਲੈਕਟ੍ਰਾਨਿਕ ਸਿਸਟਮਸ ਪੰਜਾਬ ਲਿਮਟਡ (ਈ ਐਸ ਪੀ ਐਲ)।

3 ਪੀ ਟੀ ਜੀ ਐਲ ਅਤੇ ਜੀ ਪੀ ਐਲ- ਹੋਲਡਿੰਗ ਕੰਪਨੀ ਪੀ ਐਸ ਪੀ ਸੀ ਐਲ ਦੁਆਰਾ ਸਮਾਪਤ ਕਰਨ ਲਈ ਵਿਚਾਰ ਅਧੀਨ ਹਨ।

(ਇੱਕ[4] ਕਾਰਜਸ਼ੀਲ ਅਤੇ ਛੇ[5] ਗੈਰ ਕਾਰਜਸ਼ੀਲ/ਲਿਕਵੀਡੇਸ਼ਨ ਦੇ ਅਧੀਨ ਐਸ ਪੀ ਐਸ ਈਜ਼ ਸ਼ਾਮਲ ਹਨ) ਨੇ ਇੰਡ ਏ ਐਸ ਨੂੰ ਨਹੀਂ ਅਪਣਾਇਆ ਹੈ।

ਤਿੰਨ[6] ਐਸ ਪੀ ਐਸ ਈਜ਼ ਜਿਨ੍ਹਾਂ ਦੇ ਲੇਖੇ ਬਕਾਇਆ ਸਨ ਅਤੇ ਇੰਡ ਏ ਐਸ ਨੂੰ ਅਪਣਾਇਆ ਨਹੀਂ ਹੈ ਲਿਕਵੀਡੇਸ਼ਨ ਦੇ ਅਧੀਨ ਸਨ।

ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਲਿਮਟਡ (ਪੀ ਐਸ ਆਈ ਡੀ ਸੀ) ਨੂੰ ਇੰਡ ਏ ਐਸ ਨੂੰ ਅਪਣਾਉਣਾ ਜ਼ਰੂਰੀ ਸੀ ਕਿਉਂਕਿ ਉਸ ਦੀ ਸੰਯੁਕਤ ਉੱਦਮ ਕੰਪਨੀ ਪੰਜਾਬ ਵੈਂਚਰ ਕੈਪੀਟਲ ਲਿਮਟਡ (ਪੀ ਵੀ ਸੀ ਐਲ) ਨੂੰ ਇੰਡ ਏ ਐਸ ਅਪਣਾਉਣਾ ਜ਼ਰੂਰੀ ਸੀ। ਹਾਲਾਂਕਿ, ਪੀ ਐਸ ਆਈ ਡੀ ਸੀ ਨੇ ਇੰਡ ਏ ਐਸ ਨੂੰ ਨਹੀਂ ਅਪਣਾਇਆ ਹੈ।

## 6.7 ਇੰਡ ਏ ਐਸ ਨੂੰ ਪਹਿਲੀ ਵਾਰ ਅਪਣਾਉਣ ਦੀ ਸਮੀਖਿਆ

ਇੰਡ ਏ ਐਸ 101- ਇੰਡ ਏ ਐਸ ਨੂੰ ਪਹਿਲੀ ਵਾਰ ਅਪਣਾਉਣਾ ਦੇ ਅਨੁਸਾਰ, ਇਕ ਇਕਾਈ ਇਹ ਦੱਸੇਗੀ ਕਿ ਆਈ ਜੀ ਏ ਏ ਪੀ ਤੋਂ ਇੰਡ ਏ ਐਸ ਵਿੱਚ ਤਬਦੀਲੀ ਨੇ ਇਸ ਦੀ ਬੈਲੈਂਸ ਸ਼ੀਟ, ਵਿੱਤੀ ਕਾਰਗੁਜ਼ਾਰੀ ਅਤੇ ਨਕਦ ਦੇ ਪ੍ਰਵਾਹ ਨੂੰ ਕਿਵੇਂ ਪ੍ਰਭਾਵਤ ਕੀਤਾ। ਅੱਠ ਐਸ ਪੀ ਐਸ ਈਜ਼ ਜਿਨ੍ਹਾਂ ਨੇ ਇੰਡ ਏ ਐਸ ਨੂੰ ਅਪਣਾਇਆ ਹੈ, ਦੀ ਸਥਿਤੀ ਹੇਠਾਂ ਅਨੁਸਾਰ ਸੀ:

ਇਸ ਜ਼ਰੂਰਤ ਦੇ ਅਨੁਸਾਰ, ਚਾਰ[7] ਐਸ ਪੀ ਐਸ ਈਜ਼ ਨੇ 31 ਮਾਰਚ 2017 ਨੂੰ ਖਤਮ ਹੋਏ ਸਾਲ ਲਈ ਆਪਣੇ ਵਿੱਤੀ ਵਿਵਰਣਾਂ ਅਤੇ ਦੋ ਐਸ ਪੀ ਐਸ ਈਜ਼ (ਪੀ ਐਸ ਆਈ ਈ ਸੀ ਅਤੇ ਪੀ ਸੀ ਐਲ) ਨੇ 31 ਮਾਰਚ 2018 ਨੂੰ ਨੋਟਾਂ ਦੇ ਜ਼ਰੀਏ, ਉਨ੍ਹਾਂ ਦੀ ਬੈਲੈਂਸ ਸ਼ੀਟ ਅਤੇ ਲਾਭ ਅਤੇ ਹਾਨੀ ਦੇ ਵਿਵਰਣ ਤੇ ਇੰਡ ਏ ਐਸ ਨੂੰ ਅਪਣਾਉਣ ਦੇ ਪ੍ਰਭਾਵ ਦਾ ਖੁਲਾਸਾ ਕੀਤਾ ਹੈ।

ਹਾਲਾਂਕਿ, ਦੋ ਐਸ ਪੀ ਐਸ ਈਜ਼ (ਪੰਜਾਬ ਇਨਫੋਟੈਕ ਅਤੇ ਪੀ ਟੀ ਜੀ ਐਲ) ਨੇ ਆਪਣੇ ਲੇਖਿਆਂ ਦੇ ਨੋਟਾਂ ਵਿੱਚ ਬੈਲੈਂਸ ਸ਼ੀਟ ਅਤੇ ਲਾਭ ਅਤੇ ਹਾਨੀ ਦੇ ਖਾਤੇ ਤੇ ਇੰਡ ਏ ਐਸ ਅਪਣਾਉਣ ਦੇ ਪ੍ਰਭਾਵ ਦੇ ਸੰਬੰਧ ਵਿੱਚ ਕਿਸੇ ਤੱਥ/ਜਾਣਕਾਰੀ ਦਾ ਖੁਲਾਸਾ ਨਹੀਂ ਕੀਤਾ ਸੀ।

### 6.7.1 *ਇੰਡ ਏ ਐਸ ਨੂੰ ਪਹਿਲੀ ਵਾਰ ਅਪਣਾਉਣ ਲਈ ਵਿਕਲਪਿਕ ਛੋਟ ਅਤੇ ਲਾਜ਼ਮੀ ਛੋਟ*

ਇੰਡ ਏ ਐਸ 101, ਇੰਡ ਏ ਐਸ ਦੇ ਪੂਰਵ-ਅਨੁਪ੍ਰਯੋਗਤਾ ਦੇ ਆਮ ਸਿਧਾਂਤ ਲਈ ਵਿਕਲਪਿਕ ਛੋਟਾਂ ਅਤੇ ਜ਼ਰੂਰੀ ਛੋਟਾਂ ਦੀ ਵਿਵਸਥਾ ਕਰਦਾ ਹੈ। ਲਾਜ਼ਮੀ ਛੋਟਾਂ, ਇੰਡ ਏ ਐਸ 10 ਦੇ ਕੁੱਝ ਪਹਿਲੂਆਂ ਦੇ ਪੂਰਵ-ਅਨੁਪ੍ਰਯੋਗ ਸੰਬੰਧੀ ਲਾਗੂਕਰਨ ਨਾਲ ਸੰਬੰਧਿਤ ਹਨ - ਰਿਪੋਰਟਿੰਗ ਅਵਧੀ ਤੋਂ ਬਾਅਦ ਦੀਆਂ ਘਟਨਾਵਾਂ, ਇੰਡ ਏ ਐਸ 109- ਵਿੱਤੀ ਸਾਧਨਾਂ ਅਤੇ ਇੰਡ ਏ ਐਸ 110- ਇਕੱਤਰ ਵਿੱਤੀ ਵਿਵਰਣਾਂ। ਵਿਕਲਪਿਕ ਛੋਟਾਂ ਵਿੱਚ ਹੇਠ ਲਿਖੀਆਂ ਛੋਟਾਂ ਸ਼ਾਮਲ ਹਨ:

---

4 ਪੀ ਐਸ ਆਈ ਡੀ ਸੀ।

5 ਪੀ ਆਰ ਐਲ, ਪੀ ਵੀ ਸੀ ਐਲ, ਪੀ ਵੀ ਆਈ ਟੀ ਐਲ, ਪੀ ਬੀ ਐਮ ਈ ਐਲ, ਪੀ ਪੀ ਪੀ ਐਲ ਅਤੇ ਈ ਐਸ ਪੀ ਐਲ।

6 ਪੀ ਬੀ ਐਮ ਈ ਐਲ, ਪੀ ਪੀ ਪੀ ਐਲ ਅਤੇ ਈ ਐਸ ਪੀ ਐਲ।

7 ਪੀ ਐਸ ਪੀ ਸੀ ਐਲ, ਪੀ ਐਸ ਟੀ ਸੀ ਐਲ, ਕੰਨਵੇਅਰ ਅਤੇ ਜੀ ਪੀ ਐਲ।

### (i) ਇੰਡ ਏ ਐਸ 16 – ਸੰਪਤੀ, ਪਲਾਂਟ ਅਤੇ ਉਪਕਰਣ (ਪੀ ਪੀ ਈ)

ਇੰਡ ਏ ਐਸ, ਪਹਿਲੀ ਵਾਰ ਅਪਣਾਉਣ ਵਾਲੇ ਨੂੰ ਆਪਣੀ ਸੰਪਤੀ, ਪਲਾਂਟ ਅਤੇ ਉਪਕਰਣ (ਪੀ ਪੀ ਈ) ਅਤੇ ਅਮੂਰਤ ਸੰਪਤੀਆਂ, ਜਿਵੇਂ ਕਿ ਵਿੱਤੀ ਵਿਵਰਣਾਂ ਵਿੱਚ ਮਾਨਤਾ ਦਿੱਤੀ ਗਈ ਹੈ ਜਿਵੇਂ ਕਿ ਇੰਡ ਏ ਐਸ ਵਿੱਚ ਤਬਦੀਲੀ ਦੀ ਮਿਤੀ ਤੇ ਆਈ ਜੀ ਏ ਏ ਪੀ ਦੇ ਤੌਰ ਤੇ ਮਾਪਿਆ ਗਿਆ ਹੈ ਅਤੇ ਇਸ ਨੂੰ ਤਬਦੀਲੀ ਦੀ ਮਿਤੀ ਤੇ ਡੀਕਮਿਸ਼ਨਿੰਗ ਦੀਆਂ ਜ਼ਿੰਮੇਵਾਰੀਆਂ ਲਈ ਜ਼ਰੂਰੀ ਤਬਦੀਲੀਆਂ ਕਰਨ ਤੋਂ ਬਾਅਦ ਇਸਦੀ ਮੰਨੀ ਕੀਮਤ ਵੱਜੋਂ ਵਰਤਿਆ ਜਾ ਰਿਹਾ ਹੈ, ਦੇ ਜਾਰੀ ਰੱਖਣ ਲਈ ਆਗਿਆ ਦਿੰਦਾ ਹੈ। ਸੰਪਤੀ ਦੀ ਅਡਜੱਸਟ ਕੀਤੀ ਗਈ ਘਟਾਈ ਰਕਮ ਇਸਦੇ ਬਾਕੀ ਰਹਿੰਦੇ ਲਾਭਕਾਰੀ ਜੀਵਨ ਨਾਲੋਂ ਸੰਭਾਵਤ ਤੌਰ ਤੇ ਘਟਾਈ ਜਾਂਦੀ ਹੈ।

ਲੇਖਾ ਪ੍ਰੀਖਿਆ ਵਿਸ਼ਲੇਸ਼ਣ ਤੋਂ ਇਹ ਸਾਹਮਣੇ ਆਇਆ ਹੈ ਕਿ ਅੱਠ ਐਸ ਪੀ ਐਸ ਈਜ਼ ਵਿੱਚੋਂ ਸੱਤ ਐਸ ਪੀ ਐਸ ਈਜ਼[8] ਨੇ ਪੀ ਪੀ ਈ ਦਾ ਮੁੱਲ ਲਾਗਤ ਮੁੱਲ ਤੇ ਅਪਣਾਉਣ ਦੀ ਚੋਣ ਕੀਤੀ ਹੈ ਅਤੇ ਇੱਕ ਐਸ ਪੀ ਐਸ ਈ (ਪੀ ਟੀ ਜੀ ਐਲ) ਨੇ ਪੀ ਪੀ ਈ ਦੇ ਮੁਲਾਂਕਣ ਸੰਬੰਧੀ ਤੱਥ ਦਾ ਖੁਲਾਸਾ ਨਹੀਂ ਕੀਤਾ ਸੀ।

### (ii) ਇੰਡ ਏ ਐਸ 27 – ਵੱਖਰੇ ਵਿੱਤੀ ਵਿਵਰਣ

ਇੰਡ ਏ ਐਸ 101 ਦੇ ਪੈਰ੍ਹਾ ਡੀ-14 ਅਤੇ ਡੀ-15 ਦੇ ਅਨੁਸਾਰ, ਵੱਖਰੇ ਵਿੱਤੀ ਵਿਵਰਣਾਂ ਦੇ ਮਾਮਲੇ ਵਿੱਚ, ਇੰਡ ਏ ਐਸ 27 ਦੇ ਅਨੁਸਾਰ, ਇੱਕ ਇਕਾਈ ਉਸਦੀ ਸਹਿਯੋਗੀ ਕੰਪਨੀਆਂ, ਸਾਂਝੇ ਤੌਰ ਤੇ ਨਿਯੰਤਰਿਤ ਇਕਾਈਆਂ ਅਤੇ ਸਹਿਯੋਗੀਆਂ ਵਿੱਚ ਆਪਣੇ ਨਿਵੇਸ਼ਾਂ ਦਾ ਜਾਂ ਤਾਂ ਲਾਗਤ ਤੇ ਜਾਂ ਇੰਡ ਏ ਐਸ 39 ਦੇ ਅਨੁਸਾਰ, ਲੇਖਾ ਦੇਵੇਗੀ। ਜੇ ਪਹਿਲੀ ਵਾਰ ਅਪਣਾਉਣ ਵਾਲਾ ਨਿਵੇਸ਼ ਨੂੰ ਇੰਡ ਏ ਐਸ 27 ਦੇ ਅਨੁਸਾਰ ਲਾਗਤ ਤੇ ਮਾਪਦਾ ਹੈ ਤਾਂ ਇਹ ਅਜਿਹੇ ਨਿਵੇਸ਼ ਨੂੰ ਜਾਂ ਤਾਂ ਲਾਗਤ ਜਾਂ ਡੀਮਡ ਲਾਗਤ ਤੇ ਆਪਣੇ ਵੱਖਰੇ ਪਹਿਲੇ ਇੰਡ ਏ ਐਸ ਬੈਲੈਂਸ ਸ਼ੀਟ ਵਿੱਚ ਮਾਪੇਗਾ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਸਹਿਯੋਗੀ ਕੰਪਨੀਆਂ[9] ਵਿੱਚ ਨਿਵੇਸ਼ ਰੱਖਣ ਵਾਲੀਆਂ ਚਾਰ ਐਸ ਪੀ ਐਸ ਈਜ਼ ਨੇ ਸਹਾਇਕ/ਸਹਿਯੋਗੀ ਇਕਾਈਆਂ ਵਿੱਚ ਨਿਵੇਸ਼ ਨੂੰ ਪਿਛਲੇ ਮੁੱਲ/ਲਾਗਤ ਮੁੱਲ ਤੇ ਮਾਪਣ ਦੀ ਚੋਣ ਕੀਤੀ ਹੈ।

### (iii) ਇੰਡ ਏ ਐਸ 109 – ਵਿੱਤੀ ਉਪਕਰਣ

ਇੰਡ ਏ ਐਸ 101 ਇੱਕ ਇਕਾਈ ਨੂੰ ਤਬਦੀਲੀ ਦੀ ਮਿਤੀ ਤੇ ਮੌਜੂਦ ਤੱਥਾਂ ਅਤੇ ਹਾਲਾਤਾਂ ਦੇ ਅਧਾਰ ਤੇ ਇੰਡ ਏ ਐਸ 109 ਦੇ ਅਨੁਸਾਰ ਉਚਿਤ ਮੁੱਲ ਤੇ ਮਾਪੇ ਇੱਕ ਇਕਵਟੀ ਸਾਧਨ ਵਿੱਚ ਵਿੱਤੀ ਸੰਪਤੀ ਅਤੇ ਨਿਵੇਸ਼ ਨੂੰ ਮਨੋਨੀਤ ਕਰਨ ਦੀ ਆਗਿਆ ਦਿੰਦਾ ਹੈ।

ਲੇਖਾ ਪ੍ਰੀਖਿਆ ਵਿਸ਼ਲੇਸ਼ਣ ਤੋਂ ਇਹ ਸਾਹਮਣੇ ਆਇਆ ਹੈ ਕਿ ਅੱਠ ਐਸ ਪੀ ਐਸ ਈਜ਼ ਵਿੱਚੋਂ ਪੰਜ ਐਸ ਪੀ ਐਸ ਈਜ਼[10] ਨੇ ਉਚਿਤ ਮੁੱਲ ਤੇ ਇਕਵਟੀ ਦਾ ਮੁਲਾਂਕਣ ਕੀਤਾ ਸੀ ਅਤੇ ਤਿੰਨ[11] ਐਸ ਪੀ ਐਸ ਈਜ਼ ਨੇ ਇਕਵਟੀ ਦੇ ਮੁਲਾਂਕਣ ਲਈ ਆਪਣੀ ਨੀਤੀ ਦਾ ਖੁਲਾਸਾ ਨਹੀਂ ਕੀਤਾ ਸੀ।

---

8 ਪੀ ਐਸ ਪੀ ਸੀ ਐਲ, ਪੀ ਐਸ ਟੀ ਸੀ ਐਲ, ਪੀ ਸੀ ਐਲ, ਕੰਨਵੇਅਰ, ਪੀ ਐਸ ਆਈ ਈ ਸੀ, ਪੰਜਾਬ ਇਨਫੋਟੈਕ ਅਤੇ ਜੀ ਪੀ ਐਲ।

9 ਪੀ ਐਸ ਪੀ ਸੀ ਐਲ, ਕੰਨਵੇਅਰ, ਪੀ ਸੀ ਐਲ ਅਤੇ ਪੰਜਾਬ ਇਨਫੋਟੈਕ।

10 ਪੀ ਐਸ ਪੀ ਸੀ ਐਲ, ਪੀ ਐਸ ਟੀ ਸੀ ਐਲ, ਕੰਨਵੇਅਰ, ਪੀ ਐਸ ਆਈ ਈ ਸੀ ਅਤੇ ਪੀ ਸੀ ਐਲ।

11 ਪੰਜਾਬ ਇਨਫੋਟੈਕ, ਜੀ ਪੀ ਐਲ ਅਤੇ ਪੀ ਟੀ ਜੀ ਐਲ।

## 6.8 ਚੁਣੇ ਪ੍ਰਮੁੱਖ ਖੇਤਰਾਂ ਤੇ ਇੰਡ ਏ ਐਸ ਦੇ ਲਾਗੂਕਰਨ ਦਾ ਪ੍ਰਭਾਵ

ਇੰਡ ਏ ਐਸ ਦੀਆਂ ਵੱਖ-ਵੱਖ ਵਿਵਸਥਾਵਾਂ ਦਾ ਲਾਗੂਕਰਨ ਟੈਕਸ ਤੋਂ ਬਾਅਦ ਦੇ ਲਾਭ (ਪੀ ਏ ਟੀ), ਰੈਵੀਨਿਊ, ਕੁੱਲ ਸੰਪਤੀਆਂ ਅਤੇ ਨਿਰੋਲ ਮੁੱਲ ਦੇ ਮੁਲਾਂਕਣ ਨੂੰ ਪ੍ਰਭਾਵਿਤ ਕਰ ਸਕਦਾ ਹੈ। ਐਸ ਪੀ ਐਸ ਈਜ਼ ਦੁਆਰਾ ਇੰਡ ਏ ਐਸ ਨੂੰ ਅਪਣਾਉਣ ਸਮੇਂ ਚੁਣੇ ਵਿਕਲਪਾਂ ਦੇ ਅਧਾਰ ਤੇ ਮੁੱਲ ਵੱਧ ਜਾਂ ਘੱਟ ਸਕਦੇ ਹਨ। ਇੰਡ ਏ ਐਸ ਦੀਆਂ ਵੱਖ-ਵੱਖ ਵਿਵਸਥਾਵਾਂ ਦੀ ਪਾਲਣਾ ਦੀ ਸਮੀਖਿਆ ਦੇ ਨਤੀਜੇ ਅਤੇ ਇਹਨਾਂ ਅੱਠ ਐਸ ਪੀ ਐਸ ਈਜ਼ ਦੇ ਸਬੰਧ ਵਿੱਚ ਇਸ ਦੇ ਲਾਗੂਕਰਨ ਦੇ ਪ੍ਰਭਾਵ ਹੇਠਾਂ ਦਿੱਤੇ ਗਏ ਹਨ:

### 6.8.1 *ਟੈਕਸ ਤੋਂ ਬਾਅਦ ਦੇ ਲਾਭ (ਪੀ ਏ ਟੀ) ਤੇ ਪ੍ਰਭਾਵ*

ਟੈਕਸ ਤੋਂ ਬਾਅਦ ਦੇ ਲਾਭ (ਪੀ ਏ ਟੀ) ਤੇ ਇੰਡ ਏ ਐਸ ਨੂੰ 1 ਅਪ੍ਰੈਲ 2016 ਨੂੰ ਜਾਂ ਉਸ ਤੋਂ ਬਾਅਦ ਦੀ ਲੇਖਾ ਮਿਆਦਾਂ ਲਈ ਵਿੱਤੀ ਵਿਵਰਣਾਂ ਲਈ, 31 ਮਾਰਚ 2016 ਨੂੰ ਖਤਮ ਜਾਂ ਉਸ ਤੋਂ ਬਾਅਦ ਦੇ ਲੇਖਾ ਅਵਧੀਆਂ ਦੇ ਤੁਲਨਾਤਮਕ ਸਹਿਤ ਅਪਣਾਉਣ ਜਾਂ ਚੁਣੇ ਗਏ ਐਸ ਪੀ ਐਸ ਈਜ਼ ਵਿੱਚ ਅਪਣਾਏ ਗਏ ਇੰਡ ਏ ਐਸ ਦਾ ਪ੍ਰਭਾਵ ਹੇਠਾਂ ਦਿੱਤਾ ਗਿਆ ਹੈ:

**ਸਾਰਣੀ 6.1: ਪੀ ਏ ਟੀ ਤੇ ਇੰਡ ਏ ਐਸ ਨੂੰ ਅਪਣਾਉਣ ਦਾ ਐਸ ਪੀ ਐਸ ਈ ਵਾਰ ਪ੍ਰਭਾਵ**

(₹ ਕਰੋੜਾਂ ਵਿੱਚ)

| ਲੜੀ ਨੰ. | ਐਸ ਪੀ ਐਸ ਈਜ਼ ਦਾ ਨਾਂ | ਹਾਨੀ ਵਿੱਚ ਕਮੀ | ਹਾਨੀ ਵਿੱਚ ਵਾਧਾ | ਪੀ ਏ ਟੀ ਵਿੱਚ ਕਮੀ | ਪੀ ਏ ਟੀ ਵਿੱਚ ਵਾਧਾ | ਨਿਰੋਲ ਪ੍ਰਭਾਵ |
|---|---|---|---|---|---|---|
| 1. | ਪੀ ਐਸ ਪੀ ਸੀ ਐਲ | 50.12 | - | - | - | 50.12 |
| 2. | ਪੀ ਐਸ ਟੀ ਸੀ ਐਲ | - | - | - | 9.76 | 9.76 |
| 3. | ਪੀ ਸੀ ਐਲ | - | 0.94 | - | - | 0.94 |
| 4. | ਕੰਨਵੇਅਰ | - | - | - | 0.13 | 0.13 |

*ਸਰੋਤ: ਐਸ ਪੀ ਐਸ ਈਜ਼ ਦੇ ਸਾਲਾਨਾ ਲੇਖਿਆਂ ਤੋਂ ਕੰਪਾਇਲ ਕੀਤਾ।*

ਚਾਰ ਐਸ ਪੀ ਐਸ ਈਜ਼[12] ਦੇ ਮਾਮਲਿਆਂ ਵਿੱਚ, ਇੰਡ ਏ ਐਸ ਨੂੰ ਅਪਣਾਉਣ ਕਾਰਨ ਪੀ ਏ ਟੀ ਵਿੱਚ ਕੋਈ ਤਬਦੀਲੀ ਨਹੀਂ ਦੱਸੀ ਗਈ।

### 6.8.2 *ਪੀ ਏ ਟੀ/ ਹਾਨੀ ਵਿੱਚ ਵਾਧਾ/ਕਮੀ ਵਿੱਚ ਯੋਗਦਾਨ ਪਾਉਣ ਵਾਲੇ ਕਾਰਕ*

ਇੰਡ ਏ ਐਸ ਨੂੰ ਅਪਣਾਉਣ ਦੇ ਨਾਲ ਰੈਵੀਨਿਊ, ਖਰਚੇ, ਸੰਪਤੀਆਂ ਅਤੇ ਦੇਣਦਾਰੀ ਦੀਆਂ ਵੱਖੋ ਵੱਖਰੀਆਂ ਆਈਟਮਜ਼ ਦੇ ਮੁਲਾਂਕਣ ਵਿੱਚ ਤਬਦੀਲੀ ਐਸ ਪੀ ਐਸ ਈਜ਼ ਦੇ ਪੀ ਏ ਟੀ ਨੂੰ ਪ੍ਰਭਾਵਿਤ ਕਰ ਸਕਦਾ ਹੈ। ਹੇਠਾਂ ਦਿੱਤੇ ਕਾਰਕਾਂ ਨੇ ਐਸ ਪੀ ਐਸ ਈ ਵਾਰ ਪੀ ਏ ਟੀ ਨੂੰ ਵਧਾਉਣ/ ਘਟਾਉਣ ਵਿੱਚ ਯੋਗਦਾਨ ਪਾਇਆ:

(ੳ) **ਕੰਨਵੇਅਰ** - ਰੋਜ਼ਗਾਰ ਤੋਂ ਬਾਅਦ ਦੇ ਲਾਭਾਂ ਪ੍ਰਤੀ ਦੇਣਦਾਰੀਆਂ ਦੇ ਮੁਲਾਂਕਣ ਵਿੱਚ ਤਬਦੀਲੀ ਕਾਰਣ ਲਾਭ ਵਿੱਚ ₹ 0.03 ਕਰੋੜ ਦਾ ਵਾਧਾ ਹੋਇਆ ਅਤੇ ਬਾਕੀ ਕੰਪਨੀ ਦੇ ਕਰਮਚਾਰੀ ਲਾਭ ਖਰਚਿਆਂ ਨਾਲ ਨਜਿੱਠਣ ਲਈ ਇੰਡ ਏ ਐਸ 19 ਨੂੰ ਅਪਣਾਉਣ ਤੋਂ ਬਾਅਦ ਟੈਕਸ ਦੀ ਵਿਵਸਥਾ (₹ 0.16 ਕਰੋੜ) ਵਿੱਚ ਬਦਲਾਅ ਦੇ ਕਰਕੇ ਹੋਇਆ।

---

12 ਪੀ ਐਸ ਆਈ ਈ ਸੀ, ਪੰਜਾਬ ਇਨਫੋਟੈਕ, ਜੀ ਪੀ ਐਲ ਅਤੇ ਪੀ ਟੀ ਜੀ ਐਲ।

(ਅ) **ਪੀ ਐਸ ਟੀ ਸੀ ਐਲ** - ਲਾਭ ਵਿੱਚ ਇੰਡ ਏ ਐਸ 19 ਨੂੰ ਅਪਣਾਉਣ ਕਾਰਣ ₹ 0.09 ਕਰੋੜ; ਵਿੱਤੀ ਲਾਗਤਾਂ ਸੰਬੰਧੀ ਇੰਡ ਏ ਐਸ 23 ਨੂੰ ਅਪਣਾਉਣ ਤੋਂ ਬਾਅਦ ਵਿੱਤੀ ਖਰਚਿਆਂ ਵਿੱਚ ਸਮਾਯੋਜਨ ਦੇ ਕਾਰਣ ₹ 0.14 ਕਰੋੜ; ਘਟਾਈ ਰਕਮ ਵਿੱਚ ਕਮੀ, ਅਮੋਰਟਾਈਜ਼ੇਸ਼ਨ ਅਤੇ ਇੰਮਪੇਅਰਮੈਂਟ ਖਰਚਿਆਂ ਕਾਰਨ ₹ 4.27 ਕਰੋੜ; ਅਤੇ ਇੰਡ ਏ ਐਸ ਅਪਣਾਉਣ ਤੋਂ ਬਾਅਦ ਮੁਰੰਮਤ ਅਤੇ ਰੱਖ-ਰਖਾਅ ਵਿੱਚ ਕਮੀ ਦੇ ਕਾਰਨ ₹ 4.76 ਕਰੋੜ ਦਾ ਵਾਧਾ ਹੋਇਆ। ਇੰਡ ਏ ਐਸ ਨੂੰ ਅਪਣਾਉਣ ਤੋਂ ਬਾਅਦ ਪ੍ਰਬੰਧਕੀ ਖਰਚਿਆਂ ਵਿੱਚ ਵਾਧੇ ਕਾਰਣ ₹ 0.13 ਕਰੋੜ ਦਾ ਲਾਭ ਪ੍ਰਭਾਵਿਤ ਹੋਇਆ।

(ੲ) **ਪੀ ਐਸ ਪੀ ਸੀ ਐਲ** - ਹਾਨੀ ਮੁੱਖ ਤੌਰ ਤੇ ਪਿਛਲੇ ਸਮੇਂ ਦੇ ਖਰਚਿਆਂ ਨੂੰ ਲਾਭ ਅਤੇ ਘਾਟੇ (₹ 35.47 ਕਰੋੜ) ਵਿੱਚ ਨਾ ਲੈਣ; ਅਤੇ ਇੰਡ ਏ ਐਸ ਨੂੰ ਅਪਣਾਉਣ ਤੋਂ ਬਾਅਦ ਵਿਆਜ ਅਤੇ ਵਿੱਤ ਖਰਚਿਆਂ (₹ 20.96 ਕਰੋੜ) ਲਈ ਕੀਤੇ ਗਏ ਵਾਧੂ ਪ੍ਰਬੰਧ ਦੇ ਸਮਾਯੋਜਨ ਕਾਰਣ ਘਟੀ। ਇੰਡ ਏ ਐਸ ਅਪਣਾਉਣ ਤੋਂ ਬਾਅਦ ਕੰਪਨੀ ਦੇ ਮੁਰੰਮਤ ਅਤੇ ਰੱਖ-ਰਖਾਵ ਦੇ ਖਰਚਿਆਂ (₹ 2.05 ਕਰੋੜ) ਵਿੱਚ ਵਾਧੇ; ਇੰਡ ਏ ਐਸ ਅਪਣਾਉਣ ਤੋਂ ਬਾਅਦ ਘਟਾਈ ਰਕਮ ਵਿੱਚ ਘਟਾਓ (₹ 5.45 ਕਰੋੜ) ਅਤੇ ਇੰਡ ਏ ਐਸ ਅਪਣਾਉਣ ਤੋਂ ਬਾਅਦ ਕਰਮਚਾਰੀ ਲਾਭ ਖਰਚਿਆਂ (₹ 3.07 ਕਰੋੜ) ਵਿੱਚ ਸਮਾਯੋਜਨ ਕਾਰਨ ਹਾਨੀ ਵਿੱਚ ਵਾਧਾ ਹੋਇਆ।

(ਸ) **ਪੀ ਸੀ ਐਲ** - ਹਾਨੀ ਵਿੱਚ, ਇੰਡ ਏ ਐਸ 19 ਅਪਣਾਉਣ ਤੋਂ ਬਾਅਦ ਕਰਮਚਾਰੀ ਲਾਭ ਖਰਚਿਆਂ (₹ 0.59 ਕਰੋੜ) ਵਿੱਚ ਸਮਾਯੋਜਨ ਅਤੇ ਇੰਡ ਏ ਐਸ ਨੂੰ ਅਪਣਾਉਣ ਤੋਂ ਬਾਅਦ ਪਰਿਭਾਸ਼ਿਤ ਲਾਭ ਯੋਜਨਾ ਦੇ ਮੁੜ-ਮਾਪ ਅਤੇ ਹੋਰ ਵਿਆਪਕ ਆਮਦਨੀ/ਹਾਨੀ ਦੇ ਅਧੀਨ ਵਿੱਤੀ ਦੇਣਦਾਰੀਆਂ ਦੇ ਉਚਿਤ ਮੁਲਾਂਕਣ (₹ 0.29 ਕਰੋੜ) ਕਾਰਣ ਵਾਧਾ ਹੋਇਆ।

### 6.8.3 *ਰੈਵੀਨਿਊ ਦੀ ਬੁਕਿੰਗ ਤੇ ਇੰਡ ਏ ਐਸ ਨੂੰ ਅਪਣਾਉਣ ਦਾ ਪ੍ਰਭਾਵ*

ਇੰਡ ਏ ਐਸ 18- ਰੈਵੀਨਿਊ ਦੇ ਲੇਖਾ-ਜੋਖਾ ਲਈ ਲਾਗੂ ਇੰਡ ਏ ਐਸ ਹੈ। ਇੰਡ ਏ ਐਸ-18 ਦੇ ਅਧੀਨ ਰੈਵੀਨਿਊ ਦੀ ਪਰਿਭਾਸ਼ਾ ਸਾਰੇ ਉਨ੍ਹਾਂ ਆਰਥਿਕ ਲਾਭਾਂ ਨੂੰ ਕਵਰ ਕਰਦੀ ਹੈ ਜੋ ਕਿਸੇ ਇਕਾਈ ਦੀਆਂ ਸਧਾਰਣ ਗਤੀਵਿਧੀਆਂ ਵਿੱਚ ਪੈਦਾ ਹੁੰਦੇ ਹਨ ਅਤੇ ਜਿਸਦਾ ਨਤੀਜਾ, ਨਿਰੋਲ ਸੰਪਤੀ ਵਾਲੇ ਭਾਗੀਦਾਰਾਂ ਦੇ ਯੋਗਦਾਨ ਨਾਲ ਜੁੜੇ ਵਾਧੇ ਤੋਂ ਇਲਾਵਾ, ਨਿਰੋਲ ਮੁੱਲ ਵਿੱਚ ਵਾਧਾ ਹੁੰਦਾ ਹੈ। ਹਾਲਾਂਕਿ ਆਈ ਜੀ ਏ ਏ ਪੀ (ਏ ਐਸ 9- ਰੈਵੀਨਿਊ ਰੀਕੋਗਨੀਸ਼ਨ) ਅਨੁਸਾਰ, ਰੈਵੀਨਿਊ ਨੂੰ ਨਕਦ, ਕਿਸੇ ਇਕਾਈ ਦੀਆਂ ਸਧਾਰਣ ਗਤੀਵਿਧੀਆਂ ਦੇ ਦੌਰਾਨ ਪੈਦਾ ਹੁੰਦੇ ਪ੍ਰਾਪਤ ਹੋਣ ਯੋਗ ਕੀਮਤ ਜਾਂ ਹੋਰ ਕੀਮਤ ਦੇ ਕੁੱਲ ਪ੍ਰਵਾਹ ਦੇ ਤੌਰ ਤੇ ਪਰਿਭਾਸ਼ਤ ਕੀਤਾ ਗਿਆ ਹੈ ਜੋ ਕਿ ਮਾਲ ਦੀ ਵਿਕਰੀ ਤੋਂ, ਸੇਵਾਵਾਂ ਮੁਹੱਈਆ ਕਰਵਾਉਣ ਤੋਂ, ਅਤੇ ਵਿਆਜ, ਰਾਇਲਟੀਜ਼ ਅਤੇ ਲਾਭਅੰਸ਼ ਪੈਦਾ ਕਰਨ ਵਾਲੇ ਇਕਾਈ ਦੇ ਸਰੋਤਾਂ ਦੇ ਦੂਜਿਆਂ ਦੁਆਰਾ ਕੀਤੀ ਗਈ ਵਰਤੋਂ ਤੋਂ ਪੈਦਾ ਹੁੰਦੇ ਹਨ।

ਰੈਵੀਨਿਊ ਦੀ ਬੁਕਿੰਗ (ਇੰਡ ਏ ਐਸ ਦੇ ਅਨੁਸਾਰ) ਤੇ ਇੰਡ ਏ ਐਸ ਨੂੰ 1 ਅਪ੍ਰੈਲ 2016 ਨੂੰ ਜਾਂ ਉਸ ਤੋਂ ਬਾਅਦ ਦੀ ਲੇਖਾ ਮਿਆਦਾਂ ਲਈ ਵਿੱਤੀ ਵਿਵਰਣਾਂ ਲਈ, 31 ਮਾਰਚ 2016 (ਆਈ ਜੀ ਏ ਏ ਪੀ ਅਨੁਸਾਰ) ਨੂੰ ਖਤਮ ਲੇਖਾ ਅਵਧੀਆਂ ਦੇ ਤੁਲਨਾਤਮਕ ਸਹਿਤ, ਚੁਣੇ ਗਏ ਐਸ ਪੀ ਐਸ ਈਜ਼ ਵਿੱਚ ਅਪਣਾਉਣ ਦਾ ਪ੍ਰਭਾਵ **ਸਾਰਣੀ 6.2** ਵਿੱਚ ਦਿੱਤਾ ਗਿਆ ਹੈ:

**ਸਾਰਣੀ 6.2: ਰੈਵੀਨਿਊ ਤੇ ਇੰਡ ਏ ਐਸ ਨੂੰ ਅਪਣਾਉਣ ਦਾ ਐਸ ਪੀ ਐਸ ਈ ਵਾਰ ਪ੍ਰਭਾਵ**

| ਲੜੀ ਨੰ. | ਐਸ ਪੀ ਐਸ ਈ ਦਾ ਨਾਂ | ਰੈਵੀਨਿਊ ਵਿੱਚ ਕਮੀ (₹ ਕਰੋੜਾਂ ਵਿੱਚ) | ਰੈਵੀਨਿਊ ਵਿੱਚ ਵਾਧਾ (₹ ਕਰੋੜਾਂ ਵਿੱਚ) | ਨਿਰੋਲ ਪ੍ਰਭਾਵ (₹ ਕਰੋੜਾਂ ਵਿੱਚ) |
|---|---|---|---|---|
| 1. | ਪੀ ਐਸ ਪੀ ਸੀ ਐਲ | - | 6.52 | 6.52 |
| 2. | ਪੀ ਐਸ ਟੀ ਸੀ ਐਲ | - | 0.37 | 0.37 |
| 3. | ਪੀ ਸੀ ਐਲ | - | 2.52 | 2.52 |

*ਸਰੋਤ: ਐਸ ਪੀ ਐਸ ਈਜ਼ ਦੇ ਸਾਲਾਨਾ ਲੇਖਿਆਂ ਤੋਂ ਕੰਪਾਇਲ ਕੀਤਾ।*

ਦੋ ਐਸ ਪੀ ਐਸ ਈਜ਼ (ਜੀ ਪੀ ਐਲ ਅਤੇ ਪੀ ਟੀ ਜੀ ਐਲ) ਨੇ ਆਪਣੇ ਕੰਮ ਸ਼ੁਰੂ ਨਹੀਂ ਕੀਤੇ ਹਨ, ਇਸ ਲਈ, ਦੋਵਾਂ ਕੰਪਨੀਆਂ ਕੋਲ ਸਾਲ 2016-17 (ਅਤੇ ਪਿਛਲੀ ਮਿਆਦ 2015-16) ਲਈ ਕੋਈ ਰੈਵੀਨਿਊ ਨਹੀਂ ਹੈ। ਤਿੰਨ ਐਸ ਪੀ ਐਸ ਈਜ਼[13] ਦੇ ਰੈਵੀਨਿਊ ਦੀ ਬੁਕਿੰਗ ਤੇ ਇੰਡ ਏ ਐਸ ਨੂੰ ਅਪਣਾਉਣ ਦਾ ਕੋਈ ਪ੍ਰਭਾਵ ਨਹੀਂ ਹੋਇਆ।

### 6.8.4 *ਰੈਵੀਨਿਊ ਵਧਣ/ਘਟਣ ਲਈ ਜ਼ਿੰਮੇਵਾਰ ਕਾਰਕ*

(ੳ) ਊਰਜਾ ਦੀ ਵਿਕਰੀ ਤੋਂ ₹ 6.52 ਕਰੋੜ ਦੇ ਉਚੇਰੇ ਰੈਵੀਨਿਉ ਕਾਰਣ ਪੀ ਐਸ ਪੀ ਸੀ ਐਲ ਦੀ ਰੇਵੀਨਿਊ ਵਧੀ ।

